@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 1 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 1 ਅਪ੍ਰੈਲ 2026, 16 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 146, qpatrika@gmail.com ਫੋਨ : 9971359517 www.qaumipatrika.org

# ਨਾਮਧਾਰੀ ਬਾਬਾ ਦਲੀਪ ਸਿੰਘ ਦੇ ਬਿਆਨ 'ਤੇ ਸਿੱਖ ਕੌਮ ਵਿੱਚ ਭਾਰੀ ਗੁੱਸਾ

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਪਮਾਨ ਦੇ ਦੋਸ਼ਾਂ 'ਚ ਤੁਰੰਤ ਗ੍ਰਿਫ਼ਤਾਰੀ ਦੀ ਮੰਗ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 31 ਮਾਰਚ। ਨਾਮਧਾਰੀ ਪੰਥ ਦੇ ਮੁਖੀ ਬਾਬਾ ਦਲੀਪ ਸਿੰਘ ਨਾਲ ਜੁੜੀ ਇੱਕ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਦੇਸ਼ ਅਤੇ ਵਿਦੇਸ਼ ਵਿੱਚ ਵਸਦੀ ਸਿੱਖ ਕੌਮ ਵਿੱਚ ਭਾਰੀ ਗੁੱਸਾ ਅਤੇ ਆਕ੍ਰੋਸ਼ ਦੇਖਣ ਨੂੰ ਮਿਲ ਰਿਹਾ ਹੈ। ਇਸ ਵੀਡੀਓ ਵਿੱਚ ਦਲੀਪ ਸਿੰਘ ਵੱਲੋਂ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੀਤੇ ਗਏ ਕਥਿਤ ਬਿਆਨਾਂ ਨੂੰ ਲੈ ਕੇ ਸਿੱਖ ਸੰਗਤ ਨੇ ਕੜੀ ਨਿੰਦਾ ਕੀਤੀ ਹੈ ਅਤੇ ਇਸਨੂੰ ਸਿੱਖ ਧਰਮ ਦੀਆਂ ਮੂਲ ਧਾਰਣਾਵਾਂ 'ਤੇ ਸਿੱਧਾ ਹਮਲਾ ਦੱਸਿਆ ਹੈ। ਸਿੱਖ ਧਰਮ ਵਿੱਚ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਲਈ ਜੀਵਤ ਗੁਰੂ ਅਤੇ ਸਰਵੋਚ ਆਤਮਿਕ ਅਧਿਕਾਰ ਮੰਨਿਆ ਜਾਂਦਾ ਹੈ। ਇਸ ਲਈ ਇਸ ਤਰ੍ਹਾਂ ਦੇ ਕਿਸੇ ਵੀ ਬਿਆਨ ਨੂੰ ਸਿੱਖ ਕੌਮ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਦੇਸ਼ ਭਰ ਦੀਆਂ ਸਿੱਖ ਜਥੇਬੰਦੀਆਂ, ਧਾਰਮਿਕ ਆਗੂਆਂ ਅਤੇ ਸਮਾਜਿਕ ਸੰਗਠਨਾਂ ਨੇ ਇਸ ਮਾਮਲੇ 'ਤੇ ਗੰਭੀਰ ਚਿੰਤਾ ਜਤਾਈ ਹੈ। ਕਈ ਜਥੇਬੰਦੀਆਂ ਨੇ ਇਸਨੂੰ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦਾ ਅਪਮਾਨ ਕਰਾਰ ਦਿੱਤਾ ਹੈ ਅਤੇ ਦਲੀਪ ਸਿੰਘ ਦੇ ਬਿਆਨਾਂ ਦੀ ਤਿੱਖੀ ਆਲੋਚਨਾ ਕੀਤੀ ਹੈ। ਵੱਖ-ਵੱਖ ਇਲਾਕਿਆਂ ਤੋਂ ਆ ਰਹੀਆਂ ਆਵਾਜ਼ਾਂ ਵਿੱਚ ਇੱਕਤਾ ਨਜ਼ਰ ਆ ਰਹੀ ਹੈ ਅਤੇ ਸਾਰੇ ਇਹ ਮੰਗ ਕਰ ਰਹੇ ਹਨ ਕਿ ਇਸ ਮਾਮਲੇ ਵਿੱਚ ਕੋਈ ਵੀ ਢਿੱਲ ਨਹੀਂ ਦਿੱਤੀ ਜਾਵੇ। ਸਿੱਖ ਕੌਮ ਅਤੇ ਵੱਖ-ਵੱਖ ਸੰਗਠਨਾਂ ਵੱਲੋਂ ਕੇਂਦਰ ਸਰਕਾਰ ਅਤੇ ਸੰਬੰਧਤ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਦਲੀਪ ਸਿੰਘ ਦੇ ਖਿਲਾਫ ਤੁਰੰਤ ਐਫਆਈਆਰ ਦਰਜ ਕੀਤੀ ਜਾਵੇ। ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਸਮਾਜਿਕ ਸਾਂਝ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਧਾਰਾਵਾਂ ਹੇਠ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਸਿੱਖ ਸੰਗਤ ਵੱਲੋਂ ਇਹ ਵੀ ਜ਼ੋਰ ਦੇ ਨਾਲ ਕਿਹਾ ਜਾ ਰਿਹਾ ਹੈ ਕਿ ਦਲੀਪ ਸਿੰਘ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ। ਸੂਤਰਾਂ ਮੁਤਾਬਕ ਜੇਕਰ ਜਲਦੀ ਕਾਰਵਾਈ ਨਹੀਂ ਕੀਤੀ ਗਈ ਤਾਂ ਦੇਸ਼ ਦੇ ਕਈ ਹਿੱਸਿਆਂ ਵਿੱਚ ਪ੍ਰਦਰਸ਼ਨ ਅਤੇ ਧਰਨੇ ਹੋ ਸਕਦੇ ਹਨ। ਸਿੱਖ ਜਥੇਬੰਦੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਮਾਮਲੇ ਨੂੰ ਨਜ਼ਰਅੰਦਾਜ਼ ਕਰਨ ਨਾਲ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਸੋਸ਼ਲ ਮੀਡੀਆ 'ਤੇ ਵੀ ਇਸ ਮਾਮਲੇ ਨੂੰ ਲੈ ਕੇ ਭਾਰੀ ਗੁੱਸਾ ਵੇਖਣ ਨੂੰ ਮਿਲ ਰਿਹਾ ਹੈ ਅਤੇ ਇਨਸਾਫ ਦੀ ਮੰਗ ਜ਼ੋਰਾਂ 'ਤੇ ਹੈ।



ਇਹ ਮਾਮਲਾ ਇਸ ਲਈ ਵੀ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਸਿੱਖ ਧਰਮ ਵਿੱਚ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਿਮ ਅਤੇ ਸਰਵੋਚ ਗੁਰੂ ਮੰਨਿਆ ਗਿਆ ਹੈ। ਦਸਮੇ ਪਾਤਸ਼ਾਹ ਸ਼?ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਦੀ ਘੋਸ਼ਣਾ ਤੋਂ ਬਾਅਦ ਸਿੱਖ ਕੌਮ ਨੇ ਇਸ ਮਰਯਾਦਾ ਨੂੰ ਸਦਾ ਲਈ ਕਾਇਮ ਰੱਖਿਆ ਹੈ। ਕਈ ਸੀਨੀਅਰ ਸਿੱਖ ਆਗੂਆਂ ਨੇ ਕੌਮ ਨੂੰ ਅਪੀਲ ਕੀਤੀ ਹੈ ਕਿ ਗੁੱਸੇ ਦੇ ਬਾਵਜੂਦ ਅਮਨ ਅਤੇ ਏਕਤਾ ਬਣਾਈ ਰੱਖੀ ਜਾਵੇ ਅਤੇ ਮਾਮਲੇ ਨੂੰ ਕਾਨੂੰਨੀ ਤਰੀਕੇ ਨਾਲ ਹੱਲ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਇਨਸਾਫ ਜ਼ਰੂਰ ਮਿਲਣਾ ਚਾਹੀਦਾ ਹੈ ਪਰ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ। ਨਾਮਧਾਰੀ ਬਾਬਾ ਦਲੀਪ ਸਿੰਘ ਦੇ ਕਥਿਤ ਬਿਆਨਾਂ ਨੂੰ ਲੈ ਕੇ ਉਠਿਆ ਇਹ ਵਿਵਾਦ ਸਿੱਖ ਕੌਮ ਦੀਆਂ ਗਹਿਰੀਆਂ ਧਾਰਮਿਕ ਭਾਵਨਾਵਾਂ ਨੂੰ ਦਰਸਾਉਂਦਾ ਹੈ। ਹੁਣ ਸਭ ਦੀ ਨਿਗਾਹ ਸਰਕਾਰ ਅਤੇ ਪ੍ਰਸ਼ਾਸਨ 'ਤੇ ਹੈ ਕਿ ਉਹ ਇਸ ਮਾਮਲੇ ਵਿੱਚ ਕਿੰਨੀ ਤੇਜ਼ੀ ਅਤੇ ਸਖ਼ਤੀ ਨਾਲ ਕਾਰਵਾਈ ਕਰਦੇ ਹਨ।

## ਹਿਮਾਚਲ ਸਰਕਾਰ ਦਾ ਵੱਡਾ ਫੈਸਲਾ: ਪੰਜਾਬੀਆਂ ਦੇ ਵਿਰੋਧ ਤੋਂ ਬਾਅਦ ਐਂਟਰੀ ਟੈਕਸ ਦਾ ਫੈਸਲਾ ਲਿਆ ਵਾਪਸ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਸ਼ਿਮਲਾ 31 ਮਾਰਚ। ਹਿਮਾਚਲ ਪ੍ਰਦੇਸ਼ ਦੀ ਸੁੱਖੂ ਸਰਕਾਰ ਨੇ ਗੁਆਂਢੀ ਸੂਬਿਆਂ, ਖਾਸ ਕਰਕੇ ਪੰਜਾਬ ਦੇ ਲੋਕਾਂ ਦੇ ਭਾਰੀ ਵਿਰੋਧ ਨੂੰ ਦੇਖਦੇ ਹੋਏ ਐਂਟਰੀ ਟੈਕਸ 'ਚ ਕੀਤੇ ਗਏ ਵਾਧੇ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਵਿਧਾਨ ਸਭਾ 'ਚ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 5 ਸੀਟਰ ਅਤੇ 6 ਤੋਂ 12 ਸੀਟਰ ਵਾਹਨਾਂ 'ਤੇ ਹੁਣ ਪਹਿਲਾਂ ਵਾਲੀਆਂ ਦਰਾਂ ਹੀ ਲਾਗੂ ਰਹਿਣਗੀਆਂ। ਸਰਕਾਰ ਦੇ ਨਵੇਂ ਫੈਸਲੇ ਅਨੁਸਾਰ 5 ਸੀਟਰ ਵਾਹਨਾਂ ਲਈ ਹੁਣ 170 ਰੁਪਏ ਦੀ ਬਜਾਏ ਪਹਿਲਾਂ ਵਾਂਗ ਸਿਰਫ 70 ਰੁਪਏ ਐਂਟਰੀ ਟੈਕਸ ਦੇਣਾ ਹੋਵੇਗਾ। 7 ਤੋਂ 12 ਸੀਟਰ ਵਾਹਨਾਂ ਲਈ 130 ਰੁਪਏ ਦੀ ਬਜਾਏ ਪੁਰਾਣੀ ਦਰ 110 ਰੁਪਏ ਹੀ ਵਸੂਲੀ ਜਾਵੇਗੀ। ਦੱਸਣਯੋਗ ਹੈ ਕਿ ਹਿਮਾਚਲ ਸਰਕਾਰ ਨੇ ਐਂਟਰੀ ਟੈਕਸ 'ਚ 100 ਤੋਂ 280 ਰੁਪਏ ਤੱਕ ਦਾ ਵਾਧਾ ਕੀਤਾ ਸੀ, ਜਿਸ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਦੇ ਸਰਹੱਦੀ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਅਤੇ ਟੈਕਸੀ ਚਾਲਕਾਂ ਨੇ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦੇ ਲੋਕਾਂ ਨੇ ਅੱਜ ਰਾਤ 12 ਵਜੇ ਤੋਂ ਹਿਮਾਚਲ ਦੇ ਐਂਟਰੀ ਪੁਆਇੰਟ ਬੰਦ ਕਰਨ ਦੀ ਚਿਤਾਵਨੀ ਵੀ ਦਿੱਤੀ ਸੀ। ਇਸ ਮੁੱਦੇ ਨੂੰ ਭਾਜਪਾ ਵਿਧਾਇਕ ਰਣਧੀਰ ਸ਼ਰਮਾ ਨੇ ਵਿਧਾਨ ਸਭਾ 'ਚ ਚੁੱਕਿਆ ਸੀ, ਜਿਨ੍ਹਾਂ ਨੇ ਕਿਹਾ ਕਿ ਟੈਕਸ ਵਾਧੇ ਕਾਰਨ ਸਰਹੱਦੀ ਖੇਤਰਾਂ 'ਚ ਕਾਨੂੰਨ ਵਿਵਸਥਾ ਵਿਗੜਨ ਦਾ ਡਰ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਵੀ ਸੰਕੇਤ ਦਿੱਤੇ ਸਨ ਕਿ ਜੇਕਰ ਹਿਮਾਚਲ ਨੇ ਟੈਕਸ ਘੱਟ ਨਾ ਕੀਤਾ ਤਾਂ ਉਹ ਵੀ ਹਿਮਾਚਲ ਦੇ ਵਾਹਨਾਂ 'ਤੇ ਟੈਕਸ ਲਗਾ ਸਕਦੇ ਹਨ।



## ਹੁਣ, ਅਮਰੀਕਾ ਅਤੇ ਯੂਰਪ ਵਾਂਗ ਪੰਜਾਬ ਵਿੱਚ ਮਹਿਜ਼ 6 ਮਿੰਟਾਂ ਵਿੱਚ ਪੁਲਿਸ ਸਹਾਇਤਾ ਮਿਲੇਗੀ : ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਸੰਗਰੂਰ, 31 ਮਾਰਚ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਭਰ ਵਿੱਚ ਜ਼ਮੀਨੀ ਪੱਧਰ 'ਤੇ ਪੁਲਿਸਿੰਗ ਨੂੰ ਮਜ਼ਬੂਤ ਕਰਨ ਲਈ ਸੰਗਰੂਰ ਵਿੱਚ 508 ਐਮਰਜੈਂਸੀ ਰਿਸਪਾਂਸ ਵਹੀਕਲ (ਈਵੀਆਰ) ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਅਮਰੀਕਾ ਅਤੇ ਯੂਰਪ ਵਰਗੇ ਵਿਕਸਤ ਦੇਸ਼ਾਂ ਵਾਂਗ ਮਹਿਜ਼ ਛੇ ਮਿੰਟਾਂ ਵਿੱਚ ਪੁਲਿਸ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨਤ ਤਕਨਾਲੋਜੀ ਨਾਲ



ਲੈਸ ਇਹ ਵਾਹਨ ਡਾਇਲ-112 ਅਧੀਨ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤੇ ਗਏ ਹਨ ਜੋ ਐਮਰਜੈਂਸੀ ਹਾਲਾਤਾਂ ਦੌਰਾਨ ਤੁਰੰਤ ਸਹਾਇਤਾ ਯਕੀਨੀ ਬਣਾਉਣਗੇ। ਇਹ ਤੁਰੰਤ, ਤਕਨਾਲੋਜੀ-ਅਧਾਰਤ ਕਾਨੂੰਨ ਲਾਗੂਕਰਨ ਦੀ ਦਿਸ਼ਾ ਵੱਲ ਇਕ ਅਹਿਮ ਪੁਲਾਂਘ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚਾਰ ਸਾਲਾਂ ਦੌਰਾਨ ਪੁਲਿਸ ਵਾਹਨਾਂ ਲਈ 327.70 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ ਜਿਸ ਨਾਲ ਨਾ ਸਿਰਫ ਫੋਰਸ ਦੇ ਆਧੁਨਿਕੀਕਰਨ ਨਾਲ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕੀਤਾ ਗਿਆ ਹੈ ਸਗੋਂ ਨਸ਼ਾ ਤਸਕਰਾਂ 'ਤੇ ਵੀ ਨਕੇਲ ਕਸੀ ਗਈ ਹੈ। ਬਿਹਤਰ ਸੁਰੱਖਿਆ ਨਿਵੇਸ਼ਕਾਂ ਦੇ ਵਿਸ਼ਵਾਸ ਵਿੱਚ ਵੀ ਵਾਧਾ ਕਰਦੀ ਹੈ ਜੋ ਟਾਟਾ ਸਟੀਲ ਵੱਲੋਂ ਪੰਜਾਬ ਵਿੱਚ ਆਪਣਾ ਦੂਜਾ ਸਭ ਤੋਂ ਵੱਡੇ ਪਲਾਂਟ ਸਥਾਪਤ ਕਰਨ ਲਈ ਕੀਤੇ ਜਾ ਰਹੇ ਵੱਡੇ ਨਿਵੇਸ਼ਾਂ ਤੋਂ ਸਪੱਸ਼ਟ ਹੁੰਦਾ ਹੈ। ਸੰਗਰੂਰ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਕਿਹਾ, "ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਆਖਰੀ ਵਾਰ ਵਜੋਂ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਦਾ ਸਮਾਜਿਕ ਬਾਈਕਾਟ ਕਰਨਾ ਜ਼ਰੂਰੀ ਹੈ।" ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੀੜ੍ਹੀਆਂ ਨੂੰ ਬਰਬਾਦ ਕੀਤਾ ਹੈ ਉਨ੍ਹਾਂ ਨਾਲ ਬਿਲਕੁਲ ਵੀ ਨਰਮੀ ਨਹੀਂ ਵਰਤਣੀ ਚਾਹੀਦੀ। ਉਨ੍ਹਾਂ ਕਿਹਾ, "ਅਜਿਹੇ ਤੱਤਾਂ ਨੂੰ ਸਬਕ ਸਿਖਾਇਆ ਜਾਣਾ ਚਾਹੀਦਾ ਹੈ ਅਤੇ ਇਹਨਾਂ ਦਾ ਸਮਾਜਿਕ ਬਾਈਕਾਟ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਅਹਿਮ ਭੂਮਿਕਾ ਨਿਭਾਏਗਾ। ਸਰਕਾਰ ਦੀ ਸਖ਼ਤ ਕਾਰਵਾਈ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੇ ਵਪਾਰ ਵਿਰੁੱਧ ਸ਼ਿਕੰਜਾ ਕੱਸ ਦਿੱਤਾ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸਜ਼ਾ ਦਰ 87 ਫੀਸਦ ਤੱਕ ਪਹੁੰਚ ਗਈ ਹੈ ਜੋ ਕਿ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਵੱਧ ਹੈ।" ਉਨ੍ਹਾਂ ਕਿਹਾ, "ਯੁੱਧ ਨਸ਼ਿਆਂ ਵਿਰੁੱਧ ਪੰਜਾਬ ਵਿੱਚ ਨਸ਼ਿਆਂ ਦੇ ਨੈੱਟਵਰਕ ਵਿਰੁੱਧ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਸਾਬਤ ਹੋ ਰਹੀ ਹੈ ਜਿਸ ਤਹਿਤ ਸਪਲਾਈ ਚੇਨ ਤੋੜ ਕੇ ਅਤੇ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਇਸ ਗੈਰ-ਕਾਨੂੰਨੀ ਵਪਾਰ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਗਈ ਹੈ। ਲੋਕ ਲਹਿਰ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, ਨਸ਼ਿਆਂ ਵਿਰੁੱਧ ਇਸ ਯੁੱਧ ਨੂੰ ਜਨਤਕ ਸਮਰਥਨ ਨਾਲ ਲੋਕ ਲਹਿਰ ਵਿੱਚ ਬਦਲਣ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਰਣਨੀਤੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ, ਮੌਜੂਦਾ ਸਰਕਾਰ ਨੇ ਤਸਕਰਾਂ ਨੂੰ ਸੂਬੇ ਵਿੱਚ ਪੈਰ ਪਸਾਰਨ ਦੀ ਇਜਾਜ਼ਤ ਦੇਣ ਦੀ ਬਜਾਏ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ, ਸਾਡੀ ਲੜਾਈ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਰੱਖਿਆ ਲਈ ਹੈ ਅਤੇ ਇਹ ਨਿਰੰਤਰ ਜਾਰੀ ਰਹੇਗੀ। 'ਨਸ਼ਾ ਅੱਤਵਾਦ' ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਪੁਲਿਸ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਸਰਗਰਮੀ ਨਾਲ ਮੁਕਾਬਲਾ ਕਰ ਰਹੀ ਹੈ ਅਤੇ ਦੁਸ਼ਮਣ ਤਾਕਤਾਂ ਦਾ ਸਖ਼ਤ ਮੁਕਾਬਲਾ ਕਰਦੇ ਹੋਏ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਪ੍ਰਬੰਧਕੀ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਕਿਹਾ, ਪਹਿਲੀ ਵਾਰ ਜ਼ਮੀਨੀ ਪੱਧਰ ਤੱਕ ਪਹੁੰਚ ਅਪਣਾਈ ਗਈ ਹੈ ਜਿਸ ਤਹਿਤ ਹੁਣ ਸਿਰਫ਼ ਸੀਨੀਅਰ ਅਧਿਕਾਰੀਆਂ ਦੀ ਬਜਾਏ ਜ਼ਮੀਨੀ ਪੱਧਰ 'ਤੇ ਐਸਐਚਓਜ਼ ਨੂੰ ਵਾਹਨ ਪ੍ਰਦਾਨ ਕੀਤੇ ਜਾ ਰਹੇ ਹਨ।

Contd..........page-3

गृह मंत्रालय भारत सरकार

# ਸਾਡੀ ਜਨਗਣਨਾ, ਸਾਡਾ ਵਿਕਾਸ

(ਜਨਗਣਨਾ 2027 ਦਾ ਪਹਿਲਾ ਚਰਣ)

ਭਾਰਤ ਸਰਕਾਰ ਵਲੋਂ ਤੁਹਾਡੇ ਰਾਜ/ਸੰਘ ਰਾਜ ਖੇਤਰ 'ਚ ਮਕਾਨਸੂਚੀਕਰਣ ਅਤੇ ਮਕਾਨਾਂ ਦੀ ਗਣਨਾ ਸ਼ੁਰੂ ਹੋਣ ਜਾ ਰਹੀ ਹੈ ਇਸ ਤੋਂ ਪਹਿਲਾਂ 15 ਦਿਨਾਂ ਦੀ ਵਿਸ਼ੇਸ਼ ਸੁਵਿਧਾ ਦਿੱਤੀ ਜਾ ਰਹੀ ਹੈ, ਜਿਸ 'ਚ ਤੁਸੀਂ ਆਪ ਆਪਣੀ ਜਾਣਕਾਰੀ ਔਨਲਾਈਨ ਭਰ ਸਕਦੇ ਹੋ

ਮੈਂ ਹਾਂ ਪ੍ਰਗਤੀ
ਮੈਂ ਹਾਂ ਵਿਕਾਸ

## ਸਵ-ਗਣਨਾ (Self-Enumeration)

ਸਰਲ ਅਤੇ ਸੁਰੱਖਿਅਤ ਡਿਜਿਟਲ ਸੁਵਿਧਾ

### ਕਿਵੇਂ ਕਰੋ ਸਵ-ਗਣਨਾ ?

- ਅਧਿਕਾਰਿਕ ਪੋਰਟਲ (se.census.gov.in) 'ਤੇ ਜਾਓ
- ਆਪਣੇ ਮੋਬਾਈਲ ਨੰਬਰ ਤੋਂ OTP ਵੱਲੋਂ ਲੱਗਿਨ ਕਰੋ
- ਆਪਣਾ ਰਾਜ, ਜ਼ਿਲ੍ਹਾ ਅਤੇ ਸਥਾਨੀਯ ਵੇਰਵਾ ਚੁਣੋ
- ਡਿਜਿਟਲ ਮਾਨਚਿਤਰ 'ਤੇ ਆਪਣੇ ਘਰ ਦਾ ਸਥਾਨ ਦਾ ਨਿਸ਼ਾਨ ਕਰੋ
- ਮਕਾਨ ਅਤੇ ਪਰਿਵਾਰ ਤੋਂ ਸੰਬੰਧਿਤ ਜਾਣਕਾਰੀ ਭਰੋ
- ਸਬਮਿਸ਼ਨ ਦੇ ਬਾਦ SE ID ਮਿਲੇਗੀ
- SE ID ਸੁਰੱਖਿਅਤ ਰੱਖੋ
- ਪ੍ਰਗਣਕ (Enumerator) ਆਉਣ 'ਤੇ SE ID ਦੇਵੋ
- ਪ੍ਰਗਣਕ ਜਾਣਕਾਰੀ ਦੀ ਪੁਸ਼ਟੀ ਕਰਣਗੇ

### ਇਸਦੇ ਲਾਭ

- ਸਮੇਂ ਦੀ ਬਚਤ
- ਸਟੀਕ ਜਾਣਕਾਰੀ
- ਤੇਜ਼ ਡੇਟਾ ਪ੍ਰੰਸਕਰਣ

ਯਾਦ ਰੱਖੋ ਸਵ-ਗਣਨਾ ਇਕ ਵਿਸ਼ੇਸ਼ ਸੁਵਿਧਾ ਹੈ
ਅਗਰ ਤੁਸੀਂ ਸਵ-ਗਣਨਾ ਨਹੀਂ ਕਰ ਪਾਂਦੇ ਹੋ, ਤਾਂ ਚਿੰਤਾ ਨਾ ਕਰੋ, ਨਿਰਧਾਰਿਤ ਅਵਧਿ 'ਚ ਪ੍ਰਗਣਕ ਤੁਹਾਡੇ ਘਰ ਆਕੇ ਜਾਣਕਾਰੀ ਜ਼ਰੂਰ ਦਰਜ ਕਰਣਗੇ
ਤੁਹਾਡੀ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੋਪਨੀਅ ਹੋਰ ਸੁੱਰਖਿਅਤ ਰਹੇਗੀ

ਦਿੱਲੀ (ਨਵੀਂ ਦਿੱਲੀ ਨਗਰਪਾਲਿਕਾ ਪਰਿਸ਼ਦ ਅਤੇ ਦਿੱਲੀ ਛਾਵਨੀ ਬੋਰਡ)
ਸਵ-ਗਣਨਾ 1 ਤੋਂ 15 ਅਪ੍ਰੈਲ
ਮਕਾਨਸੂਚੀਕਰਣ 16 ਅਪ੍ਰੈਲ ਤੋਂ 15 ਮਈ

ਦਿੱਲੀ (ਦਿੱਲੀ ਨਗਰ ਨਿਗਮ)
ਸਵ-ਗਣਨਾ 1 ਤੋਂ 15 ਮਈ
ਮਕਾਨਸੂਚੀਕਰਣ 16 ਮਈ ਤੋਂ 14 ਜੂਨ

ਚਲੋ ਨਿਭਾਓ ਆਪਣੀ ਜ਼ਿਮੇਦਾਰੀ, ਕਰੋ ਜਨਗਣਨਾ 'ਚ ਭਾਗੀਦਾਰੀ
CensusIndia2027
CBC 19108/13/0015/2526

# 15 ਲੱਖ ਦੀ ਸਾਈਬਰ ਠੱਗੀ ਮਾਮਲੇ 'ਚ 2 ਦੋਸ਼ੀ ਗ੍ਰਿਫਤਾਰ

ਕੌਮੀ ਪਤ੍ਰਿਕਾ

ਖੰਨਾ 31 ਮਾਰਚ। 15 ਲੱਖ ਰੁਪਏ ਦੀ ਸਾਈਬਰ ਠੱਗੀ ਦੇ ਮਾਮਲੇ 'ਚ ਖੰਨਾ ਸਾਈਬਰ ਕ੍ਰਾਈਮ ਥਾਣਾ ਪੁਲਸ ਨੇ ਦੋ ਦੋਸ਼ੀਆਂ ਅਰਸ਼ਦੀਪ ਸਿੰਘ ਅਤੇ ਜਗਤਾਰ ਸਿੰਘ ਉਰਫ ਜੋਰਾ ਵਾਸੀ ਬਿਆਸ (ਅੰਮ੍ਰਿਤਸਰ) ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਸਾਈਬਰ ਠੱਗ ਪੀੜਿਤਾ ਅਤੇ ਉਸਦੀ ਧੀ ਨੂੰ ਡਰਾਉਣ ਲਈ ਫਰਜ਼ੀ ਆਈਪੀਐੱਸ ਅਫਸਰ ਅਤੇ ਜੱਜ ਬਣ ਕੇ ਵੀ ਗੱਲ ਕਰਦੇ ਰਹੇ ਸਨ। ਡੀਐੱਸਪੀ (ਇਨਵੈਸਟੀਗੇਸ਼ਨ) ਮੋਹਿਤ ਸਿੰਗਲਾ ਨੇ ਦੱਸਿਆ ਕਿ ਇਸ ਮਾਮਲੇ ਵਿੱਚ 7 ਫਰਵਰੀ 2026 ਨੂੰ ਕੇਸ ਦਰਜ ਕੀਤਾ ਗਿਆ ਸੀ। ਹੁਣ ਤੱਕ ਪੁਲਸ ਵੱਲੋਂ ਪੀੜਤਾ ਨੂੰ 4 ਲੱਖ ਰੁਪਏ ਵਾਪਸ ਵੀ ਦਿਵਾਏ ਜਾ ਚੁੱਕੇ ਹਨ, ਜਦਕਿ ਹੋਰ ਦੋਸ਼ੀਆਂ ਦੀ ਭਾਲ ਜਾਰੀ ਹੈ। ਇਹ ਮਾਮਲਾ ਕਰਤਾਰ ਨਗਰ, ਖੰਨਾ ਦੀ ਰਹਿਣ ਵਾਲੀ ਇਕ ਮਹਿਲਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ, ਜਿਸਦੀ ਧੀ ਦੁਬਈ ਵਿੱਚ ਵਰਕ ਵੀਜ਼ਾ 'ਤੇ ਕੰਮ ਕਰਦੀ ਸੀ ਅਤੇ ਠੱਗੀ ਦਾ ਸ਼ਿਕਾਰ ਹੋ ਗਈ ਸੀ। ਪੁਲਸ ਜਾਂਚ ਦੌਰਾਨ ਸਾਹਮਣੇ ਆਇਆ ਕਿ 2025 'ਚ ਦੁਬਈ 'ਚ ਕੰਮ ਕਰ ਰਹੀ ਇਕ ਨੌਜਵਾਨ ਕੁੜੀ ਦੀ ਇੰਸਟਾਗ੍ਰਾਮ 'ਤੇ "ਮਨੀਸ਼ ਚੌਧਰੀ"ਨਾਂ ਦੇ ਵਿਅਕਤੀ ਨਾਲ ਜਾਣ-ਪਛਾਣ ਹੋਈ। ਦੋਸ਼ੀ ਨੇ ਆਪਣੇ ਆਪ ਨੂੰ ਅਮਰੀਕਾ ਵਿੱਚ ਸੈਟਲ ਅਤੇ ਗੋਲਡ ਬਿਜ਼ਨਸ ਨਾਲ ਜੁੜਿਆ ਦੱਸਿਆ। ਹੌਲੀ-ਹੌਲੀ ਉਸਨੇ ਭਰੋਸਾ ਜਿੱਤ ਕੇ ਵਿਆਹ ਦਾ ਝਾਂਸਾ ਦਿੱਤਾ। ਇਸ ਤੋਂ ਬਾਅਦ ਦੋਸ਼ੀ ਨੇ ਦਾਅਵਾ ਕੀਤਾ ਕਿ ਉਹ ਪੀੜਤ ਲੜਕੀ ਲਈ ਮਹਿੰਗੇ ਗਿਫਟ-ਸੋਨੇ, ਹੀਰਿਆਂ ਦੇ ਗਹਿਣੇ, ਆਈਫੋਨ 16, ਐਪਲ ਵਾਚ, ਕੱਪੜੇ ਅਤੇ 10 ਹਜ਼ਾਰ ਯੂਕੇ ਪਾਊਂਡ-ਕੁਰੀਅਰ ਰਾਹੀਂ ਭੇਜ ਰਿਹਾ ਹੈ। 15 ਅਗਸਤ 2025 ਨੂੰ ਕੁੜੀ ਦੇ ਭਾਰਤ ਆਉਣ ਤੋਂ ਬਾਅਦ ਉਸਨੂੰ "ਮਨੋਜ"ਨਾਂ ਦੇ ਵਿਅਕਤੀ ਦੇ ਫੋਨ ਆਉਣ ਲੱਗ ਪਏ, ਜਿਸਨੇ ਆਪਣੇ ਆਪ ਨੂੰ ਦੁਬਈ ਅਤੇ ਮੁੰਬਈ ਦਾ ਕੁਰੀਅਰ ਅਧਿਕਾਰੀ ਦੱਸਿਆ। ਉਸਨੇ ਕਿਹਾ ਕਿ ਉਸਦੇ ਨਾਂ 'ਤੇ ਕੀਮਤੀ ਪਾਰਸਲ ਆਇਆ ਹੈ, ਜਿਸਨੂੰ ਛੁਡਾਉਣ ਲਈ ਕਸਟਮ ਡਿਊਟੀ ਅਤੇ ਜੁਰਮਾਨਾ ਦੇਣਾ ਪਵੇਗਾ। ਜਦੋਂ ਇਨਕਾਰ ਕੀਤਾ ਗਿਆ ਤਾਂ ਦੋਸ਼ੀਆਂ ਨੇ ਗ੍ਰਿਫਤਾਰੀ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇੱਥੋਂ ਤੱਕ ਕਿਹਾ ਗਿਆ ਕਿ ਦੁਬਈ ਪੁਲਸ ਭਾਰਤ ਆ ਕੇ ਗ੍ਰਿਫਤਾਰ ਕਰ ਲਵੇਗੀ ਅਤੇ ਗੋਲੀ ਮਾਰ ਦੇਵੇਗੀ। ਡਰਾਉਣ ਲਈ ਫਰਜ਼ੀ ਵੀਡੀਓ ਵੀ ਭੇਜੇ



ਗਏ। ਇਸ ਤੋਂ ਬਾਅਦ ਇਕ ਹੋਰ ਠੱਗ ਨੇ ਆਪਣੇ ਆਪ ਨੂੰ ਏਅਰਪੋਰਟ ਅਧਿਕਾਰੀ ਦੱਸ ਕੇ ਪ੍ਰੋਸੈਸਿੰਗ ਫੀਸ ਅਤੇ ਟੈਕਸ ਦੇ ਨਾਂ 'ਤੇ ਪੈਸੇ ਮੰਗੇ। ਪਰਿਵਾਰ 'ਤੇ ਲਗਾਤਾਰ ਦਬਾਅ ਬਣਾਇਆ ਗਿਆ ਕਿ ਮਾਮਲਾ ਗੰਭੀਰ ਹੈ ਅਤੇ ਐੱਫਆਈਆਰ ਦਰਜ ਹੋ ਸਕਦੀ ਹੈ। ਡਰ ਦੇ ਕਾਰਨ ਪਰਿਵਾਰ ਵੱਲੋਂ ਵੱਖ-ਵੱਖ ਬੈਂਕ ਖਾਤਿਆਂ ਅਤੇ ਕਿਊਆਰ ਕੋਡਾਂ 'ਤੇ ਕਈ ਵਾਰ ਪੈਸੇ ਟਰਾਂਸਫਰ ਕੀਤੇ ਗਏ। 4 ਸਤੰਬਰ 2025 ਨੂੰ ਪਰਿਵਾਰ ਨੇ ਲੋਨ ਲੈ ਕੇ ਵੀ ਪੈਸੇ ਭੇਜੇ। 5 ਸਤੰਬਰ ਨੂੰ ਮਨੀਸ਼ ਨੇ ਫੋਨ ਕਰਕੇ ਕਿਹਾ ਕਿ ਉਹ ਮੁੰਬਈ ਏਅਰਪੋਰਟ ਪਹੁੰਚ ਗਿਆ ਹੈ, ਪਰ ਤੁਰੰਤ ਬਾਅਦ ਆਪਣੀ ਗ੍ਰਿਫਤਾਰੀ ਦਾ ਝੂਠਾ ਨਾਟਕ ਰਚ ਦਿੱਤਾ। ਪੁਲਸ ਕਸਟਡੀ ਅਤੇ ਪਰਿਵਾਰ 'ਤੇ ਕੇਸ ਦਰਜ ਹੋਣ ਦੀ ਝੂਠੀ ਕਹਾਣੀ ਸੁਣਾ ਕੇ ਹੋਰ ਪੈਸੇ ਠੱਗ ਲਏ ਗਏ। ਸ਼ਿਕਾਇਤ ਮੁਤਾਬਕ ਸਾਰੇ ਦੋਸ਼ੀ ਆਪਸ ਵਿੱਚ ਮਿਲੇ ਹੋਏ ਸਨ ਅਤੇ ਉਨ੍ਹਾਂ ਨੇ ਝੂਠੇ ਕੇਸ, ਜਾਨੋਂ ਮਾਰਨ ਅਤੇ ਬਦਨਾਮ ਕਰਨ ਦੀਆਂ ਧਮਕੀਆਂ ਦੇ ਕੇ ਪਰਿਵਾਰ ਤੋਂ ਕਰੀਬ 15 ਲੱਖ ਰੁਪਏ ਠੱਗ ਲਏ। ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਵਿਦੇਸ਼ ਭੇਜਣ ਦੇ ਨਾਂ 'ਤੇ 40 ਲੱਖ ਦੀ ਠੱਗੀ, ਏਜੰਟ ਫ਼ਰਾਰ

ਚੰਡੀਗੜ੍ਹ 31 ਮਾਰਚ। ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਕਰੀਬ 40 ਲੱਖ ਰੁਪਏ ਦੀ ਠੱਗੀ ਕਰਕੇ ਇਮੀਗ੍ਰੇਸ਼ਨ ਕੰਪਨੀ ਤੇ ਇਸ ਦੇ ਏਜੰਟ ਦਫ਼ਤਰ ਬੰਦ ਕਰਕੇ ਫਰਾਰ ਹੋ ਗਏ। ਸਹਾਰਨਪੁਰ ਵਾਸੀ ਪੂਰਨ ਸਿੰਘ ਦੀ ਸ਼ਿਕਾਇਤ 'ਤੇ ਇੰਡਸਟਰੀਅਲ ਏਰੀਆ ਫੇਜ਼-1 ਥਾਣਾ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਮੁਤਾਬਕ ਮੋਨੂੰ ਕੁਮਾਰ, ਵਿਸ਼ੇਸ਼ ਕੁਮਾਰ, ਗੁਰਦੀਪ ਤੇ ਜਗਦੀਪ ਕੌਰ ਨੂੰ ਵਿਦੇਸ਼ ਭੇਜਣ ਲਈ ਏਜੰਟਾਂ ਨੇ ਨੌਕਰੀ ਦਾ ਝਾਂਸਾ ਦੇ ਕੇ ਵੱਖ-ਵੱਖ ਮਿਤੀਆਂ 'ਤੇ ਵੱਡੀ ਰਕਮ ਵਸੂਲੀ। 18 ਫਰਵਰੀ 2025 ਨੂੰ ਗੁਰਦੀਪ ਤੋਂ 8 ਲੱਖ 50 ਹਜ਼ਾਰ ਤੇ 19 ਫਰਵਰੀ ਨੂੰ ਵਿਸ਼ੇਸ਼ ਕੁਮਾਰ ਤੋਂ 9 ਲੱਖ 50 ਹਜ਼ਾਰ ਰੁਪਏ ਲਏ ਗਏ, ਜਦੋਂ ਕਿ ਟਿਕਟ ਤੇ ਹੋਰ ਖਰਚਿਆਂ ਦੇ ਨਾਂ 'ਤੇ ਇਕ ਲੱਖ ਰੁਪਏ ਆਨਲਾਈਨ ਵੀ ਜਮ?ਹਾਂ ਕਰਵਾਏ ਗਏ। ਪੀੜਤਾਂ ਦਾ ਦੋਸ਼ ਹੈ ਕਿ ਹੁਣ ਦਫ਼ਤਰ ਬੰਦ ਹੈ ਤੇ ਏਜੰਟਾਂ ਨਾਲ ਸੰਪਰਕ ਨਹੀਂ ਹੋ ਰਿਹਾ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਇਕ ਕਿਲੋ 400 ਗ੍ਰਾਮ ਅਫ਼ੀਮ ਤੇ ਇਕ ਲੱਖ ਰੁਪਏ ਡਰੱਗ ਮਨੀ ਸਮੇਤ 2 ਗ੍ਰਿ.ਫ਼ਤਾਰ

ਕੌਮੀ ਪਤ੍ਰਿਕਾ

ਜਲੰਧਰ 31 ਮਾਰਚ। ਕਮਿਸ਼ਨਰੇਟ ਪੁਲਸ ਜਲੰਧਰ ਨੇ ਇਕ ਕਿਲੋ 40 ਗ੍ਰਾਮ ਅਫ਼ੀਮ ਅਤੇ ਇਕ ਲੱਖ ਰੁਪਏ ਡਰੱਗ ਮਨੀ ਸਮੇਤ 2 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋਕਿ ਲੁਧਿਆਣਾ ਨੰਬਰ ਦੀ ਕਾਰ ਵਿਚ ਸਵਾਰ ਸਨ ਅਤੇ ਕਿਸੇ ਨੂੰ ਅਫ਼ੀਮ ਦੀ ਸਪਲਾਈ ਦੇਣ ਜਾ ਰਹੇ ਸਨ। ਡੀ. ਸੀ. ਪੀ. ਇਨਵੈਸਟੀਗੇਸ਼ਨ ਮਨਪ੍ਰੀਤ ਸਿੰਘ ਢਿੱਲੋਂ ਤੋਂ ਮਿਲੀ ਜਾਣਕਾਰੀ ਮੁਤਾਬਕ ਕ੍ਰਾਈਮ ਬ੍ਰਾਂਚ ਦੀ ਟੀਮ ਵੱਲੋਂ ਥਾਣਾ ਨੰਬਰ 7 ਦੇ ਇਲਾਕੇ ਵਿਚ ਪੈਂਦੇ ਪਿੰਡ ਸੁਭਾਨਾ ਨੂੰ ਜਾਂਦੀ ਰੋਡ ਤੋਂ ਫੜੇ ਗਏ ਉਕਤ ਦੋਵਾਂ ਨਸ਼ਾ ਸਮੱਗਲਰਾਂ ਦੀ ਪਛਾਣ ਰਿੰਕੂ ਰਾਮ ਪੁੱਤਰ ਰਾਮ ਕਿਸ਼ਨ ਨਿਵਾਸੀ ਮਕਾਨ ਨੰਬਰ 148 ਕੈਲਾਸ਼ ਨਗਰ ਗਲੀ ਨੰਬਰ 4 ਬਸਤੀ ਜੋਧੇਵਾਲ ਲੁਧਿਆਣਾ ਅਤੇ ਜਸਵੰਤ ਸਿੰਘ ਜੱਸਾ ਪੁੱਤਰ ਭੁਪਿੰਦਰ ਸਿੰਘ ਨਿਵਾਸੀ ਪਿੰਡ ਹਰੀਪੁਰ ਖਾਲਸਾ ਥਾਣਾ ਫਿਲੌਰ ਜ਼ਿਲ੍ਹਾ ਦਿਹਾਤੀ ਪੁਲਸ ਜਲੰਧਰ ਦੇ ਰੂਪ ਵਿਚ ਹੋਈ ਹੈ। ਉਨ੍ਹਾਂ ਦੀ ਕਾਰ ਨੰਬਰ ਪੀ ਬੀ 10 ਕੇ. ਏ. 0452 ਮਾਰਕਾ ਬਲੈਨੋ ਰੰਗ ਦੀ ਤਲਾਸ਼ੀ ਲੈਣ 'ਤੇ ਉਸ ਵਿਚੋਂ ਭਾਰੀ ਮਾਤਰਾ ਵਿਚ ਅਫ਼ੀਮ ਤੇ ਡਰੱਗ ਮਨੀ ਬਰਾਮਦ ਹੋਈ। ਦੋਵਾਂ ਖ਼ਿਲਾਫ਼ ਥਾਣਾ ਨੰਬਰ 7 ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਐੱਫ਼. ਆਈ. ਆਰ. ਨੰਬਰ 45 ਦਰਜ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਮਾਣਯੋਗ




ਅਦਾਲਤ ਵਿਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਲੈ ਕੇ ਉਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁਲਜ਼ਮ ਰਿੰਕੂ ਪ੍ਰਾਈਵੇਟ ਕੰਮ ਕਰਦਾ ਸੀ ਅਤੇ ਇਸੇ ਦੌਰਾਨ ਉਸ ਨੇ ਆਸਾਨੀ ਨਾਲ ਜ਼ਿਆਦਾ ਪੈਸੇ ਕਮਾਉਣ ਦੇ ਲਾਲਚ ਵਿਚ ਆ ਕੇ ਨਸ਼ਾ ਵੇਚਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਮੁਲਜ਼ਮ ਜਸਵੰਤ ਸਿੰਘ ਜੱਸਾ ਦੀ ਜਾਂਚ ਵਿਚ ਪਤਾ ਲੱਗਾ ਹੈ ਕਿ ਉਸ ਖ਼ਿਲਾਫ਼ ਅਫ਼ੀਮ ਵੇਚਣ ਨੂੰ ਲੈ ਕੇ ਰਾਜਸਥਾਨ ਵਿਚ ਵੀ ਕੇਸ ਦਰਜ ਹੈ। ਉਨ੍ਹਾਂ ਤੋਂ ਹੋਰ ਪੁੱਛਗਿੱਛ ਜਾਰੀ ਹੈ।

## ਖਡੂਰ ਸਾਹਿਬ ਦੇ ਨੌਜਵਾਨ ਦੀ ਨਹਿਰ 'ਚੋਂ ਲਾਸ਼ ਬਰਾਮਦ, ਪਰਿਵਾਰ ਨੇ ਕਤਲ ਦਾ ਜਤਾਇਆ ਸ਼ੱਕ

ਤਰਨਤਾਰਨ 31 ਮਾਰਚ। ਜ਼ਿਲ੍ਹਾ ਤਰਨ ਤਾਰਨ ਦੇ ਅਧੀਨ ਆਉਂਦੇ ਪਿੰਡ ਖਡੂਰ ਸਾਹਿਬ ਦੇ ਰਹਿਣ ਵਾਲੇ ਨੌਜਵਾਨ ਸਤਨਾਮ ਸਿੰਘ (32) ਪੁੱਤਰ ਮਹਿੰਦਰ ਸਿੰਘ, ਦੇ ਭੇਦਭਰੀ ਹਾਲਤ ਵਿੱਚ ਗੁੰਮ ਹੋਣ ਅਤੇ ਬਾਅਦ ਵਿੱਚ ਲਾਸ਼ ਮਿਲਣ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 17 ਤਾਰੀਖ ਨੂੰ ਦੁਪਹਿਰ ਕਰੀਬ 1 ਵਜੇ ਸਤਨਾਮ ਸਿੰਘ ਆਪਣੇ ਚਾਚੇ ਦੇ ਪੁੱਤਰ ਗੁਰਦਿੱਤਾ ਸਿੰਘ ਨਾਲ ਕਿਸੇ ਕੰਮ ਲਈ ਘਰੋਂ ਗਿਆ ਸੀ, ਪਰ ਉਸ ਤੋਂ ਬਾਅਦ ਉਹ ਵਾਪਸ ਘਰ ਨਹੀਂ ਆਇਆ। ਉਨ੍ਹਾਂ ਇਹ ਵੀ ਦੱਸਿਆ ਕਿ



ਗੁਰਦਿੱਤਾ ਸਿੰਘ ਦੇ ਨਾਲ ਜਾਣ ਸਮੇਂ ਦੀਆਂ ਤਸਵੀਰਾਂ ਕੈਮਰੇ ਵਿੱਚ ਕੈਦ ਹੋਈਆਂ ਹਨ। ਪਰਿਵਾਰਕ ਮੈਂਬਰਾਂ ਨੇ ਰੋ-ਰੋ ਕੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਗੁਰਦਿੱਤਾ ਸਿੰਘ ਨੇ ਸਤਨਾਮ ਸਿੰਘ ਦਾ ਕਤਲ ਕਰ ਦਿੱਤਾ ਹੈ। ਇਸ ਦਰਮਿਆਨ ਅੱਜ ਫਤਿਆਬਾਦ ਦੀ ਨਹਿਰ ਵਿੱਚੋਂ ਸਤਨਾਮ ਸਿੰਘ ਦੀ ਲਾਸ਼ ਬਰਾਮਦ ਹੋਈ, ਜਿਸ ਤੋਂ ਬਾਅਦ ਪਰਿਵਾਰ ਵਿੱਚ ਮਾਤਮ ਛਾ ਗਿਆ ਅਤੇ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਫਿਲਹਾਲ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਨਦੀ 'ਚ ਡਿੱਗੀ ਮੇਲੇ ਤੋਂ ਪਰਤ ਰਹੇ ਨੌਜਵਾਨਾਂ ਦੀ ਕਾਰ, 3 ਦੀ ਮੌਤ, ਇੱਕ ਲਾਪਤਾ

ਮਧੇਪੁਰਾ 31 ਮਾਰਚ। ਬਿਹਾਰ ਦੇ ਮਧੇਪੁਰਾ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਦੇਰ ਰਾਤ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਅਰਾਰ ਚੌਕੀ ਖੇਤਰ ਵਿੱਚ ਇੱਕ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਪੁਲ ਤੋਂ ਹੇਠਾਂ ਨਦੀ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਕਾਰ ਸਵਾਰ ਚਾਰ ਨੌਜਵਾਨਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਹੈ, ਜਦਕਿ ਇੱਕ ਵਿਅਕਤੀ ਅਜੇ ਵੀ ਲਾਪਤਾ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਉਦਾਕਿਸ਼ਨਗੰਜ ਦੇ ਐਸਡੀਪੀਓ ਅਵਿਨਾਸ਼ ਕੁਮਾਰ ਨੇ ਦੱਸਿਆ ਕਿ ਇਹ ਹਾਦਸਾ ਰਾਤ ਦੇ ਕਰੀਬ ਇੱਕ ਵਜੇ ਵਾਪਰਿਆ ਹੈ। ਕਾਰ ਸਵਾਰ ਚਾਰੇ ਨੌਜਵਾਨ ਗਵਾਲਪਾੜਾ ਇਲਾਕੇ ਵਿੱਚ ਇੱਕ ਮੇਲਾ ਦੇਖ ਕੇ ਵਾਪਸ ਮਧੇਪੁਰਾ ਪਰਤ ਰਹੇ ਸਨ। ਰਸਤੇ ਵਿੱਚ ਚਾਲਕ ਨੇ ਵਾਹਨ ਤੋਂ ਕੰਟਰੋਲ ਖੋਹ ਦਿੱਤਾ, ਜਿਸ ਕਾਰਨ ਕਾਰ ਪੁਲ ਦੀ ਰੇਲਿੰਗ ਤੋੜਦੀ ਹੋਈ ਸਿੱਧੀ ਨਦੀ ਵਿੱਚ ਜਾ ਡਿੱਗੀ ਅਤੇ ਹਾਦਸਾ ਵਾਪਰ ਗਿਆ। ਇਸ ਘਟਨਾ ਤੋਂ ਬਾਅਦ ਇਲਾਕੇ ਅਤੇ ਪਰਿਵਾਰਾਂ ਵਿੱਚ ਸੋਗ ਦੀ ਲਹਿਰ ਹੈ। ਘਟਨਾ ਦੀ ਸੂਚਨਾ ਮੌਕੇ 'ਤੇ ਮੌਜੂਦ ਲੋਕਾਂ ਨੇ ਪੁਲਸ ਨੂੰ ਦਿੱਤੀ। ਪੁਲਸ ਮੁਤਾਬਕ ਨਦੀ ਵਿੱਚੋਂ ਹੁਣ ਤੱਕ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਚੌਥੇ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ। ਇਸ ਲਈ ਰਾਜ ਆਫ਼ਤ ਪ੍ਰਤੀਕਿਰਿਆ ਬਲ ਦੀ ਟੀਮ ਤਾਇਨਾਤ ਕੀਤੀ ਗਈ ਹੈ, ਜੋ ਲਗਾਤਾਰ ਸਰਚ ਆਪਰੇਸ਼ਨ ਚਲਾ ਰਹੀ ਹੈ। ਮਾਰੇ ਗਏ ਨੌਜਵਾਨਾਂ ਦੀ ਪਛਾਣ ਘਨਸ਼ਿਆਮ ਕੁਮਾਰ (ਨਿਵਾਸੀ ਮਧੇਪੁਰਾ), ਅੰਕਿਤ ਕੁਮਾਰ (ਨਿਵਾਸੀ ਸਹਰਸਾ), ਵਸੰਤ ਕੁਮਾਰ (ਨਿਵਾਸੀ ਸਹਰਸਾ) ਵਜੋਂ ਹੋਈ ਹੈ। ਇਨ੍ਹਾਂ ਸਾਰੇ ਨੌਜਵਾਨਾਂ ਦੀ ਉਮਰ 20 ਸਾਲ ਦੇ ਕਰੀਬ ਸੀ। ਪੁਲਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉਪ ਚੇਅਰਮੈਨ ਗਿੱਲ ਵਲੋਂ ਛੱਤੀਸਗੜ੍ਹ ਦਾ ਦੌਰਾ

ਕੌਮੀ ਪਤ੍ਰਿਕਾ

ਅੰਮ੍ਰਿਤਸਰ, 31 ਮਾਰਚ। ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉਪ ਚੇਅਰਮੈਨ ਹਰਦੀਪ ਸਿੰਘ ਗਿੱਲ ਨੇ ਅੱਜ ਛੱਤੀਸਗੜ੍ਹ ਦੀ ਆਪਣੀ ਫੇਰੀ ਦੌਰਾਨ ਰਾਮਕ੍ਰਿਸ਼ਨ ਹਸਪਤਾਲ ਘਟਨਾ ਵਿੱਚ ਮਾਰੇ ਗਏ ਗੋਵਿੰਦ ਸੇਂਦਰੇ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਘਟਨਾ ਵਾਲੇ ਦਿਨ ਸਫਾਈ ਦੇ ਕੰਮ ਲਈ ਹਸਪਤਾਲ ਗਿਆ ਸੀ। ਇਸ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਹਰਦੀਪ ਗਿੱਲ ਨੇ ਕਿਹਾ ਕਿ ਭਾਰਤ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹੀ ਹੈ। ਗਿੱਲ ਨੇ ਤੁਰੰਤ ਹਦਾਇਤ ਕੀਤੀ ਕਿ ਮ੍ਰਿਤਕਾਂ ਦੇ ਪਰਿਵਾਰ ਚੋਂ ਇੱਕ- ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾ ਕੇ ਦਿੱਤੇ ਜਾਣ। ਸ. ਗਿੱਲ ਨੇ ਕਿਹਾ ਕਿ ਉਕਤ ਘਟਨਾ ਵਾਪਰਨ ਤੋਂ 24 ਘੰਟਿਆਂ ਦੇ ਵਿੱਚ ਹੀ ਪੀੜਤ ਪਰਿਵਾਰਾਂ ਨੂੰ 30-30 ਲੱਖ ਰੁਪਏ ਦੀ ਸਹਾਇਤਾ ਵੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਿੱਥੇ ਵੀ ਲੋੜ ਹੋਵੇਗੀ ਹਰ ਸੰਭਵ ਸਹਾਇਤਾ ਪ੍ਰਦਾਨ




ਕਰੇਗੀ। ਇਸ ਤੋਂ ਬਾਅਦ ਸ. ਗਿੱਲ ਰਾਮਕ੍ਰਿਸ਼ਨ ਹਸਪਤਾਲ ਪਹੁੰਚੇ ਅਤੇ ਘਟਨਾ ਵਾਲੀ ਥਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਹਸਪਤਾਲ ਪ੍ਰਬੰਧਨ ਤੋਂ ਘਟਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਲਈ ਖਾਸ ਕਰਕੇ ਗੈਸ ਲੀਕ ਦੀ ਸਥਿਤੀ ਅਤੇ ਉਪਲਬਧ ਸੁਰੱਖਿਆ ਸਰੋਤਾਂ ਬਾਰੇ ਪੁੱਛਗਿੱਛ ਕੀਤੀ। ਨਿਰੀਖਣ ਦੌਰਾਨ ਸ. ਗਿੱਲ ਨੇ ਕਿਹਾ ਕਿ ਹੱਥੀਂ ਮੈਲਾ ਢੋਣ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ ਅਤੇ ਅਜਿਹੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਹਸਪਤਾਲ ਪ੍ਰਬੰਧਨ ਨੂੰ ਹਦਾਇਤ ਕੀਤੀ ਕਿ ਸੀਵਰੇਜ ਅਤੇ ਸਫਾਈ ਦੇ ਕੰਮ ਦੌਰਾਨ ਸਾਰੇ ਜ਼ਰੂਰੀ ਸੁਰੱਖਿਆ ਮਾਪਦੰਡਾਂ ਅਤੇ ਉਪਕਰਣਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀਆਂ ਦੀ ਸੁਰੱਖਿਆ ਇੱਕ ਪ੍ਰਮੁੱਖ ਤਰਜੀਹ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਸਾਰੇ ਨਿਰਧਾਰਤ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਜ਼ਰੂਰੀ ਹੈ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਵਿਸ਼ਵਦੀਪ, ਨਿਗਮ ਡਿਪਟੀ ਕਮਿਸ਼ਨਰ ਵਿਨੋਦ ਪਾਂਡੇ, ਸਹਾਇਕ ਪੁਲਸ ਕਮਿਸ਼ਨਰ ਪੁਰਾਣੀ ਬਸਤੀ ਦੇਵਾਂਸ਼ ਸਿੰਘ ਰਾਠੌਰ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

## ਲਗਾਤਾਰ ਬਾਰਿਸ਼ ਨਾਲ ਪਠਾਨਕੋਟ 'ਚ ਠੰਡ ਦੀ ਵਾਪਸੀ, ਫ਼ਸਲਾਂ ਢਹਿਣ ਕਾਰਨ ਕਿਸਾਨ ਚਿੰਤਤ

ਪਠਾਨਕੋਟ 31 ਮਾਰਚ। ਜ਼ਿਲ੍ਹਾ ਪਠਾਨਕੋਟ ਵਿੱਚ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੀ ਗਰਮੀ ਦੇ ਬਾਅਦ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਮੌਸਮ ਨੇ ਇੱਕ ਵਾਰ ਫਿਰ ਠੰਡ ਦਾ ਅਹਿਸਾਸ ਕਰਵਾ ਦਿੱਤਾ ਹੈ। ਬਾਰਿਸ਼ ਨਾਲ ਜਿੱਥੇ ਮੌਸਮ ਸੁਹਾਵਣਾ ਹੋ ਗਿਆ ਹੈ, ਉੱਥੇ ਕਿਸਾਨਾਂ ਲਈ ਚਿੰਤਾ ਵਧ ਗਈ ਹੈ। ਕਿਸਾਨਾਂ ਦੇ ਚਿਹਰਿਆਂ 'ਤੇ ਚਿੰਤਾ ਸਾਫ਼ ਨਜ਼ਰ ਆ ਰਹੀ ਹੈ, ਕਿਉਂਕਿ



ਲਗਾਤਾਰ ਮੀਂਹ ਪੈਣ ਕਾਰਨ ਉਨ੍ਹਾਂ ਦੀਆਂ ਫ਼ਸਲਾਂ ਚਾਦਰ ਵਾਂਗ ਢਹਿ ਲੱਗ ਪਈਆਂ ਹਨ। ਇਸ ਕਾਰਨ ਫ਼ਸਲਾਂ ਨੂੰ ਭਾਰੀ ਨੁਕਸਾਨ ਹੋਣ ਦਾ ਡਰ ਬਣ ਗਿਆ ਹੈ। ਕਿਸਾਨਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵੀ ਤੇਜ਼ ਬਾਰਿਸ਼ ਕਾਰਨ ਉਨ੍ਹਾਂ ਦੀਆਂ ਫ਼ਸਲਾਂ ਨੁਕਸਾਨੀ ਹੋਈਆਂ ਸਨ। ਇਲਾਕੇ ਵਿੱਚ ਵੱਧ ਮੀਂਹ ਪੈਣ ਨਾਲ ਹੜ੍ਹ ਵਰਗੀ ਸਥਿਤੀ ਬਣ ਗਈ ਸੀ, ਜਿਸ ਨਾਲ ਨਾ ਸਿਰਫ਼ ਖੇਤਾਂ ਨੂੰ, ਸਗੋਂ ਘਰਾਂ ਤੱਕ ਨੁਕਸਾਨ ਪਹੁੰਚਿਆ ਸੀ। ਉਨ੍ਹਾਂ ਕਿਹਾ ਕਿ ਹੁਣ ਦੁਬਾਰਾ ਲਗਾਤਾਰ ਬਾਰਿਸ਼ ਕਾਰਨ ਕਣਕ ਅਤੇ ਸਰੋਂ ਦੀ ਤਿਆਰ ਫ਼ਸਲ ਪ੍ਰਭਾਵਿਤ ਹੋ ਰਹੀ ਹੈ। ਇਹ ਫ਼ਸਲਾਂ ਅਪ੍ਰੈਲ ਮਹੀਨੇ ਵਿੱਚ ਸਰਕਾਰੀ ਏਜੰਸੀਆਂ ਵੱਲੋਂ ਖਰੀਦੀਆਂ ਜਾਣੀਆਂ ਹਨ, ਪਰ ਮੌਜੂਦਾ ਹਾਲਾਤਾਂ ਕਰਕੇ ਇਸ 'ਤੇ ਅਸਰ ਪੈ ਸਕਦਾ ਹੈ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੇਕਰ ਫ਼ਸਲ ਨੂੰ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਰਾਹਤ ਮਿਲ ਸਕੇ।

## ਜਲੰਧਰ 'ਚ ਐਕਟਿਵਾ ਸਵਾਰ ਲੁਟੇਰੇ ਨੇ ਫੋਨ ਕਰਨ ਦੇ ਬਹਾਨੇ ਕੀਤੀ ਲੁੱਟ, ਵਿਅਕਤੀ ਨੂੰ ਦੂਰ ਤੱਕ ਘੜੀਸਿਆ

ਜਲੰਧਰ 31 ਮਾਰਚ। ਜਲੰਧਰ ਵਿਖੇ ਨਾਲਾ ਪੁਲ ਨੇੜੇ ਸ਼ੇਰ ਸਿੰਘ ਕਾਲੋਨੀ ਵਿੱਚ ਦਿਨ-ਦਿਹਾੜੇ ਲੁੱਟ ਦੀ ਘਟਨਾ ਵਾਪਰੀ। ਐਕਟਿਵਾ 'ਤੇ ਸਵਾਰ ਇਕ ਲੁਟੇਰੇ ਨੇ ਗੱਲ ਕਰਨ ਦੇ ਬਹਾਨੇ ਇਕ ਰਾਹਗੀਰ ਨੂੰ ਰੋਕਿਆ, ਉਸ ਤੋਂ ਫ਼ੋਨ ਮੰਗਿਆ, ਖੋਹ ਕੇ ਭੱਜ ਗਿਆ। ਜਦੋਂ ਵਿਅਕਤੀ ਨੇ ਉਸ ਦਾ ਸਾਹਮਣਾ ਕੀਤਾ ਤਾਂ ਲੁਟੇਰਾ ਪੀੜਤ ਨੂੰ ਕੁਝ ਦੂਰੀ ਤੱਕ ਘਸੀੜਸਦਾ ਹੋਇਆ ਦੂਰ ਤੱਕ ਲੈ ਗਿਆ। ਘਟਨਾ ਦੌਰਾਨ ਲੁਟੇਰੇ ਨੇ ਐਕਟਿਵਾ 'ਤੇ ਆਪਣਾ ਸੰਤੁਲਨ ਗੁਆ ਦਿੱਤਾ ਅਤੇ ਡਿੱਗ ਪਿਆ। ਇਸ ਦੌਰਾਨ ਉਸ ਨੂੰ ਫੜ ਲਿਆ ਗਿਆ। ਹਾਦਸੇ ਵਿੱਚ ਪੀੜਤ ਜ਼ਖ਼ਮੀ ਹੋ ਗਿਆ। ਬਿਹਾਰ ਦੇ ਰਹਿਣ ਵਾਲੇ ਦਿਲੀਪ ਨੇ ਦੱਸਿਆ ਕਿ ਗੰਦੇ ਨਾਲਾ ਦੇ ਕੋਲ ਮਿਸਤਰੀ ਦਾ ਕੰਮ ਕਰਦਾ ਹੈ। ਜਦੋਂ ਉਹ ਖਾਣਾ ਖਾਣ ਜਾ ਰਿਹਾ ਸੀ ਤਾਂ ਲੁਟੇਰੇ ਨੇ ਉਸ ਕੋਲ ਆ ਕੇ ਦੱਸਿਆ ਕਿ ਉਸ ਦੇ ਫੋਨ ਦਾ ਰੀਚਾਰਜ ਖਤਮ ਹੋ ਗਿਆ ਹੈ ਅਤੇ ਉਸ ਨੂੰ ਇਕ ਜ਼ਰੂਰੀ ਕਾਲ ਕਰਨੀ ਹੈ। ਇਸ ਦੇ ਬਾਅਦ ਉਹ ਵਾਹੀਟ ਰੰਗ ਦੀ ਐਕਟਿਵਾ 'ਤੇ ਬੈਠਾ ਅਤੇ ਉਸ ਨੂੰ ਕਹਿਣ ਲੱਗਾ ਕਿ ਫੋਨ ਆ ਰਿਹਾ ਹੈ, ਇੱਕ ਮਿੰਟ ਉਹ ਗੱਲ ਕਰ ਲਵੇ। ਇਸ ਦੌਰਾਨ ਉਹ ਫੋਨ ਲੈ ਕੇ ਐਕਟਿਵਾ ਤੋਂ ਭੱਜਣ ਲੱਗਾ ਸੀ ਤਾਂ ਉਸ ਨੇ ਐਕਟਿਵਾ ਫੜ ਲਈ ਅਤੇ ਉਹ ਉਸ ਨੂੰ ਘੜੀਸਦੇ ਹੋਇਆ ਕੁਝ ਦੂਰੀ ਤੱਕ ਚਲਾ ਗਿਆ। ਕੁਝ ਦੂਰੀ ਦੇ ਬਾਅਦ ਐਕਟਿਵਾ ਦਾ ਬੈਲੇਂਸ ਵਿਗੜਨ ਤੋਂ ਬਾਅਦ ਉਹ ਹੇਠਾਂ ਡਿੱਗ ਗਿਆ ਅਤੇ ਉਸ ਨੂੰ ਕਾਬੂ ਕਰ ਲਿਆ। ਇਸ ਤੋਂ ਬਾਅਦ ਲੋਕਾਂ ਨੇ ਜੰਮ ਕੇ ਉਸ ਦੀ ਛਿੱਤਰ-ਪਰੇਡ ਕੀਤੀ। ਉਨ੍ਹਾਂ ਨੇ ਸਨੈਚਰ ਤੋਂ ਫ਼ੋਨ ਖੋਹ ਲਿਆ ਅਤੇ ਪੀੜਤ ਨੂੰ ਦੇ ਦਿੱਤਾ। ਫਿਰ ਲੁਟੇਰਾ ਮੌਕੇ ਪਾ ਕੇ ਉੱਥੋਂ ਫਰਾਰ ਹੋ ਗਿਆ। ਚਸ਼ਮਦੀਦ ਗਵਾਹ ਰਾਮ ਚੰਦਰ ਨੇ ਦੱਸਿਆ ਕਿ ਐਕਟਿਵਾ ਸਵਾਰ ਵਿਅਕਤੀ ਨੂੰ ਘਸੀਟ ਰਿਹਾ ਸੀ, ਜਦਕਿ ਵਿਅਕਤੀ ਐਕਟਿਵਾ ਨੂੰ ਫੜੀ ਬੈਠਾ ਸੀ। ਉਸ ਵਿਅਕਤੀ ਨੇ ਕਿਹਾ ਕਿ ਸ਼ੇਰ ਸਿੰਘ ਕਾਲੋਨੀ ਵਿੱਚ ਲੁਟੇਰੇ ਅਕਸਰ ਲੁੱਟਾਂ-ਖੋਹਾਂ ਕਰਦੇ ਰਹਿੰਦੇ ਹਨ ਅਤੇ ਫਿਰ ਫਰਾਰ ਹੋ ਜਾਂਦੇ ਹਨ। ਡਾਕਟਰ ਹਰਸ਼ ਨੇ ਕਿਹਾ ਕਿ ਇਕ ਜ਼ਖਮੀ ਮਰੀਜ਼ ਇਲਾਜ ਲਈ ਉਸ ਕੋਲ ਆਇਆ ਸੀ। ਮਰੀਜ਼ ਨੇ ਦੱਸਿਆ ਕਿ ਉਹ ਇਕ ਸੜਕ ਹਾਦਸੇ ਵਿੱਚ ਜ਼ਖ਼ਮੀ ਹੋ ਗਿਆ ਸੀ, ਜਿਸ ਤੋਂ ਬਾਅਦ ਉਸ ਦਾ ਇਲਾਜ ਕੀਤਾ ਗਿਆ।

# ਇਨਸਾ.ਫ ਲਈ ਥਾਣੇ ਦੇ ਚੱਕਰ ਲਗਾਉਂਦਾ ਰਿਹਾ ਨੌਜਵਾਨ, ਅੱਕ ਕੇ ਚੁੱਕ ਲਿਆ ਖ਼ੌ.ਫਨਾਕ ਕਦਮ

ਕੌਮੀ ਪਤ੍ਰਿਕਾ

ਮਕੇਰੀਆਂ 31 ਮਾਰਚ। ਮੁਕੇਰੀਆਂ ਦੇ ਪਿੰਡ ਲੰਗਾਹ ਵਿਖੇ ਇਕ ਨੌਜਵਾਨ ਵੱਲੋਂ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਸ ਸਬੰਧੀ ਥਾਣਾ ਮੁਖੀ ਦਲਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮ੍ਰਿਤਕ ਦੀ ਮਾਂ ਵੱਲੋਂ ਪੁਲਸ ਨੂੰ ਦਿੱਤੇ ਬਿਆਨ ਅਨੁਸਾਰ ਉਸ ਦੇ ਲੜਕੇ ਸੁਸ਼ੀਲ ਕੁਮਾਰ ਦਾ ਲਗਭਗ 1 ਮਹੀਨੇ ਪਹਿਲਾਂ ਮੁਕੇਰੀਆਂ ਵਿਖੇ ਝਗੜਾ ਹੋਇਆ ਸੀ, ਜਿਸ 'ਚ ਉਸ ਦੇ ਲੜਕੇ ਸੁਸ਼ੀਲ ਕੁਮਾਰ ਦੇ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਸ ਦੇ ਲੜਕੇ ਸੁਸ਼ੀਲ ਕੁਮਾਰ ਵੱਲੋਂ ਕੁੱਟਮਾਰ ਕਰਨ ਵਾਲਿਆਂ ਵਿਰੁੱਧ ਕੇਸ ਵੀ ਦਰਜ ਕਰਵਾਇਆ ਸੀ। ਇਨਸਾਫ਼ ਲਈ ਨੌਜਵਾਨ ਥਾਣੇ ਦੇ ਚੱਕਰ ਲਗਾ ਰਹੇ ਸਨ। ਸੁਸ਼ੀਲ ਕੁਮਾਰ ਵੱਲੋਂ ਉਸੇ ਦਿਨ ਤੋਂ ਹੀ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਜਾ ਰਹੀ ਸੀ ਅਤੇ ਉਸ ਦਾ ਲੜਕਾ ਸੁਸ਼ੀਲ ਕੁਮਾਰ ਉਸੇ ਦਿਨ ਤੋਂ ਪ੍ਰੇਸ਼ਾਨ



ਰਹਿੰਦਾ ਸੀ। ਉਸ ਨੇ ਦੱਸਿਆ ਕਿ ਬੀਤੇ ਕੱਲ੍ਹ ਵੀ ਪਹਿਲਾਂ ਕੁੱਟਮਾਰ ਕਰਨ ਵਾਲਿਆਂ ਵੱਲੋਂ ਮੇਰੇ ਪੁੱਤਰ ਨੂੰ ਧਮਕਾਇਆ ਗਿਆ। ਮੈਂ ਪ੍ਰੇਸ਼ਾਨ ਆਪਣੇ ਪੁੱਤਰ ਨੂੰ ਕਾਫ਼ੀ ਸਮਝਾਇਆ ਅਤੇ ਮੈਂ ਆਪਣੇ ਕਮਰੇ 'ਚ ਲੇਟ ਗਈ ਅਤੇ ਸੁਸ਼ੀਲ ਕੁਮਾਰ ਦੂਜੇ ਕਮਰੇ 'ਚ ਸੌਣ ਲਈ ਚਲਾ ਗਿਆ। ਰਾਤ ਨੂੰ ਉਸ ਦੇ ਕਮਰੇ 'ਚ ਗਈ ਤਾਂ ਵੇਖਿਆ ਸੁਸ਼ੀਲ ਕੁਮਾਰ ਫਾਹਾ ਲੈ ਕੇ ਛੱਤ ਵਾਲੇ ਪੱਖੇ ਨਾਲ ਲਟਕ ਰਿਹਾ ਸੀ ਤਾਂ ਉਸ ਨੇ ਘਰੋਂ ਬਾਹਰ ਆ ਕੇ ਰੌਲਾ ਪਾਇਆ ਤਾਂ ਉਸ ਦੀ ਦਰਾਣੀ ਰਿੰਪੀ ਪਤਨੀ ਰਾਮੇਸ਼ ਕੁਮਾਰ ਰੌਲਾ ਸੁਣ ਕੇ ਸਾਡੇ ਘਰ ਆਈ, ਜਿਸ ਦੀ ਮਦਦ ਨਾਲ ਉਸ ਨੇ ਆਪਣੇ ਲੜਕੇ ਸੁਸ਼ੀਲ ਕੁਮਾਰ ਦੇ ਗਲ 'ਚ ਪਏ ਕੱਪੜੇ ਨੂੰ ਖੋਲ੍ਹ ਕੇ ਹੇਠਾਂ ਉਤਾਰਿਆ, ਜਿਸ ਦੇ ਸਾਹ ਨਹੀ ਚੱਲ ਰਹੇ ਸਨ, ਜਿਸ ਦੀ ਮੌਤ ਹੋ ਚੁੱਕੀ ਸੀ। ਥਾਣਾ ਮੁਖੀ ਦਲਜੀਤ ਸਿੰਘ ਨੇ ਦੱਸਿਆ ਕਿ ਜਾਂਚ ਉਪਰੰਤ ਕਾਰਵਾਈ ਕੀਤੀ ਜਾਵੇਗੀ।

## ਘਰ 'ਚ ਵੜ ਕੇ 4 ਸਾਲਾ ਬੱਚੀ ਕੋਲੋਂ ਖੋਹ ਕੇ ਲੈ ਗਏ ਮੋਬਾਈਲ, ਰੌਲਾ ਪਾਉਂਦੀ ਰਹਿ ਗਈ ਦਾਦੀ

ਲੁਧਿਆਣਾ 31 ਮਾਰਚ। ਸ਼ਹਿਰ ਵਿਚ ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਹੁਣ ਉਹ ਘਰਾਂ ਵਿਚ ਵੜ ਕੇ ਵੀ ਵਾਰਦਾਤਾਂ ਨੂੰ ਅੰਜਾਮ ਦੇਣ ਲੱਗ ਪਏ ਹਨ। ਤਾਜ਼ਾ ਮਾਮਲੇ ਵਿਚ ਇਕ ਮਹਿਲਾ ਨੇ ਘਰ 'ਚ ਵੜ ਕੇ ਖੇਡ ਰਹੀ ਮਾਸੂਮ ਬੱਚੀ ਨੂੰ ਆਪਣਾ ਨਿਸ਼ਾਨਾ ਬਣਾਇਆ ਤੇ ਉਸ ਦੇ ਹੱਥੋਂ ਮੋਬਾਈਲ ਖੋਹ ਕੇ ਫ਼ਰਾਰ ਹੋ ਗਈ। ਹਾਲਾਂਕਿ ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਮੁਸਤੈਦੀ ਦਿਖਾਉਂਦਿਆਂ ਮੁਲਜ਼ਮਾਂ ਨੂੰ ਦਬੋਚ ਲਿਆ ਹੈ। ਮੁਲਜ਼ਮ ਪਤੀ-ਪਤਨੀ ਹੈ। ਉਨ੍ਹਾਂ ਦੀ ਪਛਾਣ ਜੱਸੀਆ ਰੋਡ ਦੇ ਰਹਿਣ ਵਾਲੇ ਰੀਤੂ ਉਰਫ਼ ਮਨੂੰ ਤੇ ਰਾਜਕੁਮਾਰ ਉਰਫ਼ ਰਾਜੂ ਵਜੋਂ ਹੋਈ ਹੈ। ਸ਼ਿਕਾਇਤਕਰਤਾ ਕ੍ਰਿਸ਼ਨ ਲਾਲ ਨੇ ਦੱਸਿਆ ਕਿ ਘਟਨਾ ਦੇ ਵੇਲੇ ਉਨ੍ਹਾਂ ਦੇ ਘਰ ਦਾ ਮੁੱਖ ਦਰਵਾਜ਼ਾ ਖੁੱਲ੍ਹਿਆ ਸੀ। ਘਰ ਦੇ ਅੰਦਰ ਕਮਰੇ ਵਿਚ ਉਨ੍ਹਾਂ ਦੀ 4 ਸਾਲਾ ਪੋਤਰੀ ਆਪਣੀ ਮਾਂ ਦੇ ਮੋਬਾਈਲ ਫ਼ੋਨ ਨਾਲ ਖੇਡ ਰਹੀ ਸੀ। ਕੋਲ ਹੀ ਸੋਫ਼ੇ 'ਤੇ ਬੱਚੀ ਦੀ ਦਾਦੀ ਲੰਮੇ ਪਈ ਹੋਈ ਸੀ। ਇਸੇ ਦੌਰਾਨ ਇਕ ਅਣਪਛਾਤੀ ਮਹਿਲਾ ਘਰ ਵਿਚ ਦਾਖ਼ਲ ਹੋਈ ਤੇ ਬੱਚੀ ਤੋਂ ਮੋਬਾਈਲ ਖੋਹ ਕੇ ਭੱਜਣ ਲੱਗ ਪਈ। ਦਾਦੀ ਨੇ ਜਿਉਂ ਹੀ ਰੌਲ?ਾ ਸੁਣਿਆ, ਉਹ ਤੁਰੰਤ ਉੱਠੀ ਤੇ ਉਕਤ ਮਹਿਲਾ ਦਾ ਪਿੱਛਾ ਕੀਤਾ।



ਘਰ ਦੇ ਬਾਹਰਰ ਮਹਿਲਾ ਦਾ ਇਕ ਸਾਥੀ ਐਕਟਿਵਾ ਸਟਾਰਟ ਕਰ ਕੇ ਪਹਿਲਾਂ ਹੀ ਖੜ੍ਹਾ ਸੀ। ਮਹਿਲਾ ਫੁਰਤੀ ਨਾਲ ਐਕਟਿਵਾ 'ਤੇ ਸਵਾਰ ਹੋਈ ਤੇ ਦੋਵੇਂ ਮੋਬਾਈਲ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ। ਪੁਲਸ ਨੇ ਦੋਹਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਮੁਲਜ਼ਮਾਂ ਤੋਂ ਵਾਰਦਾਤ ਦੌਰਾਨ ਖੋਹਿਆ ਗਿਆ ਮੋਬਾਈਲ ਬਰਾਮਦ ਕਰ ਲਿਆ ਹੈ, ਹੁਣ ਰਿਮਾਂਡ ਲੈ ਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸਰਹੱਦ ਨੇੜਿਓਂ ਇਕ ਕਿਲੋ ਹੈਰੋਇਨ ਤੇ ਮੋਬਾਇਲ ਸਮੇਤ 2 ਨਸ਼ਾ ਤਸਕਰ ਗ੍ਰਿ.ਫਤਾਰ

ਤਰਨਤਾਰਨ 31 ਮਾਰਚ। ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਥਾਣਾ ਖਾਲੜਾ ਦੀ ਪੁਲਸ ਨੇ ਦੋ ਮੁਲਜ਼ਮਾਂ ਨੂੰ ਕਾਬੂ ਕਰਦੇ ਹੋਏ ਉਨ੍ਹਾਂ ਪਾਸੋਂ 1 ਕਿਲੋ 32 ਗ੍ਰਾਮ ਹੈਰੋਇਨ, ਇਕ ਮੋਬਾਇਲ ਫੋਨ ਅਤੇ ਮੋਟਰਸਾਈਕਲ ਬਰਾਮਦ ਕਰਨ ਵਿਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਪਰਚਾ ਦਰਜ ਕਰਨ ਉਪਰੰਤ ਦੋਵਾਂ ਮੁਲਜ਼ਮਾਂ ਦਾ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਵਿਚ ਵੱਡੇ ਖ਼ੁਲਾਸੇ ਹੋ ਸਕਦੇ ਹਨ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਥਾਣਾ ਖਾਲੜਾ ਦੀ ਪੁਲਸ ਅਤੇ ਬੀ. ਐੱਸ. ਐੱਫ਼. ਦੀ 142 ਬਟਾਲੀਅਨ ਵੱਲੋਂ ਸਾਂਝੇ ਤੌਰ ਉਪਰ ਨਾਕਾਬੰਦੀ ਕਰਦੇ ਹੋਏ ਪਿੰਡ ਵਾਂ ਵਾਲੀ ਸਾਈਡ ਤੋਂ ਆਉਂਦੇ ਇਕ ਮੋਟਰਸਾਈਕਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਜਿਸ ਉਪਰ ਬੈਠੇ ਨੌਜਵਾਨਾਂ ਵੱਲੋਂ ਇਕ ਵਜ਼ਨਦਾਰ ਮੋਮੀ ਲਿਫ਼ਾਫ਼ਾ ਪੁਲਸ ਪਾਰਟੀ ਨੂੰ ਵੇਖ ਕੇ ਘਾਹ ਉਪਰ ਸੁੱਟ ਦਿੱਤਾ ਗਿਆ। ਜਿਸ ਨੂੰ ਲੱਭ ਕੇ ਉਸ ਦੀ ਤਲਾਸ਼ੀ ਲੈਣ ਦੌਰਾਨ ਉਸ ਵਿਚੋਂ 1 ਕਿਲੋ 32 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਗ੍ਰਿ.ਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਖ਼ੁਸ਼ਕੀ ਪੁੱਤਰ ਲਾਡੀ ਸਿੰਘ ਵਾਸੀ ਚੇਲਾ ਕਾਲੋਨੀ ਭਿੱਖੀਵਿੰਡ ਅਤੇ ਸਾਜਨ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਪਿੰਡ ਡਲ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਪਾਸੋਂ ਇਕ ਮੋਬਾਇਲ ਫੋਨ ਅਤੇ ਮੋਟਰਸਾਈਕਲ ਨੂੰ ਕਬਜ਼ੇ ਵਿਚ ਲੈਂਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦਾ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿੱਛ ਵਿਚ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਹੈਰੋਇਨ ਦੀ ਇਹ ਖੇਪ ਕਿਹੜੇ ਰਸਤੇ ਅਤੇ ਕਿਸ ਤਰ੍ਹਾਂ ਇਨ੍ਹਾਂ ਕੋਲ ਪੁੱਜੀ ਹੈ ਅਤੇ ਇਸ ਨੂੰ ਕਿੱਥੇ ਸਪਲਾਈ ਕੀਤਾ ਜਾਣਾ ਸੀ।

## ਨਸ਼ਾ ਕਰਨ ਤੋਂ ਰੋਕਿਆ ਤਾਂ ਵਿਅਕਤੀ ਦੀ ਕੀਤੀ ਕੁੱਟਮਾਰ

ਗੁਰੂਹਰਸਹਾਏ 31 ਮਾਰਚ। ਗੁਰੂਹਰਸਹਾਏ ਦੇ ਅਧੀਨ ਆਉਂਦੀ ਬਸਤੀ ਗੋਬਿੰਦਗੜ੍ਹ ਵਿਖੇ ਨਸ਼ਾ ਕਰਨ ਤੋਂ ਰੋਕਣ 'ਤੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ 3 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਕੁਲਵੰਤ ਸਿੰਘ ਪੁੱਤਰ ਚੰਨਾ ਸਿੰਘ ਵਾਸੀ ਬਸਤੀ ਗੋਬਿੰਦਗੜ੍ਹ ਨੇ ਦੱਸਿਆ ਕਿ ਉਹ ਨੇ ਮਿਤੀ 9 ਮਈ 2025 ਨੂੰ ਕਰੀਬ 9.30 ਨੂੰ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਦੋਸ਼ੀਅਨ ਗੁਰਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ, ਕੁਲਦੀਪ ਸਿੰਘ ਪੁੱਤਰ ਹਰਨਾਮ ਸਿੰਘ ਅਤੇ ਸਵਰਨਾ ਰਾਣੀ ਪੁੱਤਰੀ ਕੁਲਦੀਪ ਸਿੰਘ ਵਾਸੀਅਨ ਗੋਬਿੰਦਗੜ੍ਹ ਨੇ ਉਸ ਨੂੰ ਗਲੀ ਵਿਚ ਰੋਕ ਕੇ ਮੁਸੱਲਾ ਹਥਿਆਰ ਹੋ ਕੇ ਉਸ ਦੇ ਸੱਟਾਂ ਮਾਰੀਆਂ। ਵਜ਼ਾ ਰਜ਼ਿਸ਼ ਹੈ ਕਿ ਹੈ ਕਿ ਉਹ ਗੁਰਪ੍ਰੀਤ ਸਿੰਘ ਨੂੰ ਆਪਣੇ ਹਲਕੇ ਵਿਚ ਨਸ਼ਾ ਕਰਨ ਤੋਂ ਰੋਕਿਆ ਸੀ। ਕੁਲਵੰਤ ਸਿੰਘ ਨੇ ਦੱਸਿਆ ਕਿ ਇਸੇ ਰੰਜ਼ਿਸ਼ ਦੇ ਚੱਲਦਿਆਂ ਉਸ ਦੇ ਉਕਤ ਦੋਸ਼ੀਅਨ ਨੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਚੰਦ ਨੇ ਦੱਸਿਆ ਕਿ ਪੁਲਿਸ ਨੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਗੁਰੂ ਨਗਰੀ 'ਚ ਵੱਡੀ ਵਾਰਦਾਤ, ਘਰ ਦੇ ਬਾਹਰ ਖੜ੍ਹੇ ਭਰਾ ਨੂੰ ਭੈਣ ਸਾਹਮਣੇ ਮਾਰੀਆਂ ਗੋਲੀਆਂ

ਕੌਮੀ ਪਤ੍ਰਿਕਾ

ਅੰਮ੍ਰਿਤਸਰ 31 ਮਾਰਚ। ਛੇਹਰਟਾ ਥਾਣਾ ਇਲਾਕੇ ਵਿਚ ਦੇਰ ਰਾਤ ਗੋਲੀਬਾਰੀ ਦੀ ਇਕ ਸਨਸਨੀਖੇਜ਼ ਘਟਨਾ ਸਾਹਮਣੇ ਆਈ ਹੈ, ਜਿਸ ਨਾਲ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਜਾਣਕਾਰੀ ਮੁਤਾਬਕ ਸਾਗਰ ਉਰਫ਼ ਲਵ ਜੋ ਛੇਹਰਟਾ ਦਾ ਰਹਿਣ ਵਾਲਾ ਹੈ ਅਤੇ ਇਕ ਜਾਣੇ-ਪਛਾਣੇ ਪਰਿਵਾਰ ਨਾਲ ਸੰਬੰਧਤ ਹੈ 'ਤੇ ਅਣਪਛਾਤੇ ਹਮਲਾਵਰ ਵੱਲੋਂ ਗੋਲੀਆਂ ਚਲਾ ਦਿੱਤੀਆਂ ਗਈਆਂ। ਗੋਲੀਆਂ ਲੱਗਣ ਕਾਰਣ ਜ਼ਖਮੀ ਹੋਏ ਨੌਜਵਾਨ ਨੂੰ ਤੁਰੰਤ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸਦਾ ਇਲਾਜ ਜਾਰੀ ਹੈ ਅਤੇ ਡਾਕਟਰਾਂ ਮੁਤਾਬਕ ਉਸਦੀ ਹਾਲਤ ਇਸ ਵੇਲੇ ਸਥਿਰ ਦੱਸੀ ਜਾ ਰਹੀ ਹੈ। ਮੌਕੇ 'ਤੇ ਪਹੁੰਚੇ ਏਸੀਪੀ ਸ਼ਿਵ ਦਰਸ਼ਨ ਨੇ



ਦੱਸਿਆ ਕਿ ਹਮਲਾ ਉਸ ਵੇਲੇ ਹੋਇਆ ਜਦੋਂ ਨੌਜਵਾਨ ਆਪਣੇ ਘਰ ਦੇ ਬਾਹਰ ਖੜ੍ਹਾ ਸੀ ਅਤੇ ਉਸਦੀ ਭੈਣ ਨਾਲ ਸੀ। ਇਸ ਦੌਰਾਨ ਇਕ ਨਕਾਬਪੋਸ਼ ਨੌਜਵਾਨ ਐਕਟਿਵਾ 'ਤੇ ਆਇਆ ਅਤੇ ਅਚਾਨਕ ਗੋਲੀ ਚਲਾ ਕੇ ਫਰਾਰ ਹੋ ਗਿਆ। ਗੋਲੀ ਨੌਜਵਾਨ ਦੇ ਪੇਟ ਵਿਚ ਲੱਗੀ। ਪੁਲਸ ਮੁਤਾਬਕ ਫਿਲਹਾਲ ਕੋਈ ਪੁਰਾਣੀ ਰੰਜਿਸ਼ ਜਾਂ ਧਮਕੀ ਦੀ ਗੱਲ ਸਾਹਮਣੇ ਨਹੀਂ ਆਈ ਪਰ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਇਲਾਕੇ ਦੇ ਸੀਸੀਟੀਵੀ ਫੁਟੇਜ ਵੀ ਖੰਗਾਲੇ ਜਾ ਰਹੇ ਹਨ ਅਤੇ ਕੁਝ ਮਹੱਤਵਪੂਰਨ ਸੁਰਾਗ ਹੱਥ ਲੱਗੇ ਹਨ। ਏਸੀਪੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿਚ ਕਿਸੇ ਗੈਂਗਸਟਰ ਲਿੰਕ ਦੀ ਪੁਸ਼ਟੀ ਨਹੀਂ ਹੋਈ ਹੈ ਪਰ ਪੁਲਸ ਇਸ ਐਂਗਲ ਤੋਂ ਵੀ ਜਾਂਚ ਕਰ ਰਹੀ ਹੈ। ਉਨ੍ਹਾਂ ਭਰੋਸਾ ਦਵਾਇਆ ਕਿ ਦੋਸ਼ੀਆਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਸਾਬਕਾ ਕੈਬਨਿਟ ਮੰਤਰੀ ਡਾ. ਰਾਜਕੁਮਾਰ ਵੇਰਕਾ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗੁੰਡਾਗਰਦੀ ਵੱਧ ਰਹੀ ਹੈ ਅਤੇ ਆਮ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਵੇਰਕਾ ਨੇ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇਹ ਸਰਕਾਰ ਹਰ ਮੋਰਚੇ 'ਤੇ ਨਾਕਾਮ ਰਹੀ ਹੈ ਅਤੇ ਮੁੱਖ ਮੰਤਰੀ ਨੂੰ ਇਸਦੀ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਕ-ਦੋ ਦਿਨਾਂ ਵਿਚ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ ਤਾਂ ਕਾਂਗਰਸ ਵੱਲੋਂ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿਚ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰਾਂ ਦਾ ਘਿਰਾਓ ਵੀ ਸ਼ਾਮਲ ਹੋਵੇਗਾ। ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸ਼ਹਿਰ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਵਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹੁਣ, ਅਮਰੀਕਾ ਅਤੇ ਯੂਰਪ ਵਾਂਗ ਪੰਜਾਬ ਵਿੱਚ ਮਹਿਜ਼ 6 ਮਿੰਟਾਂ ਵਿੱਚ ਪੁਲਿਸ ਸਹਾਇਤਾ ਮਿਲੇਗੀ : ਮੁੱਖ ਮੰਤਰੀ ਮਾਨ

**Contd.....Front page**

ਕਾਨੂੰਨ ਵਿਵਸਥਾ ਨੂੰ ਆਰਥਿਕ ਵਿਸ਼ਵਾਸ ਨਾਲ ਜੋੜਦਿਆਂ ਉਨ੍ਹਾਂ ਕਿਹਾ, ਕਾਨੂੰਨ ਵਿਵਸਥਾ ਦਾ ਮੁਲਾਂਕਣ ਕਰਨ ਦਾ ਸਭ ਤੋਂ ਵਧੀਆ ਮਾਪਦੰਡ ਸੂਬੇ ਵਿੱਚ ਕੀਤਾ ਜਾਣ ਵਾਲਾ ਨਿਵੇਸ਼ ਹੈ ਅਤੇ ਟਾਟਾ ਸਟੀਲ ਵੱਲੋਂ ਪੰਜਾਬ ਵਿੱਚ ਆਪਣਾ ਦੂਜਾ ਸਭ ਤੋਂ ਵੱਡਾ ਪਲਾਂਟ ਸਥਾਪਤ ਕੀਤਾ ਗਿਆ ਜੋ ਸੂਬੇ ਦੀ ਬਿਹਤਰ ਕਾਨੂੰਨ ਵਿਵਸਥਾ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਅੱਗੇ ਕਿਹਾ, ਪੰਜਾਬ ਸਭ ਤੋਂ ਸੁਰੱਖਿਅਤ ਥਾਵਾਂ ਵਿੱਚੋਂ ਇੱਕ ਹੈ ਅਤੇ ਇਸਦਾ ਸਿਹਰਾ ਪੰਜਾਬ ਪੁਲਿਸ ਨੂੰ ਜਾਂਦਾ ਹੈ ਜਿਸਨੇ ਫੋਰਸ ਅਤੇ ਲੋਕਾਂ ਦਰਮਿਆਨ ਪਾੜੇ ਨੂੰ ਪੂਰਿਆ ਹੈ। ਸੜਕ ਸੁਰੱਖਿਆ ਵਿੱਚ ਕੀਤੇ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਸਰਕਾਰ ਨੇ ਹਾਈਵੇਅ 'ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਦੇਸ਼ ਦੀ ਪਹਿਲੀ ਸਮਰਪਿਤ ਸੜਕ ਸੁਰਖੀਆ ਫੋਰਸ ਸ਼ੁਰੂ ਕੀਤੀ ਹੈ।" ਉਨ੍ਹਾਂ ਕਿਹਾ, "1,597 ਸਿਖਲਾਈ ਪ੍ਰਾਪਤ ਕਰਮਚਾਰੀਆਂ ਅਤੇ 144 ਆਧੁਨਿਕ ਵਾਹਨਾਂ ਦੇ ਨਾਲ ਇਸ ਫੋਰਸ ਨੇ ਆਪਣੀ ਸ਼ੁਰੂਆਤ ਤੋਂ ਬਾਅਦ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 48 ਫੀਸਦ ਦੀ ਕਮੀ ਲਿਆਂਦੀ ਹੈ।" ਉਨ੍ਹਾਂ ਕਿਹਾ, "4,200 ਕਿਲੋਮੀਟਰ ਦੁਰਘਟਨਾ-ਪ੍ਰਭਾਵਿਤ ਹਾਈਵੇਅ 'ਤੇ ਤਾਇਨਾਤ, ਇਹ ਫੋਰਸ ਨਾ ਸਿਰਫ਼ ਗਸ਼ਤ ਕਰਦੀ ਹੈ ਬਲਕਿ ਉਲੰਘਣਾਵਾਂ ਵਿਰੁੱਧ ਰੋਕਥਾਮ ਵਜੋਂ ਵੀ ਕੰਮ ਕਰਦੀ ਹੈ। ਇਸ ਪਹਿਲ ਦੀ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਵੀ ਸ਼ਲਾਘਾ ਕੀਤੀ ਹੈ। ਪੁਲਿਸ ਦੇ ਆਧੁਨਿਕੀਕਰਨ ਬਾਰੇ ਗੱਲ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ, ਐਮਰਜੈਂਸੀ ਰਿਸਪਾਂਸ ਵਾਹਨ ਪਹਿਲਕਦਮੀ ਤਹਿਤ 508 ਨਵੀਆਂ ਬੋਲੈਰੋ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਾ ਰਿਹਾ ਹੈ ਅਤੇ ਡਾਇਲ-112 ਤਹਿਤ ਜਨਤਕ ਸੇਵਾ ਲਈ ਸਮਰਪਿਤ ਹਨ।" ਉਨ੍ਹਾਂ ਕਿਹਾ, "ਇਹ ਵਾਹਨ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤੇ ਜਾਣਗੇ ਜੋ ਨਾਗਰਿਕਾਂ ਨੂੰ ਤੁਰੰਤ ਸਹਾਇਤਾ ਯਕੀਨੀ ਬਣਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਡਾਇਲ-112 ਫਲੀਟ ਵਿੱਚ ਵਾਹਨਾਂ ਦੀ ਗਿਣਤੀ ਵਧ ਕੇ 764 ਹੋ ਗਈ ਹਨ, ਜੋ ਸਾਰੇ ਜੀਪੀਐਸ ਟਰੈਕਰਸ, ਡੈਸ਼ ਕੈਮਰੇ ਅਤੇ ਮੋਬਾਈਲ ਡਾਟਾ ਸਿਸਟਮ ਸਮੇਤ ਅਤਿ-ਆਧੁਨਿਕ ਤਕਨਾਲੋਜੀਆਂ ਨਾਲ ਲੈਸ ਹਨ।

ਬਿਹਤਰ ਕੁਸ਼ਲਤਾ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਡਾਇਲ-112 'ਤੇ ਰੋਜ਼ਾਨਾ 15,000 ਕਾਲਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 1,500 ਕਾਲਾਂ ਲਈ ਸਹਾਇਤਾ ਵਜੋਂ ਤੁਰੰਤ ਵਾਹਨ ਭੇਜੇ ਜਾਂਦੇ ਹਨ ਅਤੇ ਪ੍ਰਕਿਰਿਆ ਸਮਾਂ 30-45 ਮਿੰਟਾਂ ਤੋਂ ਘਟਾ ਕੇ ਸਿਰਫ਼ 13-14 ਮਿੰਟ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੁਲਿਸ ਭਲਾਈ ਲਈ ਬਹੁਤ ਘੱਟ ਫੰਡ ਅਲਾਟ ਕੀਤੇ ਸਨ ਜਦੋਂ ਕਿ ਮੌਜੂਦਾ ਸਰਕਾਰ ਨੇ ਸਿਰਫ਼ ਚਾਰ ਸਾਲਾਂ ਵਿੱਚ 327.69 ਕਰੋੜ ਰੁਪਏ ਦਾ ਨਿਵੇਸ਼ ਕਰਕੇ ਸਾਲ 2022 ਤੋਂ ਹੁਣ ਤੱਕ 2,904 ਨਵੇਂ ਵਾਹਨ ਖਰੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਹਰ ਪੁਲਿਸ ਸਟੇਸ਼ਨ ਕੋਲ ਘੱਟੋ-ਘੱਟ ਇੱਕ ਨਵਾਂ ਵਾਹਨ ਹੈ। ਵਿਸ਼ੇਸ਼ ਯੂਨਿਟਾਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਏਐਨਟੀਐਫ ਲਈ 22 ਮਹਿੰਦਰਾ ਸਕਾਰਪੀਓ ਵਾਹਨ ਖਰੀਦਣ ਦੇ ਨਾਲ- ਨਾਲ ਗਤੀਸ਼ੀਲਤਾ ਅਤੇ ਔਰਤਾਂ ਦੀ ਸੁਰੱਖਿਆ ਲਈ ਇਲੈਕਟ੍ਰਿਕ ਸਕੂਟਰ ਵੀ ਖਰੀਦੇ ਗਏ ਹਨ। ਉਨ੍ਹਾਂ ਅੱਗੇ ਐਲਾਨ ਕੀਤਾ ਕਿ ਸਾਲ 2026-27 ਵਿੱਚ ਹੋਰ ਵਾਹਨ ਖਰੀਦ ਲਈ 11.45 ਕਰੋੜ ਰੁਪਏ ਵੀ ਅਲਾਟ ਕੀਤੇ ਗਏ ਹਨ। ਪੰਜਾਬ ਵਿੱਚ ਸੁਰੱਖਿਆ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਅੱਤਵਾਦ ਦੇ ਔਖੇ ਪੜਾਵਾਂ ਵਿੱਚੋਂ ਲੰਘਿਆ ਹੈ, ਪਰ ਪੁਲਿਸ ਕਰਮਚਾਰੀਆਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਸੂਬੇ ਵਿੱਚ ਸ਼ਾਂਤੀ ਬਹਾਲ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਅਤੇ ਅੱਜ ਸੂਬੇ ਨੂੰ ਇਸ ਦੀ ਸ਼ਾਂਤੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਹੱਦੀ ਰਾਜ ਵਜੋਂ ਦਰਪੇਸ਼ ਚੁਣੌਤੀਆਂ ਦੇ ਬਾਵਜੂਦ, ਪੰਜਾਬ ਪੁਲਿਸ ਪੂਰੀ ਵਚਨਬੱਧਤਾ ਨਾਲ ਆਪਣੀ ਡਿਊਟੀ ਨਿਭਾ ਰਹੀ ਹੈ। ਭਵਿੱਖ ਦੇ ਸੁਧਾਰਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜਲਦ ਹੀ ਪੰਜਾਬ ਪੁਲਿਸ ਦੀ ਕੁਸ਼ਲਤਾ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰੇਗੀ, ਜੋ ਸੂਬੇ ਨੂੰ ਦੇਸ਼ ਵਿੱਚ ਇੱਕ ਮੋਹਰੀ ਫੋਰਸ ਬਣਾਏਗਾ ਅਤੇ ਵਿਗਿਆਨਕ ਤਰੀਕਿਆਂ ਰਾਹੀਂ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰੇਗਾ। ਮੁੱਖ ਮੰਤਰੀ ਨੇ ਕਿਸਾਨ ਭਲਾਈ ਬਾਰੇ ਗੱਲ ਕਰਦਿਆਂ ਕਿਹਾ ਕਿ ਸਰਕਾਰ ਖੇਤੀਬਾੜੀ ਵਾਲੀ ਜ਼ਮੀਨ ਵਿੱਚੋਂ ਲੰਘਦੀਆਂ ਹਾਈ-ਟੈਂਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਦੀ ਸੰਭਾਵਨਾ ਦੀ ਪੜਚੋਲ ਕਰ ਰਹੀ ਹੈ, ਜਿਸ ਨਾਲ ਕਿਸਾਨਾਂ ਅਤੇ ਉਨ੍ਹਾਂ ਦੀਆਂ ਫਸਲਾਂ ਲਈ ਜੋਖਮ ਘੱਟ ਜਾਣਗੇ। ਭਰਤੀ ਬਾਰੇ ਉਨ੍ਹਾਂ ਕਿਹਾ ਕਿ ਸਾਲ 2022 ਤੋਂ ਲੈ ਕੇ ਹੁਣ ਤੱਕ ਪੰਜਾਬ ਪੁਲਿਸ ਵਿੱਚ 12,197 ਭਰਤੀਆਂ ਕੀਤੀਆਂ ਗਈਆਂ ਹਨ ਅਤੇ ਹੋਰ ਭਰਤੀ ਪ੍ਰਕਿਰਿਆਵਾਂ ਚੱਲ ਰਹੀਆਂ ਹਨ, ਜਿਸ ਸਬੰਧੀ ਮਾਰਚ 2026 ਵਿੱਚ 1,746 ਕਾਂਸਟੇਬਲ ਅਤੇ 3,298 ਨਵੇਂ ਅਹੁਦੇ ਸ਼ਾਮਲ ਕਰਨ ਲਈ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ। ਪਾਰਦਰਸ਼ੀ ਸ਼ਾਸਨ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਟੈਕਸ ਦੇ ਪੈਸੇ ਨੂੰ ਵਿਕਾਸ ਕਾਰਜਾਂ 'ਤੇ ਪੂਰੀ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ ਅਤੇ ਸੂਬਾ ਵਾਸੀਆਂ ਲਈ ਸਿੱਖਿਆ, ਸਿਹਤ ਸੰਭਾਲ, ਬੁਨਿਆਦੀ ਢਾਂਚੇ ਅਤੇ ਭਲਾਈ ਸਕੀਮਾਂ ਵਿੱਚ ਲਾਭ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ 90 ਫ਼ੀਸਦ ਘਰਾਂ ਨੂੰ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਤੋਂ ਬਿਨਾਂ 65,000 ਤੋਂ ਵੱਧ ਸਰਕਾਰੀ ਨੌਕਰੀਆਂ, ਬਿਹਤਰ ਸੜਕਾਂ ਅਤੇ ਟੋਲ ਪਲਾਜ਼ਾ ਬੰਦ ਕਰਕੇ ਰੋਜ਼ਾਨਾ 70 ਲੱਖ ਰੁਪਏ ਦੀ ਬੱਚਤ ਇਮਾਨਦਾਰ ਸ਼ਾਸਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਦੂਜੀਆਂ ਸਿਆਸੀ ਪਾਰਟੀਆਂ ਸਿਰਫ਼ ਸੱਤਾ ਹਥਿਆਉਣ 'ਤੇ ਧਿਆਨ ਦਿੰਦੀਆਂ ਹਨ, ਉੱਥੇ ਹੀ ਸਾਡੀ ਸਰਕਾਰ ਸਿੱਖਿਆ, ਸਿਹਤ, ਬਿਜਲੀ ਅਤੇ ਖੇਤੀਬਾੜੀ ਖੇਤਰ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਨੇ ਮੌਕਾਪ੍ਰਸਤ ਰਾਜਨੀਤੀ ਨੂੰ ਛੱਡ ਕੇ ਇੱਕ ਅਜਿਹੀ ਸਰਕਾਰ ਚੁਣੀ ਹੈ ਜੋ ਉਨ੍ਹਾਂ ਲਈ ਕੰਮ ਕਰਦੀ ਹੈ। ਵਿਰੋਧੀ ਲੀਡਰਸ਼ਿਪ 'ਤੇ ਨਿਸ਼ਾਨਾ ਸਾਧਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁਝ ਆਗੂ ਲੋਕਾਂ ਨੂੰ ਜੁਮਲਿਆਂ ਵਿੱਚ ਫਸਾ ਕੇ ਸੱਤਾ ਵਿੱਚ ਵਾਪਸ ਆਉਣ ਦੇ ਸੁਪਨੇ ਦੇਖ ਰਹੇ ਹਨ, ਪਰ ਲੋਕ ਉਨ੍ਹਾਂ ਦੇ ਟਰੈਕ ਰਿਕਾਰਡ ਤੋਂ ਪੂਰੀ ਤਰ੍ਹਾਂ ਜਾਣੂ ਹਨ। ਉਨ੍ਹਾਂ ਅੱਗੇ ਕਿਹਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਦੇ ਸੁਖਬੀਰ ਸਿੰਘ ਬਾਦਲ ਨੂੰ ਸਮੁੱਚੀ ਲੀਡਰਸ਼ਿਪ ਦੀਆਂ ਜ਼ਿੰਮੇਵਾਰੀਆਂ ਨਹੀਂ ਸੌਂਪੀਆਂ ਸਨ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਰਿੰਦਰ ਗੋਇਲ ਦੇ ਨਾਲ ਡੀ.ਜੀ.ਪੀ. ਜਨਰਲ ਗੌਰਵ ਯਾਦਵ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਰਾਵੀ ਦਰਿਆ 'ਚ ਗੈਰ-ਕਾਨੂੰਨੀ ਮਾਈਨਿੰਗ ਕਰਦੇ 3 ਪੋਕਲੇਨ ਮਸ਼ੀਨਾਂ ਸਣੇ ਦੋ ਗ੍ਰਿਫ਼ਤਾਰ

ਬਮਿਆਲ/ਤਾਰਾਗੜ, 31 ਮਾਰਚ। ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ ਲਗਾਤਾਰ ਜਾਰੀ ਹੈ। ਪੁਲਸ ਨੇ ਰਾਤ ਨੂੰ ਰਾਵੀ ਦਰਿਆ ਵਿੱਚ ਛਾਪਾ ਮਾਰਿਆ, ਦੋ ਮੁਲਜ਼ਮਾਂ ਨੂੰ ਤਿੰਨ ਪੋਕਲੇਨ ਮਸ਼ੀਨਾਂ ਸਮੇਤ ਗ੍ਰਿਫ਼ਤਾਰ ਕੀਤਾ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ, ਡੀਐਸਪੀ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਰਾਵੀ ਦਰਿਆ ਵਿੱਚ ਗੈਰ-ਕਾਨੂੰਨੀ ਮਾਈਨਿੰਗ ਬੇਰੋਕ ਜਾਰੀ ਹੈ। ਪੁਲਸ ਨੇ ਕਈ ਵਾਰ ਗੈਰ-ਕਾਨੂੰਨੀ ਮਾਈਨਿੰਗ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ ਪਰ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸ਼ਾਮਲ ਲੋਕ ਅਜੇ ਵੀ ਰੁਕੇ ਹੋਏ ਹਨ। ਬੀਤੀ ਰਾਤ, ਪੁਲਸ ਨੇ ਵੀ ਇਲਾਕੇ ਵਿੱਚ ਛਾਪਾ ਮਾਰਿਆ। ਰਾਵੀ ਦਰਿਆ ਤੋਂ ਗੈਰ-ਕਾਨੂੰਨੀ ਮਾਈਨਿੰਗ ਕਰਦੇ ਸਮੇਂ ਤਿੰਨ ਪੋਕਲੇਨ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ ਅਤੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਮੱਥਾ ਪੱਟੀ ਨਾਲ ਤੁਸੀਂ ਵੀ ਕਰ ਸਕਦੇ ਹੋ ਆਪਣੀ ਖ਼ੂਬਸੂਰਤੀ 'ਚ ਵਾਧਾ



ਗਹਿਣਿਆਂ ਨਾਲ ਔਰਤਾਂ ਨੂੰ ਵੱਖਰੀ ਪਛਾਣ ਮਿਲਦੀ ਹੈ। ਕੰਨਾਂ ਦੇ ਝੁਮਕਿਆਂ ਤੋਂ ਲੈ ਕੇ ਮੱਥੇ ਦਾ ਟਿੱਕਾ ਉਸ ਦੀ ਖ਼ੂਬਸੂਰਤੀ ਵਿਚ ਚਾਰ ਚੰਨ ਲਗਾਉਂਦਾ ਹੈ। ਗਹਿਣੇ ਪਹਿਨ ਕੇ ਔਰਤ ਦੀ ਲੁਕ ਨੂੰ ਓਵਰ ਆਲ ਫਿਨਿਸ਼ਿੰਗ ਟੱਚ ਮਿਲਦਾ ਹੈ। ਕੱਪੜਿਆਂ ਅਤੇ ਫੁਟਵੀਅਰ ਦੇ ਬਦਲਦੇ ਫੈਸ਼ਨ ਵਾਂਗ ਜਿਊਲਰੀ ਦਾ ਟ੍ਰੈਂਡ ਵੀ ਆਏ ਦਿਨ ਬਦਲਦਾ ਰਹਿੰਦਾ ਹੈ। ਘੁੰਮ-ਫਿਰ ਕੇ ਪੁਰਾਣਾ ਟ੍ਰੈਂਡ ਫਿਰ ਲੇਟੈਸਟ ਫੈਸ਼ਨ ਦਾ ਹਿੱਸਾ ਬਣ ਜਾਂਦਾ ਹੈ। ਜਿਵੇਂ ਅੱਜ-ਕਲ ਮੱਥਾ ਪੱਟੀ, ਝੂਮਰ (ਪਾਸਾ) ਦਾ ਫੈਸ਼ਨ ਟ੍ਰੈਂਡ ਵਿਚ ਆ ਗਿਆ ਹੈ। ਇਨ੍ਹਾਂ ਦੋਹਾਂ ਵਿਚੋਂ ਤੁਸੀਂ ਕੋਈ ਇਕ ਚੀਜ਼ ਨਾਲ ਆਪਣਾ ਮੱਥਾ ਸਜਾ ਸਕਦੇ ਹੋ। ਝੂਮਰ ਨੂੰ ਮੁਸਲਿਮ ਔਰਤਾਂ ਦੇ ਸ਼ਿੰਗਾਰ ਦਾ ਮੁਖ ਗਹਿਣਾ ਮੰਨਿਆ ਜਾਂਦਾ ਰਿਹਾ ਹੈ ਪਰ ਹੁਣ ਇਸ ਨੂੰ ਹਰ ਔਰਤ ਆਪਣੇ ਸ਼ਿੰਗਾਰ ਵਿਚ ਸ਼ਾਮਲ ਕਰ ਰਹੀ ਹੈ। ਉਥੇ ਹੀ ਮੱਥਾ ਪੱਟੀ ਦੀ ਗੱਲ ਕਰੀਏ ਤਾਂ ਇੰਡੀਅਨ ਟ੍ਰੈਡੀਸ਼ਨਲ ਲਾੜੀ ਦੇ ਆਊਟਫਿਟਸ ਨਾਲ ਇਸ ਦਾ ਡੂੰਘਾ ਸੰਬੰਧ ਹੈ। ਮੱਥਾ ਪੱਟੀ ਦਾ ਕ੍ਰੇਜ਼ ਦਿਨੋ-ਦਿਨ ਵਧ ਰਿਹਾ ਹੈ। ਪਹਿਲੇ ਜ਼ਮਾਨੇ ਵਿਚ ਤਾਂ ਲਾੜੀ ਇਸ ਨੂੰ ਜ਼ਰੂਰ ਪਹਿਨਦੀ ਸੀ, ਫਿਰ ਸਿੰਗਲ ਟਿੱਕੇ ਦਾ ਫੈਸ਼ਨ ਆ ਗਿਆ ਪਰ ਹੁਣ ਇਕ ਵਾਰ ਮੁੜ ਮੱਥਾ-ਪੱਟੀ ਦਾ ਟ੍ਰੈਂਡ ਜ਼ੋਰਾਂ-ਸ਼ੋਰਾਂ 'ਤੇ ਹੈ ਪਰ ਇਹ ਸਿਰਫ ਬ੍ਰਾਈਡ ਦਾ ਹੀ ਸ਼ਿੰਗਾਰ ਨਹੀਂ ਸਗੋਂ ਰੈੱਡ ਕਾਰਪੈੱਟ ਲੁਕ, ਹੋਰ ਫੰਕਸ਼ਨ ਜਾਂ ਕਈ ਫੈਸ਼ਨ ਸ਼ੋਅ ਦਾ ਵੀ ਹਿੱਸਾ ਬਣ ਰਿਹਾ ਹੈ। ਇਹ ਸਿਰਫ ਸਾਡੇ ਦੇਸ਼ ਤੱਕ ਹੀ ਸੀਮਤ ਨਹੀਂ ਸਗੋਂ ਦੁਨੀਆ ਭਰ ਵਿਚ ਮਸ਼ਹੂਰ ਹੋ ਰਿਹਾ ਹੈ। ਇਥੋਂ ਤੱਕ ਕਿ ਹਾਲੀਵੁੱਡ ਹੀਰੋਇਨਸ ਵੀ ਇਸ ਤਰ੍ਹਾਂ ਦੇ ਗਹਿਣੇ ਟ੍ਰਾਈ ਕਰ ਰਹੀਆਂ ਹਨ। ਵਿਦੇਸ਼ੀ ਪਹਿਰਾਵੇ ਨਾਲ ਵੀ ਮੱਥਾ-ਪੱਟੀ ਖ਼ੂਬ ਜਚ ਰਹੀ ਹੈ। ਜੇ ਤੁਸੀਂ ਵੀ ਆਪਣੇ ਵੈਡਿੰਗ ਡੇ 'ਤੇ ਟ੍ਰੈਡੀਸ਼ਨਲ ਲੁਕ ਹਾਸਲ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਆਪਣੀ ਜਿਊਲਰੀ ਵਿਚ ਜ਼ਰੂਰ ਸ਼ਾਮਲ ਕਰੋ। ਗੋਲਡ ਪਲੇਟਡ ਕੁੰਦਨ ਵਿਚ ਪਰਲ ਸਟੱਡ ਜਾਂ ਪੋਲਕੀ ਜਿਊਲਰੀ ਵਿਚ ਤੁਹਾਨੂੰ ਇਕ ਤੋਂ ਵਧ ਕੇ ਇਕ ਡਿਜ਼ਾਈਨ ਦੀ ਮੱਥਾ-ਪੱਟੀ ਮਿਲ ਜਾਵੇਗੀ। ਇਹ ਤੁਹਾਨੂੰ ਸ਼ਾਹੀ ਲੁਕ ਦੇਣਗੇ।

**ਇਨ੍ਹਾਂ ਗੱਲਾਂ ਦਾ ਰੱਖੋ ਖਿਆਲ**

☛ ਮੱਥਾ-ਪੱਟੀ ਦੀ ਚੋਣ ਕਰਦੇ ਸਮੇਂ ਫੇਸ ਕੱਟ ਅਤੇ ਹੇਅਰਸਟਾਈਲ ਦਾ ਵੀ ਜ਼ਰੂਰ ਧਿਆਨ ਰੱਖੋ।
☛ ਬਿਊਟੀ ਮਾਹਿਰ ਦੀ ਸਲਾਹ ਲਓ।
☛ ਤੁਹਾਡੀ ਮੱਥਾ-ਪੱਟੀ ਬਾਕੀ ਜਿਊਲਰੀ ਨਾਲ ਵੀ ਮੇਲ ਖਾਂਦੀ ਹੋਵੇ।
☛ ਜੇ ਤੁਹਾਡਾ ਚਿਹਰਾ ਹੈਲਦੀ ਜਾਂ ਭਰਵਾਂ ਹੈ ਤਾਂ ਤੁਸੀਂ ਹੈਵੀ ਮੱਥਾ-ਪੱਟੀ ਦੀ ਚੋਣ ਕਰ ਸਕਦੇ ਹੋ।
☛ ਕਿਸੇ ਖਾਸ ਪਰਿਵਾਰਕ ਸਮਾਗਮ ਜਾਂ ਈਵਨਿੰਗ ਪਾਰਟੀ ਲਈ ਹੈਵੀ ਮੱਥਾ-ਪੱਟੀ ਚੁਣੋ ਅਤੇ ਬੀਚ ਪਾਰਟੀ ਜਾਂ ਕੋਈ ਸੰਗੀਤ ਸਮਾਰੋਹ ਵਿਚ ਹਿੱਸਾ ਲੈਣ ਜਾ ਰਹੇ ਹੋ ਤਾਂ ਤੁਸੀਂ ਲਾਈਟ ਮੱਥਾ-ਪੱਟੀ ਨਾਲ ਲੰਮੀ ਚੇਨ ਜਾਂ ਨੈਕਲਸ ਵੀਅਰ ਕਰ ਸਕਦੇ ਹੋ।

# ਆਪਣੇ ਪਤੀ ਦੀਆਂ ਬੇਵਫਾਈਆਂ ਨੂੰ ਜਾਣਨ ਲਈ ਅਪਣਾਓ ਇਹ ਤਰੀਕੇ



ਜ਼ਿਆਦਾਤਰ ਔਰਤਾਂ ਵਿਆਹ ਦੇ ਬਾਅਦ ਅਪਣੇ ਪਤੀ ਦੇ ਵਰਤਾਓ 'ਚ ਹੋਣ ਵਾਲੇ ਬਦਲਾਵ ਤੋਂ ਪਰੇਸ਼ਾਨ ਹੋ ਜਾਂਦੀਆਂ ਹਨ। ਅਚਾਨਕ ਬਦਲੇ ਹੋਏ ਪਤੀ ਦੇ ਸੁਭਾਅ ਨੂੰ ਸਮਝ ਨਹੀਂ ਪਾਉਂਦੀਆਂ। ਮਰਦਾਂ 'ਚ ਇਸ ਤਰ੍ਹਾਂ ਦਾ ਵਰਤਾਓ ਤਾਂ ਹੀ ਦੇਖਣ ਨੂੰ ਮਿਲਦਾ ਹੈ ਜਦੋਂ ਉਨ੍ਹਾਂ ਦੀ ਜ਼ਿੰਦਗੀ ਆਪਣੇ ਜੀਵਣ ਸਾਥੀ ਤੋਂ ਇਲਾਵਾ ਕੋਈ ਹੋਰ ਵੀ ਆ ਜਾਂਦਾ ਹੈ। ਜੇਕਰ ਤੁਹਾਨੂੰ ਉਨ੍ਹਾਂ ਦੇ ਵਰਤਾਓ 'ਚ ਕੋਈ ਤਬਦੀਲੀ ਨਜ਼ਰ ਆਉਂਦੀ ਹੈ ਤਾਂ ਤੁਹਾਨੂੰ ਥੋੜ੍ਹਾ ਚੋਕਨਾ ਹੋਣ ਦੀ ਜ਼ਰੂਰਤ ਹੈ। ਅੱਜ ਤੁਹਾਨੂੰ ਅਸੀਂ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਦੱਸਾਂਗੇ ਜੋ ਕਿ ਇੱਕ ਆਪਣੀ ਜਿੰਦਗੀ 'ਚ ਕਿਸੇ ਹੋਰ ਦੇ ਆਉਣ ਤੇ ਕਰਦੇ ਹਨ।

1. ਜੇਕਰ ਪਤੀ ਕਿਸੇ ਦਾ ਫੋਨ ਆਉਣ 'ਤੇ ਵਖਰੇ ਜਾ ਕੇ ਗੱਲਾਂ ਕਰਨ ਜਾਂ ਹੋਲੀ-ਹੋਲੀ ਗੱਲਾਂ ਕਰਨ।
2. ਜਦੋਂ ਕਿਸੇ ਮਰਦ ਦੀ ਜਿੰਦਗੀ 'ਚ ਕੋਈ ਹੋਰ ਔਰਤ ਆਉਂਦੀ ਹੈ ਤਾਂ ਉਹ ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਅਕਾਉਂਟ ਬਣਾ ਲੈਂਦੇ ਹਨ।
3. ਇਸ ਤਰ੍ਹਾਂ ਦੇ ਮਰਦ ਘਰ 'ਚ ਵਾਰ-ਵਾਰ ਝਗੜਾ ਕਰਨ ਜਾਂ ਗਲਤੀਆਂ ਕੱਢਣ ਦੀ ਕੋਸ਼ਿਸ਼ ਕਰਦੇ ਹਨ।
4. ਆਪਣੇ ਮੋਬਾਇਲ ਤੇ ਆਏ ਸੁਨੇਹੇ (ਸੰਦੇਸ਼) ਜਲਦੀ ਤੋਂ ਜਲਦੀ ਖਤਮ (ਡੀਲੀਟ) ਕਰ ਦਿੰਦੇ ਹਨ।
5. ਪਤੀ ਆਪਣੀ ਪਤਨੀ ਨਾਲ ਕਟੇ-ਕਟੇ ਰਹਿਣ ਲੱਗ ਜਾਂਦੇ ਹਨ, ਛੋਟੀ ਗੱਲ ਨੂੰ ਵੱਡਾ ਕਰਕੇ ਲੜ੍ਹਾਈ ਕਰਨ ਦਾ ਬਹਾਨਾ ਲੱਭਦੇ ਹਨ।
6. ਪਤੀ ਆਪਣੀ ਪਤਨੀ ਤੋਂ ਗੱਲਾਂ ਛੁਪਾਉਣ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹਨ।
7. ਇਸ ਤਰ੍ਹਾਂ ਦੇ ਪਤੀ ਆਪਣੇ ਪਰਿਵਾਰ ਅਤੇ ਰਿਸ਼ਤੇਦਾਰੀ 'ਚ ਜਾਣ ਤੋਂ ਵੀ ਕਤਰਾਉਂਦੇ ਹਨ।
8. ਪਤੀ ਆਪਣੀ ਪਤਨੀ ਨੂੰ ਝੂਠ ਬੋਲ ਕੇ ਵਾਰ-ਵਾਰ ਘਰੋਂ ਨਿਕਲਣ ਦੇ ਬਹਾਨੇ ਲੱਭਦੇ ਹਨ।
9. ਇਸ ਵੇਲੇ ਜ਼ਿਆਦਾਤਰ ਪਤੀ ਆਪਣੇ ਦੋਸਤਾਂ ਨਾਲ ਜ਼ਿਆਦਾ ਸਮਾਂ ਬਿਤਾਉਣ ਲੱਗ ਜਾਂਦੇ ਹਨ।
10. ਇਸ ਵੇਲੇ ਜ਼ਿਆਦਾਤਰ ਪਤੀ ਆਪਣੇ ਆਪ ਨੂੰ ਹਰ ਗੱਲ 'ਚ ਬਚਾਉਣ ਦੀ ਕੋਸ਼ਿਸ਼ ਕਰਦੇ ਹਨ।

# 15 ਮਿੰਟ ਦੀ ਕਸਰਤ ਨਾਲ ਘੱਟ ਹੋ ਸਕਦੈ ਬਜ਼ੁਰਗਾਂ 'ਚ ਮੌਤ ਦਾ ਖਤਰਾ : ਅਧਿਐਨ



ਹਰ ਦਿਨ ਸਿਰਫ 15 ਮਿੰਟ ਦੀ ਕਸਰਤ ਨਾਲ ਬਜ਼ੁਰਗ ਲੋਕਾਂ ਵਿਚ ਮੌਤ ਦਾ ਖਤਰਾ ਘੱਟ ਹੋ ਸਕਦਾ ਹੈ। ਫ੍ਰਾਂਸ ਦੇ ਯੂਨੀਵਰਸਿਟੀ ਹਸਪਤਾਲ ਆਫ ਸੇਂਟ ਐਟਿਨੀ ਦੇ ਡੇਵਿਡ ਹੁਪਿਨ ਨੇ ਦੱਸਿਆ ਕਿ ਵੱਡੀ ਉਮਰ ਕਸਰਤ ਨਾ ਕਰਨ ਦਾ ਕੋਈ ਬਹਾਨਾ ਨਹੀਂ ਹੈ। ਇਹ ਪਹਿਲਾਂ ਤੋਂ ਪ੍ਰਮਾਣਿਤ ਹੈ ਕਿ ਨਿਯਮਿਤ ਸਰੀਰਕ ਕਸਰਤ ਦਾ ਕਿਸੇ ਵੀ ਮੈਡੀਕਲੀ ਇਲਾਜ ਤੋਂ ਵਧੀਆ ਨਤੀਜਾ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਬਜ਼ੁਰਗਾਂ ਨੂੰ 150 ਮਿੰਟ ਕਸਰਤ ਜਾਂ 75 ਮਿੰਟ ਸਖਤ ਕਸਰਤ ਕਰਨ ਲਈ ਕਿਹਾ ਜਾਂਦਾ ਹੈ ਪਰ 50 ਫੀਸਦੀ ਤੋਂ ਵੀ ਘੱਟ ਲੋਕ ਅਜਿਹਾ ਕਰਦੇ ਹਨ। ਖੋਜਕਾਰਾਂ ਨੇ ਦੋ ਅੰਕੜਿਆਂ ਦਾ ਅਧਿਐਨ ਕੀਤਾ। ਇਕ ਅੰਕੜਾ ਫ੍ਰਾਂਸ ਦਾ ਸੀ, ਜਿਸ ਵਿਚ 2001 ਵਿਚ 65 ਸਾਲ ਦੇ 1011 ਲੋਕਾਂ ਨਾਲ ਜੁੜੀਆਂ ਜਾਣਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਸੀ। ਉਸ ਤੋਂ ਬਾਅਦ ਦਾ ਅੰਕੜਾ 12 ਸਾਲ ਬਾਅਦ ਦਾ ਸੀ। ਇਸ ਵਿਚ 60 ਸਾਲ ਦੇ 122417 ਲੋਕਾਂ ਨਾਲ ਜੁੜੀਆਂ ਜਾਣਕਾਰੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਅਧਿਐਨ ਵਿਚ ਇਹ ਗੱਲ ਨਿਕਲ ਕੇ ਸਾਹਮਣੇ ਆਈ ਕਿ ਰੋਜ਼ਾਨਾ 15 ਮਿੰਟ ਦੀ ਕਸਰਤ ਵੱਧ ਉਮਰ ਵਿਚ ਲਾਭਦਾਇਕ ਹੋ ਸਕਦੀ ਹੈ।

# ਕੀ ਤੁਸੀਂ ਵੀ ਕਿਸੇ ਦਾੜ੍ਹੀ ਵਾਲੇ ਲੜਕੇ ਨੂੰ ਡੇਟ ਕਰ ਰਹੀ ਹੋ



ਤੁਹਾਨੂੰ ਕਿਸ ਤਰ੍ਹਾਂ ਦੇ ਲੜਕੇ ਪਸੰਦ ਹਨ? ਇਕ ਸਰਵੇ ਦੀ ਮੰਨੀਏ ਤਾਂ ਲੜਕੀਆਂ ਨੂੰ ਦਾੜ੍ਹੀ ਵਾਲੇ ਲੜਕੇ, ਕਲੀਨ ਸ਼ੇਪ ਲੜਕਿਆਂ ਦੀ ਤੁਲਨਾ ਤੋਂ ਜ਼ਿਆਦਾ ਪਸੰਦ ਹੁੰਦੇ ਹਨ। ਲੜਕੀਆਂ ਦੀ ਨਜ਼ਰ 'ਚ ਅਜਿਹੇ ਲੜਕੇ ਜ਼ਿਆਦਾ ਆਕਰਸ਼ਕ ਅਤੇ ਮਜ਼ਬੂਤ ਹੁੰਦੇ ਹਨ। ਇਨ੍ਹਾਂ ਦੋ ਗੱਲਾਂ ਤੋਂ ਇਲਾਵਾ ਵੀ ਦਾੜ੍ਹੀ ਵਾਲੇ ਬੁਆਏਫਰੈਂਡ ਨੂੰ ਡੇਟ ਕਰਨ ਦੇ ਬਹੁਤ ਸਾਰੇ ਕਾਰਨ ਹਨ।

1. ਲੜਕੀਆਂ ਨੂੰ ਦਾੜ੍ਹੀ ਰੱਖਣ ਵਾਲੇ ਲੜਕੇ ਜ਼ਿਆਦਾ ਆਕਰਸ਼ਕ ਲੱਗਦੇ ਹਨ। ਉਨ੍ਹਾਂ ਦੀ ਨਜ਼ਰ 'ਚ ਉਹ ਜ਼ਿਆਦਾ ਸੋਹਣੇ ਅਤੇ ਸੈਕਸੀ ਹੁੰਦੇ ਹਨ।
2. ਦਾੜ੍ਹੀ ਰੱਖਣ ਵਾਲੇ ਲੜਕੇ, ਲੜਕੀਆਂ ਤੋਂ ਜ਼ਿਆਦਾ ਕ੍ਰਿਏਟਿਵ ਲੱਗਦੇ ਹਨ।
3. ਅਜਿਹੇ ਲੜਕੇ ਮੈਚਿਓਰ ਨਜ਼ਰ ਆਉਂਦੇ ਹਨ ਅਤੇ ਲੜਕੀਆਂ ਨੂੰ ਮੈਚਿਓਰ ਲੜਕੇ ਪਸੰਦ ਹੁੰਦੇ ਹਨ।
4. ਲੜਕਿਆਂ ਨੂੰ ਦਾੜ੍ਹੀ ਰੱਖਣ ਵਾਲੇ ਲੜਕੇ ਜ਼ਿਆਦਾ ਸਮਝਦਾਰ ਲੱਗਦੇ ਹਨ।
5. ਵੱਖ-ਵੱਖ ਸਟਾਈਲ ਦੀ ਦਾੜ੍ਹੀ ਲੜਕੀਆਂ ਨੂੰ ਕਾਫੀ ਪਸੰਦ ਆਉਂਦੀ ਹੈ।
6. ਜ਼ਿਆਦਾ ਲੜਕਿਆਂ ਨੂੰ ਲੱਗਦਾ ਹੈ ਕਿ ਅਜਿਹੇ ਲੜਕੇ ਜ਼ਿਆਦਾ ਅਗ੍ਰੇਸਿਵ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਲੜਕੇ ਪਸੰਦ ਹੁੰਦੇ ਹਨ।
7. ਲੜਕਿਆਂ ਨੂੰ ਲੱਗਦਾ ਹੈ ਕਿ ਅਜਿਹੇ ਲੜਕੇ ਆਪਣੀਆਂ ਗੱਲਾਂ ਨੂੰ ਲੈ ਕੇ ਜ਼ਿਆਦਾ ਗੰਭੀਰ ਹੁੰਦੇ ਹਨ।

# ਬਹੁਤ ਗਰਮ ਕੌਫੀ ਪੀਣ ਨਾਲ ਹੋ ਸਕਦਾ ਹੈ ਕੈਂਸਰ



ਜੇਕਰ ਤੁਸੀਂ ਬਹੁਤ ਗਰਮ ਕੌਫੀ ਪੀਂਦੇ ਹੋ ਤਾਂ ਅੱਜ ਤੋਂ ਹੀ ਆਪਣੀ ਇਸ ਆਦਤ ਨੂੰ ਬਦਲ ਦਿਓ। ਬਹੁਤ ਗਰਮ ਕੌਫੀ ਪੀਣੇ ਵਾਲਿਆਂ ਨੂੰ ਕੈਂਸਰ ਹੋਣ ਦਾ ਖਤਰਾ ਹੋ ਸਕਦਾ ਹੈ। ਉਧਰ ਜੇਕਰ ਤੁਸੀਂ ਨਾਰਮਲ ਕੌਫੀ ਪੀਂਦੇ ਹੋ ਤਾਂ ਕੈਂਸਰ ਦਾ ਖਤਰਾ ਨਹੀਂ ਹੁੰਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਕੈਂਸਰ ਖੋਜ ਇਕਾਈ ਦੀ ਰਿਪੋਰਟ ਮੁਤਾਬਕ, ਨਾਰਮਲ ਕੌਫੀ ਪੀਣ ਨਾਲ ਕੈਂਸਰ ਦਾ ਖਤਰਾ ਨਹੀਂ ਹੁੰਦਾ ਹੈ। ਡਬਲਿਊ.ਐਚ.ਓ ਨੇ 1991 'ਚ ਕੌਫੀ ਨੂੰ ਪੇਸ਼ਾਬ ਬਲੈਂਡਰ ਦਾ ਖਤਰਾ ਵਧਾਉਣ ਵਾਲਾ ਦੱਸਿਆ ਸੀ। ਪਰ 1000 ਤੋਂ ਜ਼ਿਆਦਾ ਅਧਿਐਨਾਂ ਦੀ ਸਮੀਖਿਆਂ ਤੋਂ ਬਾਅਦ ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਨੇ ਇਸ ਨੂੰ ਉਨ੍ਹਾਂ ਚੀਜ਼ਾਂ ਦੀ ਸੂਚੀ ਤੋਂ ਹਟਾ ਦਿੱਤਾ ਹੈ ਜਿਸ ਦੀ ਵਰਤੋਂ ਨਾਲ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਹਾਲਾਂਕਿ ਜੇਕਰ ਬਹੁਤ ਗਰਮ ਕੌਫੀ ਪੀਤੀ ਜਾਵੇ ਤਾਂ ਉਸ ਨਾਲ ਕੈਂਸਰ ਦਾ ਖਤਰਾ ਹੋ ਸਕਦਾ ਹੈ। ਡਬਲਿਊ.ਐਚ.ਓ ਦੀ ਕੈਂਸਰ ਰਿਸਰਚ ਇਕਾਈ ਦਾ ਕਹਿਣਾ ਹੈ ਕਿ 56 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਗਰਮ ਕੌਫੀ ਪੀਣ ਨਾਲ ਕੈਂਸਰ ਦਾ ਖਤਰਾ ਹੋ ਸਕਦਾ ਹੈ।

# ਭਾਰ ਘਟਾਉਣ ਦਾ ਹੁਣ ਤੱਕ ਦਾ ਸਭ ਤੋਂ ਆਸਾਨ ਤਰੀਕਾ



ਭਾਰ ਘਟਾਉਣ ਲਈ ਲੋਕ ਕੀ ਕੁਝ ਕਰਦੇ ਹਨ। ਜਿਮ ਜਾਂਦੇ ਹਨ, ਡਾਈਟਿੰਗ 'ਤੇ ਰਹਿੰਦੇ ਹਨ, ਪਰਹੇਜ਼ ਕਰਦੇ ਹਨ ਅਤੇ ਲਗਭਗ ਹਰ ਵਾਰ ਇਕ ਨਵੀਂ ਸਲਾਹ ਨੂੰ ਸੱਚ ਸਮਝ ਕੇ ਅਪਣਾਉਂਦੇ ਹਨ। ਪਰ ਸ਼ਾਇਦ ਹੀ ਉਨ੍ਹਾਂ ਨੂੰ ਉਹ ਨਤੀਜ਼ੇ ਮਿਲ ਪਾਉਂਦੇ ਹਨ ਜਿਸ ਲਈ ਉਹ ਇਨਾ ਤਿਆਗ ਕਰਦੇ ਹਨ। ਭਾਰ ਘਟਾਉਣ ਵਾਲਿਆਂ ਨੂੰ ਹਮੇਸ਼ਾ ਸਲਾਹ ਦਿੱਤੀ ਜਾਂਦੀ ਹੈ ਕਿ ਸਵੇਰੇ ਉੱਠ ਕੇ ਕੋਸੇ ਪਾਣੀ 'ਚ ਨਿੰਬੂ-ਸ਼ਹਿਦ ਮਿਲਾ ਕੇ ਪੀਣਾ ਫਾਇਦੇਮੰਦ ਹੁੰਦਾ ਹੈ ਪਰ ਕਈ ਲੋਕਾਂ ਲਈ ਸਵੇਰੇ ਉੱਠ ਕੇ ਅਜਿਹਾ ਕਰ ਪਾਉਣਾ ਮੁਸ਼ਕਿਲ ਹੁੰਦਾ ਹੈ। ਅਜਿਹੇ 'ਚ ਤੁਸੀਂ ਚਾਹੋ ਤਾਂ ਭਾਰ ਘੱਟ ਕਰਨ ਦਾ ਇਹ ਸਭ ਆਸਾਨ ਤਰੀਕਾ ਅਪਣਾ ਸਕਦੇ ਹਨ। ਇਕ ਅਧਿਐਨ ਮੁਤਾਬਕ ਲੋਕਾਂ ਨੂੰ ਪਾਣੀ ਪੀਣ ਦੀ ਸਲਾਹ ਤਾਂ ਦਿੱਤੀ ਜਾਂਦੀ ਹੈ ਪਰ ਉਸਨੂੰ ਕਦੋ, ਕਿਵੇਂ ਅਤੇ ਕਿੰਨਾ ਪੀਣਾ ਹੈ, ਇਸ ਦੇ ਬਾਰੇ 'ਚ ਨਹੀਂ ਦੱਸਿਆ ਜਾਂਦਾ ਹੈ। ਖੋਜ 'ਚ ਪਾਇਆ ਗਿਆ ਹੈ ਖਾਣਾ ਖਾਣ ਤੋਂ ਕੁਝ ਦੇਰ ਪਹਿਲਾਂ ਅੱਧਾ ਲੀਟਰ ਪਾਣੀ ਪੀਣਾ ਭਾਰ ਘਟਾਉਣ 'ਚ ਮਦਦਗਾਰ ਉਪਾਅ ਹੈ। ਖੋਜਰਥੀ ਡਾਕਟਰ ਪੀਟਰ ਮੁਤਾਬਕ ਖਾਣਾ ਖਾਣ ਤੋਂ ਕੁਝ ਦੇਰ ਪਹਿਲਾਂ ਪਾਣੀ ਪੀਣ ਨਾਲ ਕੈਲੋਰੀ ਦਾ ਇਨਟੇਕ ਘੱਟ ਹੋ ਜਾਂਦਾ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਜੋ ਲੋਕ ਖਾਣਾ ਖਾਣ ਤੋਂ ਕੁਝ ਦੇਰ ਪਹਿਲਾਂ ਪਾਣੀ ਪੀਂਦੇ ਹਨ ਉਸ 'ਚ ਖਾਣੇ ਦੌਰਾਨ ਕੈਲੋਰੀ ਦਾ ਇਨਟੇਕ ਹੋਰਾਂ ਦੀ ਤੁਲਨਾ 'ਚ 40 ਫੀਸਦੀ ਘੱਟ ਹੁੰਦਾ ਹੈ।

# ਨਜ਼ਰ ਲਈ ਕੇਲਾ ਬਹੁਤ ਫਾਇਦੇਮੰਦ



ਰੋਜ਼ਾਨਾ ਇਕ ਕੇਲਾ ਖਾਣ ਨਾਲ ਅੱਖਾਂ ਸਿਹਤਮੰਦ ਰਹਿੰਦੀਆਂ ਹਨ ਅਤੇ ਨਜ਼ਰ ਨਾਲ ਸਬੰਧਿਤ ਪ੍ਰੇਸ਼ਾਨੀਆਂ ਨਹੀਂ ਹੁੰਦੀਆਂ। ਇਕ ਖੋਜ 'ਚ ਖੋਜੀਆਂ ਨੇ ਮੰਨਿਆ ਕਿ ਕੇਲੇ 'ਚ ਕੈਰੋਟੀਨੋਏਡਸ ਹੁੰਦਾ ਹੈ। ਇਹ ਇਕ ਅਜਿਹਾ ਯੌਗਿਕ ਹੈ ਜੋ ਲਿਵਰ 'ਚ ਵਿਟਾਮਿਨ 'ਏ' ਨੂੰ ਤਬਦੀਲ ਕਰਦਾ ਹੈ। ਪ੍ਰੋਵਿਟਾਮਿਨ 'ਏ' ਕੈਰੋਟੀਨੋਏਡਸ ਨਾਲ ਭਰਪੂਰ ਕੇਲਾ ਵਿਟਾਮਿਨ 'ਏ' ਦੀ ਕਮੀ ਨੂੰ ਖਤਮ ਕਰਦਾ ਹੈ। ਜੋ ਨਜ਼ਰ ਲਈ ਬਹੁਤ ਅਹਿਮ ਹੈ। ਵਿਟਾਮਿਨ 'ਏ' ਦੀ ਕਮੀ ਨਾਲ ਲੜਨ ਲਈ ਖੋਜੀ ਕੇਲੇ 'ਚ ਕੈਰੋਟੀਨੋਏਡਸ 'ਚ ਵਾਧਾ ਕਰਨ ਸੰਬੰਧੀ ਢੰਗਾ ਦੀ ਜਾਂਚ ਕਰ ਰਹੇ ਹਨ। ਅਧਿਐਨ 'ਚ ਦੇਖਿਆ ਗਿਆ ਹੈ ਕਿ ਇਹ ਕੈਰੋਟੀਨੋਏਡਸ ਦੀਆਂ ਵੱਖ-ਵੱਖ ਮਾਤਰਾਵਾਂ ਪੈਦਾ ਕਰਦਾ ਹੈ।

# ਹੈਲਦੀ ਬੱਚਾ ਚਾਹੀਦਾ ਹੈ ਤਾਂ ਖਾਓ ਮੂੰਗਫਲੀ!



ਉਂਝ ਤਾਂ ਮੂੰਗਫਲੀ ਨੂੰ ਗਰੀਬਾਂ ਦਾ ਬਾਦਾਮ ਕਿਹਾ ਜਾਂਦਾ ਹੈ ਪਰ ਮੂੰਗਫਲੀ ਖਾਣ ਦਾ ਇਹ ਫਾਇਦਾ ਯਕੀਕਨ ਤੁਸੀਂ ਨਹੀਂ ਸੁਣਿਆ ਹੋਵੇਗਾ। ਇਹ ਅਜਿਹਾ ਫਾਇਦਾ ਹੈ ਕਿ ਜੋ ਤੁਹਾਡੇ ਨਾਲ-ਨਾਲ ਬੱਚਿਆਂ ਨੂੰ ਵੀ ਬਣਾ ਸਕਦਾ ਹੈ ਹੈਲਦੀ। ਜਾਣੋ ਮੂੰਗਫਲੀ ਦੇ ਇਨ੍ਹਾਂ ਫਾਇਦਿਆਂ ਦੇ ਬਾਰੇ 'ਚ। ਨਵਜੰਮੇ ਬੱਚੇ ਨੂੰ ਸ਼ੁਰੂਆਤੀ ਅਵਸਥਾ ਦੌਰਾਨ ਮੂੰਗਫਲੀ ਨਾਲ ਬਣੇ ਉਤਪਾਦ ਖੁਆਉਣ ਨਾਲ ਬੱਚੇ ਦਾ ਵਿਕਾਸ ਜਾਂ ਉਸ ਦੇ ਪੋਸ਼ਣ 'ਤੇ ਕੋਈ ਖਰਾਬ ਅਸਰ ਨਹੀਂ ਹੁੰਦਾ। ਇਕ ਖੋਜ 'ਚ ਇਸ ਦੀ ਪੁਸ਼ਟੀ ਹੋਈ ਹੈ।ਮੁੱਖ ਖੋਜਕਰਤਾ ਲੰਡਨ ਦੇ ਕਿੰਗ ਕਾਲਜ ਮੈਰੀ ਫੀਨੇ ਦਾ ਕਹਿਣਾ ਹੈ ਕਿ ਸਿੱਟਿਆ ਨਾਲ ਇਹ ਗੱਲ ਸਾਬਿਤ ਹੁੰਦੀ ਹੈ ਕਿ ਮੂੰਗਫਲੀ ਖਾਣ ਨਾਲ ਛਾਤੀ ਦੇ ਵਾਧੇ 'ਤੇ ਕੋਈ ਅਸਰ ਨਹੀਂ ਹੁੰਦਾ। ਹਾਂ ਜੇਕਰ ਨਵਜੰਮੇ ਨੂੰ ਛੇ ਮਹੀਨੇ ਦੀ ਉਮਰ ਤੋਂ ਪਹਿਲਾਂ ਠੋਸ ਖਾਦ ਪਦਾਰਥ ਖੁਆਇਆ ਜਾਵੇ ਤਾਂ ਜ਼ਰੂਰ ਉਸ ਦੀ ਛਾਤੀ ਦੇ ਵਾਧੇ 'ਤੇ ਅਸਰ ਪੈ ਸਕਦਾ ਹੈ। ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇੰਫੈਕਸ਼ਨ ਡਿਜੀਜੇਜ ਦੇ ਮਾਰਸ਼ਲ ਪਲਾਟ ਦਾ ਕਹਿਣਾ ਹੈ ਕਿ ਇਸ ਖੋਜ ਦੇ ਸਿੱਟਿਆਂ ਤੋਂ ਪਤਾ ਚੱਲਦਾ ਹੈ ਕਿ ਬੱਚਿਆਂ ਨੂੰ ਸ਼ੁਰੂਆਤ 'ਚ ਹੀ ਮੂੰਗਫਲੀ ਯੁਕਤ ਖਾਦ ਪਦਾਰਥ ਦਿੱਤੇ ਜਾ ਸਕਦੇ ਹਨ, ਤਾਂ ਜੋ ਉਨ੍ਹਾਂ 'ਚ ਮੂੰਗਫਲੀ ਦੇ ਪ੍ਰਤੀ ਐਲਰਜੀ ਪੈਦਾ ਨਾ ਹੋਵੇ। ਇਸ ਤੋਂ ਪਹਿਲਾਂ ਦੀ ਇਕ ਖੋਜ 'ਚ ਪਤਾ ਚੱਲਿਆ ਸੀ ਜੇਕਰ ਬੱਚਿਆਂ ਨੂੰ ਸ਼ੁਰੂਆਤ 'ਚ ਮੂੰਗਫਲੀ ਵਾਲੇ ਖਾਦ ਪਦਾਰਥ ਖੁਆਏ ਜਾਣ ਤਾਂ ਉਨ੍ਹਾਂ 'ਚ ਅੱਗੇ ਚੱਲ ਕੇ ਐਲਰਜੀ ਦਾ ਖਤਰਾ 81 ਫੀਸਦੀ ਘੱਟ ਹੋ ਜਾਂਦਾ ਹੈ।

# ਇੰਨ੍ਹਾਂ 5 ਨੁਸਖਿਆਂ ਨਾਲ ਪਾਓ ਗਲੇ ਦੇ ਦਰਦ ਤੋਂ ਛੁਟਕਾਰਾ

ਦਿਨੋਂ-ਦਿਨ ਬਦਲਦੇ ਲਾਈਫਸਟਾਈਲ 'ਚ ਅਸੀਂ ਰੋਜ਼ਾਨਾ ਅਜਿਹੀਆ ਚੀਜ਼ਾ ਖਾਂ ਲੈਂਦੇ ਹਾਂ, ਜਿਸ ਨਾਲ ਸਾਡੀ ਸਿਹਤ ਖਰਾਬ ਹੋ ਜਾਂਦੀ ਹੈ। ਕਿਸੇ ਦੀਆਂ ਹੱਡੀਆਂ 'ਚ ਦਰਦ ਅਤੇ ਕਿਸੇ ਨੂੰ ਗਲੇ ਦਾ ਦਰਦ ਪਰੇਸ਼ਾਨ ਕਰਦਾ ਹੈ। ਅਸੀਂ ਫਿਰ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਲਈ ਦਵਾਈਆਂ ਦਾ ਇਸਤੇਮਾਲ ਕਰਦੇ ਹਾਂ, ਪਰ ਇਸ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਹੈ। ਇਸ ਹਾਲਤ 'ਚ ਤੁਸੀਂ ਘਰ ਦੀਆਂ ਚੀਜਾ ਦਾ ਇਸਤੇਮਾਲ ਕਰ ਸਕਦੇ ਹੋ। ਅੱਜ ਅਸੀਂ ਤੁਹਾਨੂੰ ਘਰੇਲੂ ਨੁਸਖਿਆਂ ਦੇ ਬਾਰੇ 'ਚ ਦੱਸਣ ਜਾ ਰਹੇ ਹਾਂ ਜਿਸ ਨਾਲ ਗਲੇ ਦੇ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



1. ਇਲਆਚੀ ਦੀ ਵਰਤੋਂ ਕਰਨ ਨਾਲ ਗਲੇ ਦੇ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਇਲਾਅਚੀ ਨੂੰ ਪਾਣੀ 'ਚ ਭਿਓ ਕੇ ਗਰਾਰੇ ਕਰਨ ਨਾਲ ਗਲੇ ਦੀ ਖਰਾਸ਼ ਦੂਰ ਹੋ ਜਾਂਦੀ ਹੈ।
2. ਮੇਥੀ ਦੇ ਬੀਜ਼ਾ ਨੂੰ ਕੁਝ ਸਮੇਂ ਦੇ ਲਈ ਪਾਣੀ 'ਚ ਉਬਾਲ ਲਓ। ਇਸ ਨੂੰ ਠੰਡਾ ਕਰਕੇ ਗਰਾਰੇ ਕਰਨ ਨਾਲ ਗਲੇ ਦੀ ਖਾਰਸ਼ ਦੂਰ ਹੋ ਜਾਂਦੀ ਹੈ।
3. ਅੰਬ ਦੇ ਪੇੜ ਦੀ ਛਿੱਲੜ ਦੀ ਵਰਤੋਂ ਕਰਨ ਨਾਲ ਗਲੇ ਦੀ ਖਰਾਸ਼ ਠੀਕ ਹੋ ਜਾਂਦੀ ਹੈ। ਇਸ ਨੂੰ ਪੀਸ ਕੇ ਪਾਣੀ 'ਚ ਮਿਲਾ ਕੇ ਗਰਾਰੇ ਕਰੋ।
4. ਤ੍ਰਿਫਲਾ ਨੂੰ ਗਰਮ ਪਾਣੀ 'ਚ ਮਿਲਾ ਕੇ ਦਿਨ 'ਚ ਤਿੰਨ ਜਾ ਚਾਰ ਵਾਰ ਗਰਾਰੇ ਕਰਨ ਨਾਲ ਗਲੇ ਦੇ ਦਰਦ ਦੂਰ ਕਰ ਸਕਦੇ ਹੋ।
5. ਮਲੱਠੀ ਬਜ਼ਾਰ 'ਚ ਆਸਾਨੀ ਨਾਲ ਮਿਲ ਜਾਂਦੀ ਹੈ ਅਤੇ ਗਲੇ ਦੀ ਖਾਰਸ਼ ਲਈ ਬਹੁਤ ਲਾਭਦਾਇਕ ਹੈ। ਇਹ ਗਲੇ ਦੀ ਇੰਨਫਕੈਸ਼ਨ ਨੂੰ ਰੋਕਣ 'ਚ ਮਦਦ ਕਰਦੀ ਹੈ। ਗਲੇ ਦੀ ਖਾਰਸ਼ ਨੂੰ ਦੂਰ ਕਰਨ ਦੇ ਲਈ ਮਲੱਠੀ ਦਾ ਪਾਣੀ 'ਚ ਉਬਾਲ ਕੇ ਚਾਹ ਦੀ ਤਰ੍ਹਾਂ ਪੀਓ।

# ਇੰਝ ਬਣਾਓ ਖਜੂਰ ਦੀ ਬਰਫ਼ੀ



ਰਮਜ਼ਾਨ 'ਚ ਖਜੂਰ ਖਾਣ ਦਾ ਅਪਣਾ ਵੱਖਰਾ ਹੀ ਮਹੱਤਵ ਹੁੰਦਾ ਹੈ। ਖਜੂਰ ਖਾਣ ਨਾਲ ਸਰੀਰ ਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ ਇਸ ਲਈ ਅੱਜ ਅਸੀਂ ਤੁਹਾਨੂੰ ਇਫਤਾਰ ਦੇ ਸਮੇਂ ਰੋਜ਼ਾ ਖੋਲ੍ਹਣ ਤੋਂ ਬਾਅਦ ਖਜੂਰ ਨਾਲ ਬਣੀ ਬਰਫੀ ਖਾਣ ਦੀ ਸਲਾਹ ਦੇਵਾਂਗੇ। ਖਜੂਰ ਦੀ ਬਰਫੀ ਖਾਣ 'ਚ ਬਹੁਤ ਸੁਆਦ ਲੱਗਦੀ ਹੈ ਇਸ ਲਈ ਹਰ ਕਿਸੇ ਨੂੰ ਖੁਆਉਣੀ ਚਾਹੀਦੀ ਹੈ। ਇਸ ਖਜੂਰ ਦੀ ਬਰਫੀ 'ਚ ਢੇਰ ਸਾਰੇ ਮੇਵੇ ਪਾਏ ਜਾਂਦੇ ਹਨ, ਜਿਸ ਨਾਲ ਇਹ ਬਹੁਤ ਪੌਸ਼ਟਿਕ ਹੋ ਜਾਂਦੀ ਹੈ।

ਸਮੱਗਰੀ—ਬੀਜ ਨਿਕਲੇ ਹੋਏ ਖਜੂਰ-200 ਗ੍ਰਾਮ, ਪਿਸਤੇ-1/2 ਕੱਪ, ਕਿਸ਼ਮਿਸ਼-1/2, ਬਾਦਾਮ-1/2, ਕਾਜੂ-1/2 ਖਸਖਸ-1 ਚਮਚ, ਮਨੱਕੇ-1/2, ਘਿਓ-ਲੋੜਅਨੁਸਾਰ।

ਵਿਧੀ— ਖਜੂਰ ਨੂੰ ਛੋਟੇ-ਛੋਟੇ ਪੀਸ 'ਚ ਕੱਟ ਕੇ ਉਨ੍ਹਾਂ ਨੂੰ ਮਿਕਸੀ 'ਚ ਪਾ ਕੇ ਉਦੋਂ ਤੱਕ ਪੀਸੋ ਜਦੋਂ ਤੱਕ ਕਿ ਉਹ ਮੁਲਾਇਮ ਨਾ ਹੋ ਜਾਵੇ। ਫਿਰ ਉਨ੍ਹਾਂ ਨੂੰ ਪਲੇਟ 'ਚ ਕੱਢੋ। ਫਿਰ ਪੈਨ ਲਓ, ਗਰਮ ਕਰੋ ਅਤੇ ਉਸ 'ਚ ਘਿਓ ਪਾਓ।

ਬਣਾਉਣ ਦੀ ਵਿਧੀ—ਸਭ ਤੋਂ ਪਹਿਲਾਂ ਛੋਟੇ-ਛੋਟੇ ਪੀਸ 'ਚ ਖਜੂਰ ਕੱਟ ਕੇ ਉਨ੍ਹਾਂ ਨੂੰ ਮਿਕਸੀ 'ਚ ਉਦੋਂ ਤੱਕ ਪੀਸੋ ਜਦੋਂ ਤੱਕ ਕਿ ਉਹ ਮੁਲਾਇਮ ਨਾ ਹੋ ਜਾਵੇ। ਫਿਰ ਉਨ੍ਹਾਂ ਨੂੰ ਪਲੇਟ 'ਚ ਕੱਢੋ। ਫਿਰ ਪੈਨ ਲਓ, ਗਰਮ ਕਰੋ ਅਤੇ ਉਸ 'ਚ ਘਿਓ ਪਾਓ। ਘਿਓ ਗਰਮ ਹੋਣ 'ਤੇ ਉਸ 'ਚ ਖਸਖਸ ਮਿਲਾਓ। ਫਿਰ ਉਸ 'ਚ ਸਾਰੇ ਮੇਵੇ ਮਿਕਸ ਕਰੋ ਅਤੇ ਕੁਝ ਦੇਰ ਲਈ ਭੁੰਨ੍ਹੋ। ਫਿਰ ਪੈਨ 'ਚ ਖਜੂਰ ਮਿਕਸ ਕਰੋ। ਧਿਆਨ ਰੱਖੋ ਕਿ ਸਮੱਗਰੀ ਪੈਨ ਨਾਲ ਚਿਪਕੇ ਨਾ। ਕੁਝ ਦੇਰ ਬਾਅਦ ਤੁਸੀਂ ਦੇਖੋਗੇ ਕਿ ਸਮੱਗਰੀ ਕਠੋਰ ਹੁੰਦੀ ਜਾ ਰਹੀ ਹੈ। ਉਦੋਂ ਤੱਕ ਲਈ ਤੁਸੀਂ ਇਕ ਪਲੇਟ ਲਓ ਅਤੇ ਉਸ 'ਚ ਸਾਰੇ ਪਾਸੇ ਚੰਗੀ ਤਰ੍ਹਾਂ ਨਾਲ ਘਿਓ ਲਗਾ ਦਿਓ। ਫਿਰ ਪੈਨ ਨਾਲ ਖਜੂਰ ਵਾਲਾ ਮਿਸ਼ਰਨ ਪਾਓ ਅਤੇ ਪਲੇਟ 'ਚ ਫੈਲਾਓ ਅਤੇ ਕੁਝ ਦੇਰ ਠੰਡਾ ਹੋਣ 'ਤੇ ਫਰਿਜ਼ 'ਚ ਰੱਖੋ। ਬਾਅਦ 'ਚ ਇਸ ਨੂੰ ਬਰਫੀ ਦੇ ਆਕਾਰ 'ਚ ਕੱਟੋ ਅਤੇ ਖਾਓ।

# ਤਰਬੂਜ਼ ਦੇ ਛਿਲਕਿਆਂ ਨਾਲ ਇੰਝ ਸਜਾਓ ਘਰ



ਗਰਮੀਆਂ ਦੇ ਮੌਸਮ 'ਚ ਆਪਣੇ ਘਰ ਨੂੰ ਵੱਖ ਤਰ੍ਹਾਂ ਨਾਲ ਸਜਾਉਣ ਲਈ ਅਸੀਂ ਤਰ੍ਹਾਂ ਦੀ ਸਜਾਵਟ ਕਰਦੇ ਹਾਂ। ਜਿਸ ਨਾਲ ਘਰ 'ਚ ਨਵਾਂਪਨ ਬਣਿਆ ਰਹੇ ਅਤੇ ਸਾਡੀ ਕ੍ਰਿਏਟੀਵਿਟੀ ਵੀ ਉਭਰ ਕੇ ਸਾਹਮਣੇ ਆਏ। ਅੱਜ ਅਸੀਂ ਗਾਰਡਨ ਦੀ ਨਵੇਂ ਤਰੀਕੇ ਨਾਲ ਸਜਾਵਟ ਕਰ ਰਹੇ ਹਾਂ। ਇਸ ਲਈ ਗਰਮੀਆਂ 'ਚ ਸਭ ਤੋਂ ਜ਼ਿਆਦਾ ਪਸੰਦ ਕੀਤਾ ਜਾਣ ਵਾਲਾ ਫਲ ਤਰਬੂਜ਼ ਜਿਸ ਦੇ ਛਿਲਕਿਆਂ ਨੂੰ ਡੈਕੋਰੇਸ਼ਨ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਜਿਸ ਨਾਲ ਖ਼ੂਬਸੂਰਤ ਫਲਾਵਰ, ਵੇਸ, ਫਰੂਟ ਟ੍ਰੇ ਅਤੇ ਗਮਲਿਆਂ ਦੀ ਤਰ੍ਹਾਂ ਵਰਤੋਂ ਕੀਤਾ ਜਾ ਸਕਦਾ ਹੈ। ਇਸ ਲਈ ਤਰਬੂਜ਼ ਦੇ ਉਪਰਲੇ ਹਿੱਸੇ ਨੂੰ ਇਸ ਤਰ੍ਹਾਂ ਨਾਲ ਕੱਟੋ ਕਿ ਇਸ ਦਾ ਸਾਰਾ ਗੁੱਦਾ ਆਸਾਨੀ ਨਾਲ ਨਿਕਲ ਜਾਵੇ ਅਤੇ ਛਿਲਕਾ ਵੀ ਨਾ ਟੁੱਟੇ। ਹੁਣ ਤੁਸੀਂ ਇਸ 'ਚ ਆਪਣੀ ਪਸੰਦ ਦੇ ਫੁੱਲ ਲਗਾ ਸਕਦੇ ਹੋ ਜਾਂ ਫਿਰ ਇਸ ਨੂੰ ਫਰੂਟ ਟ੍ਰੇਅ ਦੀ ਤਰ੍ਹਾਂ ਵੀ ਵਰਤੋਂ ਕਰ ਸਕਦੇ ਹਨ। ਇਸ ਤੋਂ ਇਲਾਵਾ ਇਸ 'ਚ ਛੋਟੇ ਪੌਦੇ ਉਗਾ ਕੇ ਗਮਲੇ ਦੀ ਤਰ੍ਹਾਂ ਵੀ ਵਰਤੋਂ ਕਰ ਸਕਦੇ ਹਨ। ਇਸ ਨੂੰ ਆਪਣੀ ਪਸੰਦ ਦੀ ਸ਼ੇਪ ਅਤੇ ਕਲਰ ਕਰ ਸਕਦੇ ਹੋ।

# ਭਗਵੰਤ ਸਿੰਘ ਮਾਨ ਸਰਕਾਰ ਨੇ ਨਵੀਂ ਉਦਯੋਗਿਕ ਨੀਤੀ 'ਚ ਫੂਡ ਪ੍ਰੋਸੈਸਿੰਗ ਖੇਤਰ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ : ਸੰਜੀਵ ਅਰੋੜਾ

**ਘਨੌਰ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਤੇ ਸਥਾਨਕ ਸਰਕਾਰਾਂ ਬਾਰੇ ਵਿਭਾਗਾਂ ਦੇ ਮੰਤਰੀ ਸੰਜੀਵ ਅਰੋੜਾ ਨੇ ਅੱਜ ਘਨੌਰ ਨੇੜਲੇ ਪਿੰਡ ਗੋਬਿੰਦਗੜ੍ਹ, ਕਾਮੀ ਕਲਾਂ ਵਿਖੇ ਬੈਕਟਰਜ ਫੂਡ ਸਪੈਸ਼ਲਿਸਟੀਜ਼ ਲਿਮਟਿਡ (ਕ੍ਰੀਮਿਕਾ ਫੂਡ ਪ੍ਰੋਸੈਸਿੰਗ) ਪਲਾਂਟ ਦਾ ਦੌਰਾ ਕੀਤਾ।ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਇਸ ਪਲਾਂਟ ਵਿਖੇ ਰੱਖ ਰਖਾਉ ਤੇ ਸਾਫ ਸਫਾਈ ਸਮੇਤ ਫੂਡ ਪ੍ਰੋਸੈਸਿੰਗ ਪ੍ਰਕਿਰਿਆ ਦਾ ਜਾਇਜ਼ਾ ਲਿਆ ਅਤੇ ਇਸ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਦੇ ਸਟੇਟ ਆਫ਼ ਦੀ ਆਰਟ ਪਲਾਂਟ ਹੋਣਾ ਮਾਣ ਵਾਲੀ ਗੱਲ ਹੈ। ਸੰਜੀਵ ਅਰੋੜਾ ਨੇ ਦੱਸਿਆ ਕਿ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਸਨਅਤ ਲਈ ਬਹੁਤ ਚੰਗਾ ਮਾਹੌਲ ਹੈ ਅਤੇ ਸੰਭਾਵਨਾ ਹਨ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਵੀਂ ਉਦਯੋਗਿਕ ਨੀਤੀ 'ਚ ਫੂਡ ਪ੍ਰੋਸੈਸਿੰਗ ਖੇਤਰ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ ਸਦਕਾ ਪੰਜਾਬ ਨਿਵੇਸ਼ਕਾਂ ਲਈ ਪਸੰਦੀਦਾ ਸਥਾਨ ਬਣ ਕੇ ਉੱਭਰਿਆ ਹੈ।

ਇਸ ਮੌਕੇ ਬੈਕਟਰਜ ਫੂਡ ਸਪੈਸ਼ਲਿਸਟੀਜ਼ ਲਿਮਟਿਡ ਦੇ ਐਮਡੀ ਅਨੂਪ ਬੈਕਟਰ ਤੇ ਪ੍ਰਬੰਧਕਾਂ ਨੇ ਕੈਬਨਿਟ ਮੰਤਰੀ ਨੂੰ ਪਲਾਂਟ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਲਿਆਂਦੀ ਗਈ ਉਦਯੋਗਿਕ ਨੀਤੀ ਸਨਅਤਾਂ ਨੂੰ ਹੋਰ ਉਤਸ਼ਾਹਤ ਕਰਨ ਵਾਲੀ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਦੌਰਾਨ ਕਰਵਾਏ ਗਏ ਨਿਸ਼ੇਵਕ ਸੰਪੇਲਣ ਵਿੱਚ 350 ਕਰੋੜ ਰੁਪਏ ਦਾ ਹੋਰ ਨਿਵੇਸ਼ ਕਰਨ ਦਾ ਵਾਅਦਾ ਕੀਤਾ ਹੈ, ਜਿਸ ਲਈ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਅਨੂਪ ਬੈਕਟਰ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਨੂਪ ਖੁਦ ਚੰਗੇ ਉਦਮੀ ਹੋਣ ਕਾਰਨ ਪੰਜਾਬ ਵਿੱਚ ਹੋਰ ਨਿਵੇਸ਼ ਕਰ ਰਹੇ ਹਨ ਅਤੇ ਸੂਬੇ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਚੰਗਾ ਕੰਮ ਕਰ ਰਹੇ ਹਨ। ਇਸ ਮੌਕੇ ਪੀਆਰਟੀਸੀ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾ ਵੀ ਮੌਜੂਦ ਸਨ।

# ਰਾਮ ਤੀਰਥ ਰੋਡ 'ਤੇ ਧਰਨਾ ਦਿੰਦੇ ਕਿਸਾਨਾਂ 'ਤੇ ਲਾਠੀਚਾਰਜ; 35 ਕਿਸਾਨਾਂ ਨੂੰ ਹਿਰਾਸਤ 'ਚ ਲਿਆ

**ਅੰਮ੍ਰਿਤਸਰ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇ.ਐੱਮ.ਐੱਮ. (ਕਿਸਾਨ ਮਜ਼ਦੂਰ ਮੋਰਚਾ) ਚੈਪਟਰ ਪੰਜਾਬ ਦੇ ਦਿੱਤੇ ਗਏ ਪ੍ਰੋਗਰਾਮ ਤਹਿਤ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਲਈ ਡੀਸੀ ਦਫ਼ਤਰ ਅੰਮ੍ਰਿਤਸਰ ਵਿਖੇ ਧਰਨਾ ਦੇਣ ਜਾ ਰਹੇ ਕਿਸਾਨਾਂ ਮਜ਼ਦੂਰਾਂ ਅਤੇ ਔਰਤਾਂ ਨੂੰ ਪੁਲੀਸ ਨੇ ਸ਼ਹਿਰ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਹੈ ਅਤੇ ਕਿਸਾਨਾਂ ਵੱਲੋਂ ਰਾਮ ਤੀਰਥ ਰੋਡ ਬਾਈਪਾਸ ਵਿਚ ਧਰਨਾ ਲਾਇਆ ਗਿਆ ਹੈ।

ਇਸ ਦੌਰਾਨ ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਧਰਨਾਕਾਰੀਆਂ 'ਤੇ ਵੱਖ ਵੱਖ ਥਾਵਾਂ ਤੇ ਲਾਠੀਚਾਰਜ ਕੀਤਾ ਗਿਆ ਹੈ ਜਿਸ ਨਾਲ ਕਈ ਕਿਸਾਨ ਜ਼ਖਮੀ ਹੋ ਗਏ ਹਨ ਅਤੇ ਕਈਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਹਨਾਂ ਆਖਿਆ ਕਿ ਪ੍ਰਦਰਸ਼ਨਕਾਰੀਆਂ ਨੂੰ ਸ਼ਹਿਰ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ, ਜਿਸ ਕਾਰਨ ਪ੍ਰਦਰਸ਼ਨਕਾਰੀਆਂ ਨੇ ਬਾਈਪਾਸ ਰਾਮ ਤੀਰਥ ਰੋਡ ਤੇ ਧਰਨਾ ਦੇ ਦਿੱਤਾ ਹੈ, ਜੋ ਕਿ ਦੇਰ ਸ਼ਾਮ ਤੱਕ ਜਾਰੀ ਹੈ।

ਉਹਨਾਂ ਆਖਿਆ ਕਿ ਮਿੱਥੇ ਗਏ ਪ੍ਰੋਗਰਾਮ ਮੁਤਾਬਕ ਕਿਸਾਨ ਲੋਪੋਕੇ ਅਤੇ ਚੁਗਾਵਾਂ ਤੋਂ ਜੱਥਿਆਂ ਦੇ ਰੂਪ ਵਿੱਚ ਨਿਕਲੇ ਸਨ। ਇਸੇ ਤਰ੍ਹਾਂ ਅਜਨਾਲਾ ਤੋਂ ਅੰਮ੍ਰਿਤਸਰ ਆਉਣ ਵਾਸਤੇ ਨਿਕਲੇ ਸਨ ਪਰ ਪੁਲੀਸ ਵੱਲੋਂ ਰਾਹ ਵਿੱਚ ਬੈਰੀਕੇਡ ਅਤੇ ਹੋਰ ਰੋਕਾਂ ਲਾ ਕੇ ਕਿਸਾਨਾਂ ਨੂੰ ਰੋਕਣ ਦਾ ਯਤਨ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਰਾਮ ਤੀਰਥ ਰੋਡ 'ਤੇ ਇੱਕ ਥਾਂ ਤੇ ਕਿਸਾਨਾਂ 'ਤੇ ਲਾਠੀਚਾਰਜ ਵੀ ਕੀਤਾ ਗਿਆ ਹੈ ਜਿਸ ਵਿੱਚ ਕੁਝ ਕਿਸਾਨ ਗੰਭੀਰ ਜ਼ਖਮੀ ਹੋਏ ਹਨ। ਜ਼ਖਮੀ ਹੋਏ ਕਿਸਾਨ ਬਘੇਲ ਸਿੰਘ ਭਿੱਟੇਵਿਡ ਨੂੰ ਗੰਭੀਰ ਸੱਟ ਲੱਗੀ ਹੈ ਜਦਕਿ ਅਵਤਾਰ ਬਾਵਾ ਅਤੇ ਸੁਖਜਿੰਦਰ ਸਿੰਘ ਵੀ ਜ਼ਖਮੀ ਹੋਏ ਹਨ।

ਉਹਨਾ ਕਿਹਾ ਕਿ ਮੋਰਚੇ ਦੀ ਮੰਗ ਹੈ ਕਿ ਸ਼ੰਭੂ ਖਨੌਰੀ ਮੋਰਚੇ ਦੇ ਟਰਾਲੀਆਂ ਅਤੇ ਹੋਰ ਸਾਮਾਨ ਚੋਰੀ ਕਰਕੇ ਕੀਤੇ ਗਏ 3 ਕਰੋੜ 77 ਲੱਖ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ, ਵੱਖ ਵੱਖ ਅੰਦੋਲਨਾਂ 'ਚ ਜ਼ਖਮੀਆਂ ਤੇ ਸ਼ਹੀਦਾਂ ਦਾ ਰਹਿੰਦਾ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਜਾਣ। ਉਹਨਾ ਕਿਹਾ ਕਿ ਐਮ. ਐੱਸ. ਪੀ. ਗਰੰਟੀ ਕਾਨੂੰਨ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ ਮੁਕਤੀ ਸਮੇਤ ਰਹਿੰਦੀਆਂ ਸਾਰੀਆਂ ਮੰਗਾਂ ਤੇ ਪੰਜਾਬ ਸਰਕਾਰ ਆਪਣਾ ਪੱਖ ਸਪੱਸ਼ਟ ਕਰੇ।

ਉਹਨਾ ਕਿਹਾ ਕਿ ਕਿਸਾਨ ਮਜਦੂਰ ਮੋਰਚਾ ਦੇ ਓਂਕਾਰ ਸਿੰਘ ਭੰਗਾਲਾ, ਦਿਲਬਾਗ਼ ਸਿੰਘ ਗਿੱਲ ਅਤੇ ਬੀਬੀ ਨਰਿੰਦਰ ਕੌਰ ਪਲਾਹ ਸਾਹਿਬ ਸਮੇਤ ਲਗਪਗ 35 ਕਿਸਾਨਾਂ ਮਜਦੂਰਾਂ ਨੂੰ ਪੁਲੀਸ ਵਲੋਂ ਹਿਰਾਸਤ ਵਿੱਚ ਲਿਆ ਗਿਆ।

ਉਹਨਾਂ ਦੱਸਿਆ ਕਿ ਸ਼ਾਮ ਵੇਲੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਹਿਰਾਸਤ ਵਿੱਚ ਲਏ ਗਏ ਕਿਸਾਨ ਆਗੂਆਂ ਨੂੰ ਛੱਡਣ 'ਤੇ ਸਹਿਮਤੀ ਬਣੀ ਪਰ ਰਾਤ 8 ਵਜੇ ਤੱਕ ਰਿਹਾਈ ਨਹੀਂ ਕੀਤੀ ਗਈ। ਉਹਨਾ ਕਿਹਾ ਕਿ ਗੋਲਡਨ ਗੇਟ ਸਾਹਮਣੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਗੁਰਧਿਆਨ ਸਿੰਘ ਭਟੇੜੀ ਅਤੇ ਜਰਮਨਜੀਤ ਸਿੰਘ ਬੰਡਾਲਾ ਦੀ ਅਗਵਾਈ ਵਿੱਚ ਆ ਰਹੇ ਜਥੇ ਨੂੰ ਰੋਕਣ 'ਤੇ ਧਰਨਾ ਦਿੱਤਾ ਗਿਆ।

# ਈਦ ਮੌਕੇ ਡਾ. ਬਲਬੀਰ ਸਿੰਘ ਵੱਲੋਂ ਮੁਸਲਿਮ ਭਾਈਚਾਰੇ ਅਤੇ ਸਮੂਹ ਪੰਜਾਬੀਆਂ ਨੂੰ ਮੁਬਾਰਕਬਾਦ

**ਪਟਿਆਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਵਿਕਾਸ ਨਗਰ ਦੀ ਮਸਜਿਦ ਵਿਖੇ ਈਦ ਦੇ ਪਵਿੱਤਰ ਮੌਕੇ 'ਤੇ ਸ਼ਿਰਕਤ ਕਰਦੇ ਹੋਏ ਮੁਸਲਿਮ ਭਾਈਚਾਰੇ ਸਮੇਤ ਸਮੂਹ ਪੰਜਾਬ ਵਾਸੀਆਂ ਨੂੰ ਈਦ ਦੀਆਂ ਦਿਲੋਂ ਮੁਬਾਰਕਾਂ ਦਿੱਤੀਆਂ।

ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਸਾਂਝੀ ਵਿਰਾਸਤ ਅਤੇ ਭਾਈਚਾਰੇ ਦੀ ਮਿਸਾਲ ਹੈ, ਜਿੱਥੇ ਹਰ ਧਰਮ ਦੇ ਲੋਕ ਇਕੱਠੇ ਹੋ ਕੇ ਤਿਉਹਾਰ ਮਨਾਉਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹੀ ਏਕਤਾ ਅਤੇ ਪਿਆਰ ਸਾਡੇ ਸਮਾਜ ਦੀ ਸਭ ਤੋਂ ਵੱਡੀ ਤਾਕਤ ਹੈ।

ਡਾ. ਬਲਬੀਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਦੇਸ਼ ਅਤੇ ਦੁਨੀਆ ਵਿੱਚ ਅਮਨ–ਚੈਨ ਬਣੇ ਰਹਿਣ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਸ਼ਵ ਸ਼ਾਂਤੀ ਦੀ ਸਭ ਤੋਂ ਵੱਧ ਲੋੜ ਹੈ ਅਤੇ ਜਿੱਥੇ ਵੀ ਦੇਸ਼ਾਂ ਵਿੱਚ ਟਕਰਾਅ ਚੱਲ ਰਹੇ ਹਨ, ਉਹ ਜਲਦ ਖਤਮ ਹੋਣ ਚਾਹੀਦੇ ਹਨ।

ਉਨ੍ਹਾਂ ਦੁਆ ਕੀਤੀ ਕਿ ਪਰਮਾਤਮਾ ਸਾਰੇ ਦੇਸ਼ਾਂ ਨੂੰ ਸਮਝ ਬਖ਼ਸ਼ੇ ਤਾਂ ਜੋ ਉਹ ਲੜਾਈ ਦੀ ਬਜਾਏ ਗੱਲਬਾਤ ਅਤੇ ਸਹਿਯੋਗ ਦਾ ਰਾਹ ਅਪਣਾਉਣ। ਉਨ੍ਹਾਂ ਕਿਹਾ ਕਿ ਗੱਲ - ਬਾਤ ਹੀ ਹਰ ਸਮੱਸਿਆ ਦਾ ਸਥਾਈ ਹੱਲ ਹੈ ਅਤੇ ਇਸ ਨਾਲ ਹੀ ਦੁਨੀਆ ਵਿੱਚ ਸਥਿਰਤਾ ਅਤੇ ਖੁਸ਼ਹਾਲੀ ਆ ਸਕਦੀ ਹੈ।

ਇਸ ਮੌਕੇ ਸਥਾਨਕ ਨਿਵਾਸੀਆਂ ਅਤੇ ਧਾਰਮਿਕ ਅਗੂਆਂ ਨੇ ਵੀ ਡਾ. ਬਲਬੀਰ ਸਿੰਘ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਸਰਾਹਨਾ ਕੀਤੀ।

ਅੰਤ ਵਿੱਚ ਉਨ੍ਹਾਂ ਫਿਰ ਤੋਂ ਸਭ ਨੂੰ ਈਦ ਦੀਆਂ ਵਧਾਈਆਂ ਦਿੰਦਿਆਂ ਭਾਈਚਾਰੇ ਅਤੇ ਸ਼ਾਂਤੀ ਲਈ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ।

**ਯੁੱਧ ਨਸ਼ਿਆਂ ਵਿਰੁੱਧ ਸੰਪਰਕ 2026 ਹੇਠ ਡੀਸੀ-ਐਸਐਸਪੀ ਦਾ ਸਾਂਝਾ ਸੰਦੇਸ਼**

# ਪੁਲਿਸ-ਪ੍ਰਸ਼ਾਸਨ ਤੇ ਲੋਕਾਂ ਦੀ ਸਾਂਝੀ ਕੋਸ਼ਿਸ਼ ਨਾਲ ਹੀ ਮੁਕਾਬਲਾ ਸੰਭਵ : ਡਿਪਟੀ ਕਮਿਸ਼ਨਰ

**ਪਟਿਆਲਾ, 31 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੁਲੀਸ ਵਿਭਾਗ ਵੱਲੋਂ ਸੰਪਰਕ 2026 ਪੰਜਾਬ ਪੁਲਿਸ ਪਾਰਟਨਰਸ਼ਿਪ ਪ੍ਰੋਗਰਾਮ ਅਧੀਨ ਇੱਕ ਮਹੱਤਵਪੂਰਨ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ , ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਅਤੇ ਐਸ ਪੀ ਸ੍ਰੀ ਵੈਭਵ ਚੌਧਰੀ ਵੱਲੋਂ ਸਮਾਜ ਦੇ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਵਿਸਥਾਰਪੂਰਵਕ ਵਿਚਾਰ–ਵਟਾਂਦਰਾ ਕਰਦਿਆਂ ਨਸ਼ਿਆਂ ਦੇ ਖਾਤਮੇ ਲਈ ਸਾਂਝੀ ਰਣਨੀਤੀ ਬਣਾਉਣ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨਸ਼ਿਆਂ ਵਿਰੁੱਧ ਜੰਗੀ ਪੱਧਰ 'ਤੇ ਕਾਰਵਾਈ ਕਰ ਰਹੀ ਹੈ। ਇਸੇ ਤਰ੍ਹਾਂ ਪਟਿਆਲਾ ਦਾ ਪ੍ਰਸ਼ਾਸਨ ਵੀ ਪੂਰੀ ਲਗਨ ਅਤੇ ਦ੍ਰਿੜਤਾ ਨਾਲ ਇਸ ਮੁਹਿੰਮ ਨੂੰ ਅੱਗੇ ਵਧਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲੀਸ ਜਾਂ ਪ੍ਰਸ਼ਾਸਨ ਦੀ ਨਹੀਂ, ਸਗੋਂ ਸਾਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਦ੍ਰਿੜ ਨਿਸ਼ਚੇ ਨਾਲ ਕਿਹਾ ਕਿ ਅਸੀਂ ਸਾਰੇ ਇਕ ਟੀਮ ਵਜੋਂ ਕੰਮ ਕਰਦਿਆਂ ਇਸ ਮੁਹਿੰਮ ਵਿੱਚ ਡਟੇ ਰਹਾਂਗੇ।

ਡਿਪਟੀ ਕਮਿਸ਼ਨਰ ਨੇ ਯੂਥ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਮੋੜਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨੌਜਵਾਨਾਂ ਲਈ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਪਿੰਡਾਂ ਵਿੱਚ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ–ਵੱਖ ਸੱਭਿਆਚਾਰਕ ਮੇਲੇ ਕਰਵਾਏ ਜਾ ਰਹੇ ਹਨ, ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਸਕਣ।

ਇਸ ਮੌਕੇ ਸਿਹਤ ਵਿਭਾਗ ਦੀ ਭੂਮਿਕਾ ਨੂੰ ਵੀ ਬਹੁਤ ਮਹੱਤਵਪੂਰਨ ਕਰਾਰ ਦਿੱਤਾ ਗਿਆ। ਡੀ ਸੀ ਨੇ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਇੱਕ ਅਪਰਾਧੀ ਨਹੀਂ, ਸਗੋਂ ਮਰੀਜ਼ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਸਹਾਇਤਾ ਕਰਦਿਆਂ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖ਼ਲ ਕਰਵਾਉਣਾ ਚਾਹੀਦਾ ਹੈ, ਤਾਂ ਜੋ ਉਹ ਮੁੜ ਸਧਾਰਣ ਜੀਵਨ ਜੀ ਸਕਣ। ਓਹਨਾ ਕਿਹਾ ਕਿ ਪਟਿਆਲਾ ਵਿੱਚ ਨਸ਼ਾ ਛੁਡਾਊ ਕੇਂਦਰਾਂ ਤੋਂ ਬਾਹਰ ਆਏ ਨੌਜਵਾਨਾਂ ਲਈ ਸਕਿਲ ਡਿਵੈਲਪਮੈਂਟ ਟ੍ਰੇਨਿੰਗ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਇਸ ਨਾਲ ਉਹ ਨੌਜਵਾਨ ਖੁਦਮੁਖਤਿਆਰ ਬਣ ਕੇ ਰੋਜ਼ਗਾਰ ਪ੍ਰਾਪਤ ਕਰ ਸਕਣ ਅਤੇ ਸਮਾਜ ਵਿੱਚ ਸਨਮਾਨ ਨਾਲ ਜੀਵਨ ਬਤੀਤ ਕਰ ਸਕਣ।

ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਨੇ ਕਿਹਾ ਕਿ ਨਸ਼ਾ ਇੱਕ ਗੰਭੀਰ ਸਮਾਜਿਕ ਬਿਮਾਰੀ ਹੈ, ਜਿਸ ਨੂੰ ਖਤਮ ਕਰਨ ਲਈ ਸਪਲਾਈ ਅਤੇ ਡਿਮਾਂਡ ਦੋਹਾਂ 'ਤੇ ਕੰਮ ਕਰਨ ਦੀ ਲੋੜ ਹੈ। ਓਹਨਾ ਕਿਹਾ ਕਿ ਪੁਲੀਸ ਵੱਲੋਂ ਸਪਲਾਈ ਚੇਨ ਨੂੰ ਤੋੜਨ ਲਈ ਕੜੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਵਿੱਚ ਕਾਫ਼ੀ ਸਫਲਤਾ ਵੀ ਮਿਲੀ ਹੈ। ਹੁਣ ਸਮਾਜ ਦੀ ਸਹਿਭਾਗੀਤਾ ਨਾਲ ਨਸ਼ਿਆਂ ਦੀ ਡਿਮਾਂਡ ਘਟਾਉਣ ਲਈ ਯਤਨ ਤੇਜ਼ ਕਰਨ ਦੀ ਲੋੜ ਹੈ।

ਅੰਤ ਵਿੱਚ ਐਸ ਐਸ ਪੀ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਗਈਆਂ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਭਰੋਸਾ ਦਵਾਇਆ ਗਿਆ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਆਪਣੇ ਆਸ–ਪਾਸ ਦੇ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਉਣ ਵਿੱਚ ਯੋਗਦਾਨ ਪਾਉਣ।

# ਮੁਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਭਾਜਪਾ ਨੂੰ ਅਲਵਿਦਾ ਕਹਿ ਕੇ ਅਕਾਲੀ ਦਲ ਵਿੱਚ ਹੋਏ ਸ਼ਾਮਲ

**ਸੁਨਾਮ ਊਧਮ ਸਿੰਘ ਵਾਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਦੇ ਨਿਵਾਸ ਵਿਖੇ ਭਾਜਪਾ ਆਗੂ ਮੁਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਨੂੰ ਅਰਵਿੰਦ ਖੰਨਾ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਖੰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਦੇਖਦੇ ਹੋਏ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਸੁਨਾਮ ਵਿਖੇ ਹਲਕੇ ਦੇ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਵੱਲੋਂ ਪਾਰਟੀ ਦੀ ਬਿਹਤਰੀ ਲਈ ਸਖ਼ਤ ਮਿਹਨਤ ਕਾਰਨ ਲੋਕ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ ਜਿਸ ਦੇ ਤਹਿਤ ਅੱਜ ਵਾਰਡ ਨੰਬਰ 15 ਤੋਂ ਮੁਨੀਸ਼ ਜਿੰਦਲ ਅਤੇ ਵਾਰਡ ਨੰਬਰ 6 ਤੋਂ ਜੋਨੀ ਸ਼ਰਮਾ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਵੱਖ ਵੱਖ ਪਾਰਟੀਆਂ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ ਉਸ ਤੋਂ ਸਾਫ ਜਾਪਦਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਤਿਹ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਅਤੇ ਲੋਕ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ। ਇਸ ਮੌਕੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਨੇ ਕਿਹਾ ਕਿ ਮੁਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਦਾ ਪਾਰਟੀ ਵਿਚ ਆਉਣ ਤੇ ਸਵਾਗਤ ਹੈ।

# ਕੰਨਿਆ ਸਕੂਲ ਮਾਛੀਵਾੜਾ ਸਾਹਿਬ ਵਿੱਚ ਕਰਵਾਈ ਗਈ ਮੈਗਾ ਪੀ. ਟੀ. ਐਮ.

**ਮਾਛੀਵਾੜਾ ਸਾਹਿਬ, 31 ਮਾਰਚ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ. ਪੀ. ਐਮ. ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਸਕੂਲ ਦੇ ਪ੍ਰਿੰਸੀਪਲ ਹਰਦੀਪ ਕੌਰ ਦੀ ਯੋਗ ਅਗਵਾਈ ਹੇਠ ਮੈਗਾ ਪੀ. ਟੀ. ਐਮ. ਕਰਵਾਈ ਗਈ। ਇਸ ਖਾਸ ਮੌਕੇ ਤੇ ਐਸ. ਐਮ. ਸੀ. ਕਮੇਟੀ ਦੇ ਚੇਅਰਮੈਨ ਸੰਦੀਪ ਕੌਰ, ਐਮ. ਸੀ. ਪਰਮਿੰਦਰ ਕੌਰ, ਅਮਨਦੀਪ ਸਿੰਘ ਮੁੱਖ ਮਹਿਮਾਨ ਵਜੋਂ ਸਕੂਲ ਵਿੱਚ ਪਹੁੰਚੇ।ਸਕੂਲ ਦੇ ਵਿਦਿਆਰਥੀਆਂ ਵੱਲੋਂ ਸੁੰਦਰ ਰੰਗੋਲੀ, ਸੈਲਫੀ ਪੁਆਇੰਟ ਬਣਾਏ ਗਏ ਜੋ ਕਿ ਮਾਪਿਆਂ ਤੇ ਵਿਦਿਆਰਥੀਆਂ ਦੇ ਲਈ ਖਿੱਚ ਦਾ ਕੇਂਦਰ ਰਹੇ, ਸਕੂਲ ਦੇ ਵਿੱਚ ਭਾਰੀ ਗਿਣਤੀ ਦੇ ਵਿੱਚ ਮਾਪੇ ਅਤੇ ਉਨਾਂ ਦੇ ਬੱਚੇ ਸਲਾਨਾ ਨਤੀਜਾ ਵੇਖਣ ਦੇ ਲਈ ਪਹੁੰਚੇ। ਸਕੂਲ ਦੇ ਪ੍ਰਿੰਸੀਪਲ ਵੱਲੋਂ ਆਏ ਮੁੱਖ ਮਹਿਮਾਨ , ਬੱਚਿਆਂ ਦੇ ਮਾਤਾ ਪਿਤਾ ਅਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜਮਾਤ ਦੇ ਇੰਚਾਰਜਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਦਿਖਾਇਆ ਗਿਆ,ਅਤੇ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਮਾਪਿਆਂ ਦੇ ਨਾਲ ਅੱਜ ਦੇ ਮੁੱਖ ਵਿਸ਼ੇ ਜਿਵੇਂ ਕਿ ਸਲਾਨਾ ਨਤੀਜੇ ਦੀ ਘੋਸ਼ਣਾ, ਦਾਖਲਾ ਸਬੰਧੀ ਚਰਚਾ, ਵਿਦਿਆਰਥੀਆਂ ਦੀ ਹਾਜ਼ਰੀ ਸਬੰਧੀ ਚਰਚਾ, ਐਚ.ਪੀ. ਵੀ. ਟੀਕਾਕਰਨ ਦੀ ਜਾਣਕਾਰੀ, ਹੁਨਰ ਸਿੱਖਿਆ ਯੋਜਨਾ ਬਾਰੇ ਜਾਗਰੂਕਤਾ ਸੈਸ਼ਨ, ਆਦਿ ਵਿਸ਼ਿਆਂ ਤੇ ਵੀ ਚਰਚਾ ਕੀਤੀ ਗਈ। ਸਕੂਲ ਪ੍ਰਿੰਸੀਪਲ ਹਰਦੀਪ ਕੌਰ ਵੱਲੋਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਨੂੰ ਬਹੁਤ ਵਧਾਈ ਦਿੱਤੀ ਗਈ,,ਮਾਤਾ ਪਿਤਾ ਦੇ ਅੱਗੇ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਦਾ ਦਾਖਲਾ ਵੱਧ ਤੋਂ ਵੱਧ ਸਰਕਾਰੀ ਸਕੂਲ ਦੇ ਵਿੱਚ ਹੀ ਕਰਵਾਉਣ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਅਗਲੇ ਸਾਲ ਵੀ ਵੱਧ ਤੋਂ ਵੱਧ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ ।

# ਐੱਨਸੀਬੀ ਦੀ ਹਿਰਾਸਤ ਵਿੱਚ ਬੀ.ਐਸ.ਐਫ. ਜਵਾਨ ਦੀ ਮੌਤ; ਮਨੁੱਖੀ ਅਧਿਕਾਰ ਕਮਿਸ਼ਨ ਨੇ ਨਿਆਂਇਕ ਜਾਂਚ ਮੰਗੀ

**ਅੰਮ੍ਰਿਤਸਰ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ (ਪੀਐਚ ਆਰਓ) ਨੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਦੀ ਹਿਰਾਸਤ ਵਿੱਚ ਬੀ.ਐਸ.ਐਫ. ਦੇ ਜਵਾਨ ਜਸਵਿੰਦਰ ਸਿੰਘ ਦੀ ਸ਼ੱਕੀ ਹਾਲਾਤ ਵਿੱਚ ਹੋਈ ਮੌਤ 'ਤੇ ਚਿੰਤਾ ਪ੍ਰਗਟ ਕਰਦਿਆ ਆਖਿਆ ਕਿ ਇਹ ਘਟਨਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਹਿਰਾਸਤੀ ਤਸ਼ੱਦਦ ਦਾ ਗੰਭੀਰ ਮਾਮਲਾ ਜਾਪਦੀ ਹੈ। ਉਨ੍ਹਾਂ ਇਸ ਦੀ ਉੱਚ ਪੱਧਰੀ ਨਿਆਂਇਕ ਜਾਂਚ ਦੀ ਮੰਗ ਕੀਤੀ।

ਜਥੇਬੰਦੀ ਵੱਲੋਂ ਜਸਟਿਸ ਰਣਜੀਤ ਸਿੰਘ, ਡਾ ਪਿਆਰਾ ਲਾਲ ਗਰਗ, ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ, ਜਸਪਾਲ ਸਿੰਘ ਸਿੱਧੂ, ਸਰਬਜੀਤ ਸਿੰਘ ਵੇਰਕਾ ਹਮੀਰ ਸਿੰਘ, ਮਾਲਵਿੰਦਰ ਸਿੰਘ ਮਾਲੀ ਅਤੇ ਡਾ ਖੁਸ਼ਹਾਲ ਸਿੰਘ ਨੇ ਆਖਿਆ ਕਿ ਜੰਮੂ ਤੋਂ ਗ੍ਰਿਫਤਾਰ ਕੀਤੇ ਗਏ ਜਵਾਨ ਨੂੰ ਅੰਮ੍ਰਿਤਸਰ ਲਿਆਉਣਾ ਅਤੇ ਪਰਿਵਾਰ ਨੂੰ ਗ੍ਰਿਫਤਾਰੀ ਦੇ ਕਾਰਨਾਂ ਬਾਰੇ ਹਨੇਰੇ ਵਿੱਚ ਰੱਖਣਾ ਕਾਨੂੰਨੀ ਪ੍ਰਕਿਰਿਆਵਾਂ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

ਉਹਨਾਂ ਆਖਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਲਗਾਏ ਗਏ ਕੁੱਟਮਾਰ ਅਤੇ ਮਾਨਸਿਕ ਪ੍ਰੇਸ਼ਾਨੀ ਦੇ ਦੋਸ਼ ਬੇਹੱਦ ਗੰਭੀਰ ਹਨ। ਦੇਸ਼ ਦੀ ਸੇਵਾ ਕਰਨ ਵਾਲੇ ਇਕ ਜਵਾਨ ਨਾਲ ਅਜਿਹਾ ਵਤੀਰਾ ਕਿਸੇ ਵੀ ਸੱਭਿਅਕ ਸਮਾਜ ਵਿੱਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਐਨ.ਸੀ.ਬੀ. ਅਧਿਕਾਰੀਆਂ ਵੱਲੋਂ ਇਸ ਮਾਮਲੇ 'ਤੇ ਚੁੱਪ ਧਾਰੀ ਰੱਖਣੀ ਅਤੇ ਪਰਿਵਾਰ ਨੂੰ ਜਾਣਕਾਰੀ ਨਾ ਦੇਣਾ ਦਾਲ ਵਿੱਚ ਕੁਝ ਕਾਲਾ ਹੋਣ ਦਾ ਸ਼ੱਕ ਪੈਦਾ ਕਰਦਾ ਹੈ।

# ਪੁਲਿਸ ਵੱਲੋਂ ਵੀਡੀਓਜ਼ ਆਨਲਾਈਨ ਅਪਲੋਡ ਕਰਨਾ ਚਿੰਤਾਜਨਕ ਕਰਾਰ

**ਨਵੀਂ ਦਿੱਲੀ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਪੁਲਿਸ ਵੱਲੋਂ ਮੋਬਾਈਲ ਫੋਨਾਂ 'ਤੇ ਸ਼ੂਟ ਕੀਤੀਆਂ ਵੀਡੀਓਜ਼ ਨੂੰ ਸੋਸ਼ਲ ਮੀਡੀਆ 'ਤੇ ਤੁਰੰਤ ਅਪਲੋਡ ਕੀਤੇ ਜਾਣ ਦੇ ਰੁਝਾਨ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਅਦਾਲਤ ਨੇ ਕਿਹਾ ਹੈ ਕਿ ਅਜਿਹੀਆਂ ਗਤੀਵਿਧੀਆਂ ਨਿਰਪੱਖ ਸੁਣਵਾਈ ਲਈ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ।

ਇਹ ਟਿੱਪਣੀ ਸ਼ੁੱਕਰਵਾਰ ਨੂੰ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੌਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੇ ਬੈਂਚ ਨੇ ਕੀਤੀ। ਅਦਾਲਤ ਇੱਕ ਲੋਕ ਹਿੱਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਪੁਲੀਸ ਵੱਲੋਂ ਮੁਲਜ਼ਮਾਂ ਦੀਆਂ ਵੀਡੀਓਜ਼ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਲੋਕਾਂ ਦੇ ਮਨਾਂ ਵਿੱਚ ਪੱਖਪਾਤ ਪੈਦਾ ਹੁੰਦਾ ਹੈ। ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਪੁਲੀਸ ਵੱਲੋਂ ਮੁਲਜ਼ਮਾਂ ਨੂੰ ਹੱਥਕੜੀਆਂ ਲਗਾਉਣ, ਰੱਸੀਆਂ ਨਾਲ ਬੰਨ੍ਹਣ, ਪਰੇਡ ਕਰਵਾਉਣ ਅਤੇ ਗੋਡਿਆਂ ਭਾਰ ਬੈਠਣ ਲਈ ਮਜਬੂਰ ਕਰਨ ਦੀਆਂ ਤਸਵੀਰਾਂ ਪੋਸਟ ਕਰਨ ਦੇ ਰੁਝਾਨ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਇਹ ਨਿੱਜੀ ਸਨਮਾਨ ਦੇ ਖ਼ਿਲਾਫ਼ ਹੈ। ਜਸਟਿਸ ਬਾਗਚੀ ਨੇ ਕਿਹਾ ਕਿ ਪੁਲੀਸ ਨੂੰ ਮੀਡੀਆ ਬ੍ਰੀਫਿੰਗ ਲਈ ਦਿਸ਼ਾ–ਨਿਰਦੇਸ਼ ਤਿਆਰ ਕਰਨ ਲਈ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ।

# ਸ਼ਹੀਦ ਊਧਮ ਸਿੰਘ ਸਕਿਲ ਡਿਵੈਲਪਮੈਂਟ ਐਂਡ ਇੰਟਰਪਰਨਿਊਰਸ਼ਿਪ ਯੂਨੀਵਰਸਿਟੀ ਪੰਜਾਬ ਆਪਣੇ ਵਿਦਿਅਕ ਸੈਸ਼ਨ ਨੂੰ 31 ਜੁਲਾਈ 2026 ਨੂੰ ਬਕਾਇਦਾ ਸ਼ੁਰੂ ਕਰੇਗੀ

**ਸੁਨਾਮ ਊਧਮ ਸਿੰਘ ਵਾਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਇਹ ਟੀਚਾ ਕੰਬੋਜ ਫਾਉਂਡੇਸ਼ਨ ਦੀ ਗਵਰਨਿੰਗ ਕੌਂਸਲ ਦੀ ਹੋਈ ਮੀਟਿੰਗ ਵਿੱਚ ਮਿੱਥਿਆ ਗਿਆ ।ਕੰਬੋਜ ਫਾਉਂਡੇਸ਼ਨ ਦੀ ਗਵਰਨਰ ਕੌਂਸਲ ਦੇ ਅੱਜ ਦੇਸ਼ ਭਰ ਵਿੱਚੋਂ ਨੁਮਾਇੰਦੇ ਪੁੱਜੇ ।ਇਸ ਮੌਕੇ ਕੰਬੋਜ ਫਾਉਂਡੇਸ਼ਨ ਦੇ ਨਵੇਂ ਅਹੁਦੇਦਾਰ ਚੁਣੇ ਗਏ ।

ਇਸ ਮੌਕੇ ਮਤਾ ਪਾਸ ਕਰਕੇ ਪੈਟਰਨ ਡਾਕਟਰ ਸੰਦੀਪ ਸਿੰਘ ਕੌੜਾ, ਚੇਅਰਮੈਨ ਡਾ ਮੰਗਲ ਸਿੰਘ, ਡਾ ਸੂਬਾ ਸਿੰਘ ਪ੍ਰਧਾਨ, ਹਰਜਿੰਦਰ ਸਿੰਘ ਹਾਂਡਾ ਅਤੇ ਹਰਦਿਆਲ ਸਿੰਘ ਕੰਬੋਜ ਮੀਤ ਪ੍ਰਧਾਨ ਚੁਣੇ ਗਏ ।ਮਾਨ ਸਿੰਘ ਧੰਮ ਸੀਨੀਅਰ ਵਾਈਸ ਚੇਅਰਮੈਨ, ਹਰਪਾਲ ਸਿੰਘ, ਜਰਨੈਲ ਸਿੰਘ ਵਾਈਸ ਚੇਅਰਮੈਨ, ਬੀ ਐਸ ਧੰਜੂ ਸਕੱਤਰ, ਹਰਦੀਪ ਸਿੰਘ ਸਨੌਰ ਖਜਾਨਚੀ, ਮਨਮਿੰਦਰ ਸਿੰਘ ਜੋਇੰਟ ਸਕੱਤਰ ਚੁਣੇ ਗਏ ।ਇਸ ਮੌਕੇ ਮਤਾ ਪਾਸ ਕਰਕੇ ਫਾਊਂਡੇਸ਼ਨ ਨਾਲ ਜੁੜੇ ਕੁਝ ਮੈਂਬਰਾਂ ਵੱਲੋਂ ਯੂਨੀਵਰਸਟੀ ਅਤੇ ਫਾਊਂਡੇਸ਼ਨ ਸਬੰਧੀ ਕੀਤੇ ਗਏ ਗਲਤ ਪ੍ਰਚਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਉਸ ਨੂੰ ਰੱਦ ਕੀਤਾ ਗਿਆ।

ਇਸ ਮੌਕੇ ਦੇਸ਼ ਭਰ ਦੇ ਵੱਖ–ਵੱਖ ਹਿੱਸਿਆਂ ਤੋਂ ਪੁੱਜੀਆਂ ਹਸਤੀਆਂ ਨੇ ਹਲਫ ਲਿਆ ਕਿ ਕੌਮੀ ਅਣਖ ਦੇ ਪ੍ਰਤੀਕ ਸਰਦਾਰ ਊਧਮ ਸਿੰਘ ਦੇ ਨਾਮ ਤੇ ਸਥਾਪਿਤ ਹੋਣ ਜਾ ਰਹੀ ਨਵੇਕਲੀ ਕਿਸਮ ਦੀ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਖੁਦ ਰੁਜ਼ਗਾਰ ਪ੍ਰਾਪਤ ਕਰਕੇ ਅਤੇ ਖੁਦ ਰੁਜ਼ਗਾਰ ਦੇਣ ਦੇ ਯੋਗ ਹੋ ਕੇ ਯੂਨੀਵਰਸਟੀ ਤੋਂ ਨਿਕਲਣਗੇ ।

ਇਸ ਮੌਕੇ ਡਾਕਟਰ ਸ੍ਰੀ ਸੰਦੀਪ ਸਿੰਘ ਕੌੜਾ ਨੇ ਸਪੈਸ਼ਲ ਤੌਰ ਤੇ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੇ ਟੀਚੇ ਗਏ ਸੀ ਉਹਨਾਂ ਤੇ ਲਗਾਤਾਰ ਕਾਮਯਾਬੀ ਨਾਲ ਕੰਮ ਜਾਰੀ ਹੈ । 31 ਜੁਲਾਈ ਤੱਕ ਯੂਨੀਵਰਸਿਟੀ ਦਾ ਮਿਥਿਆ ਕੰਮ ਸ਼ੁਰੂ ਕਰਵਾਉਣ ਦੇ ਨਾਲ ਹੀ ਸਾਡਾ ਮਨੋਰਥ ਇਹ ਹੈ ਕਿ ਪੰਜਾਬ ਸਰਕਾਰ ਇੱਕ ਵਿਸ਼ੇਸ਼ ਸੈਸ਼ਨ ਸ਼ਹੀਦ ਦੀ ਜਨਮ ਭੂਮੀ ਸੁਨਾਮ ਜਾਂ ਫਿਰ ਯੂਨੀਵਰਸਿਟੀ ਕੈਂਪਸ ਕਪੂਰਥਲਾ ਵਿਖੇ ਕਰਕੇ ਇਸ ਦੀ ਬਕਾਇਦਾ ਸ਼ੁਰੂਆਤ ਕਰੇਗੀ।

ਉਹਨਾਂ ਦੱਸਿਆ ਕਿ ਇਸ ਯੂਨੀਵਰਸਿਟੀ ਵਿੱਚੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੋਂ ਫੀਸਾਂ ਨਹੀਂ ਲਈਆਂ ਜਾਣਗੀਆਂ ।

ਇੱਕ ਵਰਗ ਦੇ ਵਿਦਿਆਰਥੀਆਂ ਦੀਆਂ ਫੀਸਾਂ ਇੰਡਸਟਰੀ ਭਰੇਗੀ, ਕੁਝ ਵਿਦਿਆਰਥੀਆਂ ਦੇ ਆਫਿਸਾਂ ਦਾ ਭੁਗਤਾਨ ਸਰਕਾਰੀ ਤੌਰ ਤੇ ਹੋਵੇਗਾ ਅਤੇ ਕੁਝ ਨੂੰ ਵਿਦਿਅਕ ਲੋਨ ਦੇ ਆਧਾਰ 'ਤੇ ਹੁਨਰ ਦੇ ਪਰਪੱਕ ਕਰਨ ਤੋਂ ਬਾਅਦ ਦੇਸ਼ ਅਤੇ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ ਮੁਹਈਆ ਕਰਵਾਇਆ ਜਾਣਗੇ । ਇਸ ਮੌਕੇ ਸਰਦਾਰ ਜਗਦੀਪ ਸਿੰਘ ਮਰੋਕ ਨੇ ਕਿਹਾ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਕੋਈ ਭਾਈਚਾਰਾ ਉਸ ਸ਼ਹੀਦ ਦੇ ਨਾਮ ਤੇ ਵੱਡਾ ਵਿਦਿਆ ਦਾ ਚਾਨਣ ਮੁਨਾਰਾ ਸਥਾਪਿਤ ਕਰਨ ਜਾ ਰਿਹਾ ਹੈ ਜਿਸ ਨੇ ਜਿੱਥੇ ਆਪਣੇ ਮਿਥੇ ਟੀਚੇ ਨੂੰ ਕਈ ਸਾਲਾਂ ਬਾਅਦ ਹਾਸਿਲ ਕੀਤਾ ਉਥੇ ਉਸ ਨੇ ਜਾਤ ਪਾਤ ਦਾ ਉਹਨਾਂ ਵੇਲਿਆਂ ਵਿੱਚ ਖੰਡਣ ਕੀਤਾ ਜਦੋਂ ਕਿ ਸਾਰੇ ਸਮਾਜ ਵਿੱਚ ਜਾਤੀਵਾਦ ਦਾ ਵੱਡਾ ਬੋਲਬਾਲਾ ਸੀ । ਇਸ ਮੌਕੇ ਡਾਕਟਰ ਮੰਗਲ ਸਿੰਘ ਨੇ ਕਿਹਾ ਕਿ ਕੁਝ ਤਾਕਤਾਂ ਇਸ ਵੱਡੇ ਪ੍ਰੋਜੈਕਟ ਨੂੰ ਰੋਕਣ ਲਈ ਕਾਰਜਸ਼ੀਲ ਹਨ ਅਤੇ ਆਉਣ ਵਾਲੇ ਸਮੇਂ ਵਿੱਚ

ਸਾਨੂੰ ਹੋਰ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਸਾਡਾ ਮਿਥਿਆ ਮਿਸ਼ਨ ਅਸੀਂ ਪ੍ਰਾਪਤ ਕਰਕੇ ਰਹਾਂਗੇ । ਇਸ ਮੌਕੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਮਿਲ ਰਹੇ ਸਹਿਯੋਗ ਦੀ ਭਰਪੂਰ ਸਰਾਹਨਾ ਕੀਤੀ ਗਈ।

# ਸੁਖਬੀਰ ਬਾਦਲ ਨੇ ਖੁਦਕੁਸ਼ੀ ਮਾਮਲੇ 'ਤੇ ਸਰਕਾਰ ਨੂੰ ਘੇਰਿਆ



**ਮੋਗਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਵਿਖੇ ਭਾਜਪਾ ਵੱਲੋਂ ਕਰਵਾਈ ਰੈਲੀ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਕਾਲੀ ਦਲ ਨਾਲ ਗਠਜੋੜ ਤੋਂ ਸਾਫ਼ ਨਾਂਹ ਕਰ ਦੇਣ ਬਾਅਦ ਹੁਣ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕਈ ਵਰ੍ਹਿਆਂ ਤੋਂ ਗੁੱਠੇ ਲਾਈਨ ਲਗਾ ਕੇ ਰੱਖੇ ਟਕਸਾਲੀ ਅਕਾਲੀ ਆਗੂਆਂ ਨੂੰ ਮੁੜ ਮੂਹਰਲੀ ਕਤਾਰ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਐੱਸ ਜੀ ਪੀ ਸੀ ਮੈਂਬਰ ਤਰਸੇਮ ਸਿੰਘ ਰੱਤੀਆਂ ਅਤੇ ਕਰਨਲ ਦਰਸ਼ਨ ਸਿੰਘ ਸਮਾਧਭਾਈ ਤੇ ਕਈ ਹੋਰ ਆਗੂ ਅੱਜ ਅਕਾਲੀ ਦਲ ਦੀ ਪੰਜਾਬ ਬਚਾਓ ਰੈਲੀ ਮੌਕੇ ਮੰਚ ਉੱਤੇ ਮੂਹਰਲੀ ਕਤਾਰ ਵਿਚ ਬੈਠੇ ਦਿਖਾਈ ਦਿੱਤੇ।

ਇਸ ਮੌਕੇ ਸੁਖਬੀਰ ਬਾਦਲ ਨੇ ਦਿੱਲੀ ਮਾਡਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪੰਜਾਬ ਦੀ ਲੜਾਈ ਹੁਣ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ (ਆਪ, ਕਾਂਗਰਸ ਅਤੇ ਭਾਜਪਾ) ਨਾਲ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਦੱਸਦਿਆਂ ਕਿਹਾ ਕਿ ਦਿੱਲੀ–ਆਧਾਰਿਤ ਪਾਰਟੀਆਂ ਕਦੇ ਵੀ ਪੰਜਾਬ ਦੇ ਹਿੱਤ ਵਿੱਚ ਫੈਸਲੇ ਨਹੀਂ ਲੈ ਸਕਦੀਆਂ। ਇਸ ਮੌਕੇ ਉਨ੍ਹਾਂ ਅੰਮ੍ਰਿਤਸਰ ਵਿਖੇ ਪੰਜਾਬ ਵੇਅਰ ਹਾਊਸ ਦੇ ਡੀ ਐੱਮ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦਾ ਜ਼ਿਕਰ ਕਰਦੇ ਕਿਹਾ ਕਿ ਦਾਅਵਾ ਕੀਤਾ ਕਿ ਸਰਕਾਰ ਪੰਜਾਬ ਦਾ ਇੱਕ ਇਮਾਨਦਾਰ ਅਫ਼ਸਰ ਖਾ ਗਈ। ਉਨ੍ਹਾਂ ਕਿਹਾ ਕਿ ਸੂਬੇ ਦੇ ਸੀਨੀਅਰ ਅਧਿਕਾਰੀ ਇਸ ਕਦਰ ਪ੍ਰੇਸ਼ਾਨ ਹਨ ਕਿ ਉਨ੍ਹਾਂ ਉੱਤੇ ਕਾਨੂੰਨ ਅਤੇ ਨਿਯਮਾਂ ਦੇ ਉਲਟ ਕੰਮ ਕਰਨ ਲਈ ਦਬਾਅ ਬਣਾਇਆ ਜਾਂਦਾ ਹੈ ਜਿਸਦੀ ਮਿਸਾਲ ਬਾਘਾਪੁਰਾਣਾ ਬਲਾਕ ਸਮਿਤੀ ਚੇਅਰਮੈਨ ਤੇ ਉਪਚੇਅਰਮੈਨ ਦੀ ਚੋਣ ਹੈ। ਉਨ੍ਹਾਂ ਕਿਹਾ ਕਿ 25 ਮੈਂਬਰੀ ਸਮਿਤੀ ਕਮੇਟੀ ਵਿਚ ਅਕਾਲੀ ਦਲ ਕੋਲ ਬਹੁਮਤ ਹੈ ਅਤੇ ਹਾਕਮ ਧਿਰ ਕੋਲ ਸਿਰਫ਼ 8 ਮੈਂਬਰ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਉੱਤੇ ਹਾਕਮ ਧਿਰ ਦਾ ਹੀ ਚੇਅਰਮੈਨ ਤੇ ਉਪ ਚੇਅਰਮੈਨ ਬਣਾਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਐੱਸ ਡੀ ਐੱਮ ਨੇ ਦਬਾਅ ਹੇਠ ਇਹ ਕਾਨੂੰਨ ਤੇ ਨਿਯਮ ਦੇ ਉਲਟ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਇਸ ਮੌਕੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਰਾਜਿੰਦਰ ਸਿਘ ਡੱਲਾ, ਨਿਹਾਲ ਸਿੰਘ, ਤੀਰਥ ਸਿੰਘ ਮਾਹਲਾ, ਰਾਜਵਿੰਦਰ ਸਿੰਘ ਧਰਮਕੋਟ, ਰਣਵਿੰਦਰ ਸਿੰਘ ਪੱਪੂ ਰਾਮੂਵਾਲਾ, ਰਾਜਵੰਤ ਸਿੰਘ ਮਾਹਲਾ ਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

# ਅਸੀਂ ਕਿਉਂ ਨਹੀਂ ਸਿੱਖਦੇ ਵਕਤ ਨਾਲ ਚੱਲਣਾ

ਮਲਕੀਤ ਸਿੰਘ

ਬਜ਼ੁਰਗਾਂ ਦੀ ਟਾਹਣੀ 'ਚ ਬੈਠੇ ਅਕਸਰ ਇਹ ਗੱਲ ਸੁਣਨ ਨੂੰ ਮਿਲ ਜਾਂਦੀ ਹੈ ਕਿ ਲੋਕਾਂ 'ਚ ਪਹਿਲਾਂ ਜਿਹਾ ਪਿਆਰ ਨਹੀਂ ਰਿਹਾ। ਲੋਕ ਮਤਲਬ ਤਕ ਸੀਮਿਤ ਹੋ ਚੁੱਕੇ ਹਨ ਕੋਈ ਕਿਸੇ ਦਾ ਦੁੱਖ ਵਢਾਉਣਾ ਤਾਂ ਦੂਰ ਦੱਸਣ 'ਤੇ ਵੀ ਸੁਣਨਾ ਨਹੀਂ ਚਾਹੁੰਦੇ। ਸਮੇਂ ਦੀ ਭੱਜ ਦੌੜ 'ਚ ਮਨੁੱਖ ਆਪਣਿਆਂ ਤੋਂ ਵੀ ਬਹੁਤ ਦੂਰ ਹੋ ਚੁੱਕਾ ਹੈ। ਸਵੇਰੇ ਦੀ ਸ਼ੁਰੂਆਤ ਸੂਰਜ ਚੜ੍ਹਨ ਤੋਂ ਬਾਅਦ ਹੁੰਦੀ ਹੈ। ਜਾਗ ਲਿਆਉਣ ਲਈ ਸਮਾਂ ਨਿਸਚਿਤ ਕਰ ਕੇ ਅਲਾਰਮ ਲਗਾ ਲਏ ਜਾਂਦੇ ਹਨ। ਸੈਰ ਸਪਾਟਾ ਡਾਕਟਰ ਵੱਲੋਂ ਦਿੱਤੀ ਗਈ ਸਜ਼ਾ ਜਾਂ ਦਵਾਈ ਸਮਝੀ ਜਾ ਰਹੀ ਹੈ। ਦਿਨ ਦਾ ਬਹੁਤਾ ਸਮਾਂ ਮੋਬਾਈਲ ਲੈਪਟਾਪ 'ਤੇ ਗੁਜਰਦਾ ਵਿਖਾਈ ਦਿੰਦਾ। ਵਕਤ 'ਚ ਕੋਈ ਤਬਦੀਲੀ ਨਹੀਂ ਮਤਲਬ ਕੋਈ ਵਾਧ ਘਾਟ ਨਹੀਂ ਸਗੋਂ ਮਨੁੱਖ 'ਚ ਭਾਰੀ ਤਬਦੀਲੀ ਆ ਚੁੱਕੀ ਹੈ ਜਿੱਥੇ ਜਿੱਥੇ ਤਕਨੀਕ ਯੁੱਗ ਦਾ ਸਹਿਯੋਗ ਮਿਲ ਰਿਹਾ ਹਰ ਇਨਸਾਨ ਮੂੰਹੋਂ ਸੁਣਨ ਨੂੰ ਇਹੋ ਮਿਲਦਾ ਹੈ ਕਿ ਵਕਤ ਨਹੀਂ। ਫ਼ਰਕ ਸਿਰਫ਼ ਤੇ ਸਿਰਫ਼ ਇਹੀ ਰਹਿ ਗਿਆ ਹੈ ਕਿ ਅਸੀਂ ਵਕਤ ਨਾਲ ਨਹੀਂ ਚਲਦੇ।



ਸਮੇਂ ਨਾਲ ਨਾ ਕੀਤੇ ਕੰਮ, ਕਦੇ ਪੂਰੇ ਨਹੀਂ ਹੁੰਦੇ ਸਗੋਂ ਸਾਨੂੰ ਜ਼ਿੰਦਗੀ 'ਚ ਪਿੱਛੇ ਜ਼ਰੂਰ ਧਕੇਲ ਦਿੰਦੇ ਹਨ। ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਕਰ ਦਿੰਦੇ ਹਾਂ।

ਇਨ੍ਹਾਂ ਕੰਮਾਂ ਦੀ ਦੇਰੀ ਕਾਰਨ ਅਸੀਂ ਕਰੀਬੀ ਰਿਸ਼ਤੇਦਾਰ ਜਾਂ ਸਾਥੀਆ ਨੂੰ ਦੂਰ ਕਰ ਬੈਠਦੇ ਹਾਂ। ਮਤਲਬ ਕਿ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰ ਪਾਉਂਦੇ। ਆਮ ਸੁਣਨ ਨੂੰ ਮਿਲਦਾ ਹੈ ਕਿ ਉਹ ਕਦੇ ਜ਼ਬਾਨ 'ਤੇ ਖਰਾ ਨਹੀਂ ਉਤਰਦਾ ਜਾ ਉਤਰਦੀ। ਅਸਲ ਅਸੀਂ ਆਪਣੀ ਜ਼ਿੰਦਗੀ ਵਿਚ ਵਕਤ ਨੂੰ ਅਹਿਮੀਅਤ ਨਹੀਂ ਦੇ ਰਹੇ। ਬਹੁਤੇ ਧਰਮੀ ਕਈ ਕਈ ਘੰਟੇ ਲਾਈਨਾਂ 'ਚ ਲੱਗ ਕੇ ਵਕਤ ਖ਼ਰਾਬ ਕਰਨ ਨੂੰ ਸ਼ਰਧਾ ਦਾ ਨਾ ਦਿੰਦੇ ਹਨ।

ਪਿਛਲੇ ਦਿਨੀਂ ਇਕ ਨਵਾਂ ਵਿਆਹਿਆ ਜੋੜਾ ਆਪਣੇ ਪਰਿਵਾਰ ਸਮੇਤ ਦਰਦਨਾਕ ਸੜਕ ਹਾਦਸੇ 'ਚ ਪਰਿਵਾਰ ਸਮੇਤ ਖ਼ਤਮ ਹੋ ਗਿਆ। ਅਜਿਹੀ ਦਰਦਨਾਕ ਖ਼ਬਰਾਂ ਵੀ ਚਾਹ ਦੀਆਂ ਚੁਸਕੀਆ ਸਮੇਤ ਪੜ੍ਹ ਕੇ ਖ਼ਤਮ ਹੋ ਜਾਂਦੀ ਆ ਹਨ। ਸੋਚਿਆ ਜਾਵੇ ਤਾਂ ਇਸ ਪਰਿਵਾਰ ਦੀਆਂ ਖ਼ੁਸ਼ੀਆਂ ਪਲਾਂ ਵਿਚ ਦਰਦਨਾਕ ਹਾਦਸੇ ਨੇ ਗ਼ਮਗੀਨ ਮਾਹੌਲ 'ਚ ਤਬਦੀਲ ਕਰ ਛੱਡੀਆਂ। ਗੱਲ ਤਾਂ ਇੱਥੇ ਆ ਮੁਕਦੀ ਏ ਕਿ ਜਿਸ ਤਨ ਲਾਗੇ ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ। ਕੋਈ ਕਿਸੇ ਦੇ ਦਰਦ ਨੂੰ ਨਹੀਂ ਜਾਣਦਾ, ਦਰਦ 'ਚ ਸ਼ਾਮਲ ਹੋਣਾ ਮਜਬੂਰੀ ਸਮਝੀ ਜਾਣ ਲੱਗ ਪਈ ਹੈ। •

98762-12222

## ਮਾਂ ਦੀ ਲੋਰੀ

ਮਾਂ ਦਾ ਆਂਚਲ ਬਣ ਛਾਂ
ਦਿੰਦਾ, ਰੁੱਖਾਂ ਦਾ ਪਰਛਾਵਾਂ।
ਗੋਦੀ ਪਾ ਕੇ ਸੁੱਖ ਦਿੰਦੀਆਂ,
ਜਿਉਂ ਬੱਚਿਆਂ ਨੂੰ ਮਾਵਾਂ।

ਥੱਕਿਆ-ਟੁੱਟਿਆ
ਰਾਹੀ ਆਵੇ,
ਠੰਡਾ ਝੌਂਕਾ ਹਵਾ ਦਾ ਪਾਵੇ,
ਵਿਛਾ ਕੇ ਚਾਦਰ
ਰੁੱਖ ਦੇ ਥੱਲੇ,
ਗੂੜ੍ਹੀ ਨੀਂਦਰ ਉਹ ਸੌਂ ਜਾਵੇ,
ਮਾਂ ਲੋਰੀ ਵਾਂਗ
ਨੀਂਦਰ ਦੇਵਣ,
ਚੱਲਦੀਆਂ ਜਦ ਹਵਾਵਾਂ।

ਰੁੱਖਾਂ ਨਾਲ ਹੀ ਜੀਵਨ ਚੱਲੇ,
ਬਿਨ ਇਨ੍ਹਾਂ ਤੋਂ
ਸਾਹ ਨਾ ਪੱਲੇ,
ਇਨ੍ਹਾਂ ਨੂੰ ਕੱਟ ਕੇ
ਮੌਤ ਸਹੇੜਨ,
ਅੱਜ ਦੇ ਲੋਕੀ ਹੋ ਗਏ ਝੱਲੇ,
ਰੁੱਖ ਕੱਟ ਹੋ ਕੇ
ਮੁੱਕਦੇ ਜਾਵਣ,
ਸੁੰਨੀਆਂ ਹੋ ਰਹੀਆਂ ਥਾਵਾਂ।

ਘਰਾਂ ਲਈ ਖਿੜਕੀ
ਤੇ ਦਰਵਾਜ਼ੇ,
ਅਲਗੋਜ਼ੇ ਤੇ ਬਣ ਦੇ ਬਾਜੇ,
ਬਾਲਣ ਰੂਪ 'ਚ ਵਰਤ ਰੁੱਖਾਂ ਨੂੰ,
ਖਾਣੇ ਬਣਦੇ ਤਾਜ਼ੇ-ਤਾਜ਼ੇ,
ਲੱਕੜ ਤੋਂ ਬਣੇ ਢੋਲ ਤੇ ਤੂੰਬੀ,
ਵਰਗੇ ਸਾਜ ਵਜਾਵਾਂ।

ਡਬਲਬੈੱਡ ਅਤੇ ਮੰਜਾ ਪੀੜ੍ਹਾ,
ਰੱਖ ਹੋ ਜਾਂਦਾ ਕੱਪੜਾ-ਲੀੜਾ,
ਪੂਰੀ ਜ਼ਿੰਦਗੀ
ਸਾਥ ਨਿਭਾਉਂਦਾ,
ਜਿਹਦਾ ਲੱਕੜ ਹੁੰਦਾ ਚੀੜ੍ਹਾ,
ਕਿਹੜੇ-ਕਿਹੜੇ
ਕੰਮ ਇਹ ਆਉਂਦੇ,
ਕੀ-ਕੀ ਹੋਰ ਸੁਣਾਵਾਂ।

ਅੰਤ ਸਮੇਂ
ਰੁੱਖ ਈ ਕੰਮ ਆਵਣ,
ਮੁਰਦੇ ਤਾਈਂ ਵੀ ਜਲਾਵਣ,
ਰੁੱਖਾਂ ਪਾਸੋਂ ਬਾਲਣ ਲੈ ਕੇ,
ਲੋਕੀ ਮੁਰਦਾ
ਲਾਸ਼ 'ਤੇ ਪਾਵਣ,
ਪਰਸ਼ੋਤਮ ਤਾਂ ਬਸ
ਇੱਕੋ ਰੱਖੇ,
ਰੱਖਦਾ ਨਹੀਂ ਦੋ ਰਾਵਾਂ।

ਪੰਛੀ ਇਨ੍ਹਾਂ 'ਤੇ
ਘਰ ਬਣਾਵਣ,
ਚੋਗਾ ਲੈ ਕੇ ਵਾਪਸ ਆਵਣ,
ਹਰੇ ਭਰੇ ਰੁੱਖ ਲੱਗਣ ਪਿਆਰੇ,
ਸਭਨਾਂ ਦੇ ਇਹ
ਮਨ ਨੂੰ ਭਾਵਣ,
ਸਰੋਏ ਰੁੱਖਾਂ ਦੇ
ਗੁਣਾਂ ਦੀ ਗੁੰਠਲੀ,
ਕੀਕਣ ਖੋਲ੍ਹ ਦਿਖਾਵਾਂ।

ਹੜ੍ਹਾਂ ਦੀ ਮਾਰੋਂ ਬਚਾਉਂਦੇ,
ਕਾਹਤੋਂ ਲੋਕੀ
ਕਦਰ ਨਾ ਪਾਉਂਦੇ,
ਰੁੱਖਾਂ ਦੇ ਸੀਨੇ
ਫੇਰ ਕੇ ਆਰੀ,
ਪੈਸੇ ਵੱਟ ਕੇ ਜਸ਼ਨ ਮਨਾਉਂਦੇ,
ਰੁੱਖ ਲਗਾਓ ਜੀਵਨ ਬਚਾਓ,
ਸਭ ਨੂੰ ਇਹ ਸਮਝਾਵਾਂ।

• ਪਰਸ਼ੋਤਮ ਲਾਲ ਸਰੋਏ
92175-44348



# ਕਦੇ ਹੁੰਦਾ ਸੀ ਅਧਿਆਪਕ ਦਾ ਉੱਚਾ ਰੁਤਬਾ

ਜਸਵਿੰਦਰ ਸਿੰਘ ਖੁੱਡੀਆਂ



**ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ ਪਰਸਪਰ ਪਿਆਰ ਅਤੇ ਅਪਣੱਤ 'ਤੇ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ-ਪ੍ਰਦਾਨ ਦਾ ਹੁੰਦਾ ਹੈ...**

ਗੁਰੂ ਜਾਂ ਮੁਰਸ਼ਦ ਦਾ ਰੁਤਬਾ ਸਾਡੇ ਧਾਰਮਿਕ ਗ੍ਰੰਥਾਂ ਅਨੁਸਾਰ ਅੱਵਲ ਦਰਸਾਇਆ ਗਿਆ ਹੈ। ਗੁਰੂ ਹੀ ਹੈ ਜੋ ਰਾਹ ਦਸੇਰਾ ਹੈ। ਗੁਰੂ ਹੀ ਬੱਚੇ ਦੇ ਮਨ ਦੀ ਕੋਰੀ ਫੱਟੀ 'ਤੇ ਪੂਰਨੇ ਪਾਉਂਦਾ ਹੈ। ਗੁਰੂ ਹੀ ਕੱਚੀ ਮਿੱਟੀ ਨੂੰ ਸਾਂਚੇ ਵਿਚ ਢਾਲ਼ ਕੇ ਸ਼ਖ਼ਸੀਅਤ ਦੀ ਉਸਾਰੀ ਕਰਦਾ ਹੈ। ਸਮਾਜਿਕ ਤਬਦੀਲੀ ਹਰ ਪੱਧਰ 'ਤੇ ਵਾਪਰਦੀ ਹੈ ਤੇ ਇਹ ਹਰ ਸ਼ੈਅ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਸੰਸਾਰ ਪੱਧਰ 'ਤੇ ਵਾਪਰ ਰਹੀਆਂ ਆਰਥਿਕ ਅਤੇ ਸਮਾਜਿਕ ਤਬਦੀਲੀ ਵਿਅਕਤੀਗਤ ਤਬਦੀਲੀਆਂ ਦਾ ਕਾਰਨ ਵੀ ਬਣਦੀਆਂ ਹਨ। ਕੋਈ ਸਮਾਂ ਸੀ ਜਦੋਂ ਅਧਿਆਪਕ ਦਾ ਰੁਤਬਾ ਅਤੇ ਮਾਣ ਸਤਿਕਾਰ ਸਮਾਜਿਕ ਪੱਧਰ 'ਤੇ ਸਭ ਤੋਂ ਉੱਪਰ ਹੁੰਦਾ ਸੀ। ਅਧਿਆਪਕ ਨੂੰ ਹਰ ਬੱਚੇ ਦੁਆਰਾ ਆਪਣੇ ਮਾਪਿਆਂ ਸਮਾਨ ਸਮਝਿਆ ਜਾਂਦਾ ਸੀ। ਬੱਚਿਆਂ ਦੇ ਮਾਪੇ ਵੀ ਅਧਿਆਪਕਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਸਮਾਜ ਵਿਚ ਅਧਿਆਪਕ ਦਾ ਇਕ ਖ਼ਾਸ ਰੁਤਬਾ ਮੰਨਿਆ ਜਾਂਦਾ ਸੀ। ਅਧਿਆਪਕ ਨੂੰ ਰਾਜਨੀਤਿਕ, ਅਫ਼ਸਰਸ਼ਾਹੀ ਅਤੇ ਆਮ ਵਰਗ ਦੇ ਲੋਕਾਂ ਵੱਲੋਂ ਸਭ ਤੋਂ ਵੱਧ ਸਤਿਕਾਰਤ ਸਮਝਿਆ ਜਾਂਦਾ ਸੀ।

ਹੌਲੀ-ਹੌਲੀ ਸਮਾਜ ਵਿਚ ਖ਼ਪਤ ਸੱਭਿਆਚਾਰ ਦਾ ਬੋਲਬਾਲਾ ਹੋਣ ਨਾਲ ਸਮਾਜਿਕ ਤਾਣੇ ਬਾਣੇ ਵਿਚ ਵੀ ਇਹ ਸੱਭਿਆਚਾਰ ਉੱਤਰਨਾ ਸ਼ੁਰੂ ਹੋ ਗਿਆ। ਖ਼ਪਤ ਸੱਭਿਆਚਾਰ ਦਾ ਮੁੱਢਲਾ ਤੇ ਮੁੱਖ ਸਿਧਾਂਤ ਮੁਨਾਫ਼ਾ ਖੋਰੀ ਹੈ। ਇੱਥੇ ਸਿਰਫ਼ ਉਸ ਦਾ ਹੀ ਮੁੱਲ ਪੈਂਦਾ ਹੈ ਜਿਸ ਤੋਂ ਕੋਈ ਮੁਨਾਫ਼ਾ ਖੱਟਿਆ ਜਾ ਸਕਦਾ ਹੈ। ਬਦਲਦੇ ਸਮਾਜਿਕ ਸੰਦਰਭਾਂ ਨੇ ਕਿੱਤਿਆਂ ਪ੍ਰਤੀ ਸੋਚ ਨੂੰ ਵੀ ਬਦਲਣਾ ਸ਼ੁਰੂ ਕਰ ਦਿੱਤਾ। ਜਿਹੜੇ ਕਿੱਤੇ ਨਿਰੋਲ ਵਪਾਰਕ ਜਾਂ ਮਤਲਬਪ੍ਰਸਤੀ ਦੇ ਸਨ ਉਨ੍ਹਾਂ ਦੀ ਕਦਰ ਦਿਨੋ ਦਿਨ ਵਧਦੀ ਗਈ। ਰਾਜਨੀਤਕ, ਥਾਣਿਆਂ, ਕਚਹਿਰੀਆਂ, ਮਾਲ ਮਹਿਕਮੇ ਨਾਲ ਸਬੰਧਤ ਕਿੱਤੇ ਅਤੇ ਇਸ ਨਾਲ ਸਬੰਧਤ ਵਿਅਕਤੀਆਂ, ਚਾਹੇ ਉਹ ਹੇਠਲੇ ਦਰਜੇ ਦੇ ਕਰਮਚਾਰੀ ਹੀ ਕਿਉਂ ਨਾ ਹੋਣ, ਆਮ ਵਰਗ ਉਨ੍ਹਾਂ ਨਾਲ ਸੁਖਾਲੇ ਸਮਾਜਿਕ ਸਰੋਕਾਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਵਧ ਰਹੇ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਕਰਕੇ ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਪਹੁੰਚ ਸਰਕਾਰੀ ਤੰਤਰ ਤੱਕ ਹੋਵੇ। ਇਸ ਪਹੁੰਚ ਲਈ ਚੋਰ ਮੋਰੀ ਦਾ ਕੰਮ ਇਨ੍ਹਾਂ ਉਪਰੋਕਤ ਲਿਹਾਜ਼ ਰਾਹੀਂ ਲਿਆ ਜਾਂਦਾ ਹੈ।

ਇਸ ਦੇ ਉਲਟ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਨਿਰੋਲ ਭਾਵਨਾਤਮਕ ਹੈ ਅਤੇ ਮਹਿਜ਼ ਆਪਸੀ ਪਰਸਪਰ ਪਿਆਰ ਅਤੇ ਅਪਣੱਤ ਉੱਤੇ ਹੀ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮਤਲਬਪ੍ਰਸਤੀ ਜਾਂ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ ਪ੍ਰਦਾਨ ਦਾ ਹੀ ਰਿਸ਼ਤਾ ਹੈ। ਖ਼ਪਤ ਸੱਭਿਆਚਾਰ ਨੇ ਸਮਾਜਿਕ ਸਮਝ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਵਿਅਕਤੀਗਤ ਤੌਰ 'ਤੇ ਅਸੀਂ ਸਿਰਫ਼ ਮੁਨਾਫ਼ਾਖ਼ੋਰ ਰਿਸ਼ਤੇ ਹੀ ਨਿਭਾਉਣਾ ਚਾਹੁੰਦੇ ਹਾਂ, ਭਾਵਨਾਤਮਕ ਰਿਸ਼ਤਿਆਂ ਲਈ ਥਾਂ ਦਿਨੋ ਦਿਨ ਸੁੰਗੜ ਰਿਹਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੀ ਭਾਵਨਾਤਮਕ ਸਾਂਝ ਨੂੰ ਸਭ ਤੋਂ ਵੱਡਾ ਖੋਰਾ ਪ੍ਰਾਈਵੇਟ ਅਦਾਰਿਆਂ ਦੇ ਸ਼ੁਰੂ ਹੋਣ ਤੋਂ ਬਾਅਦ ਹੋਇਆ। ਵਿਦਿਆਰਥੀ ਦਾ ਅਧਿਆਪਕ ਨਾਲ ਅਤੇ ਉਨ੍ਹਾਂ ਦੇ ਮਾਪਿਆ ਦਾ ਅਧਿਆਪਕ ਨਾਲ ਰਿਸ਼ਤਾ ਨਿਵਾਣ ਵੱਲ ਜਾ ਰਿਹਾ ਹੈ। ਜਦੋਂ ਬੱਚਿਆਂ ਦੀ ਸਕੂਲੀ ਪੜ੍ਹਾਈ ਪੂਰੀ ਹੋ ਜਾਂਦੀ ਹੈ ਤਾਂ ਮਾਪੇ ਅਤੇ ਬੱਚੇ ਉਨ੍ਹਾਂ ਦੇ ਅਧਿਆਪਕ ਨਾਲ ਨਿੱਜੀ ਸੰਪਰਕ ਵਿਚ ਬਹੁਤ ਘੱਟ ਰਹਿੰਦੇ ਹਨ ਕਿਉਂ ਜੋ ਰਿਸ਼ਤੇ ਦੀ ਤਾਸੀਰ ਭਾਵਨਾਤਮਕ ਤੋਂ ਸਿਰਫ਼ ਮਤਲਬਪ੍ਰਸਤੀ ਤਕ ਸੀਮਤ ਰਹਿ ਜਾਂਦੀ ਹੈ। ਇਸ ਦੇ ਉਲਟ ਉਹ ਵਿਅਕਤੀ ਜਿਨ੍ਹਾਂ ਦੀ ਸਰਕਾਰੇ, ਦਰਬਾਰੇ, ਥਾਣੇ, ਕਚਹਿਰੀਆਂ, ਮਾਲ ਮਹਿਕਮੇ ਆਦਿ ਤਕ ਕੋਈ ਥੋੜ੍ਹੀ ਬਹੁਤ ਵੀ ਆਉਣੀ ਜਾਣੀ ਹੋਵੇ ਉਨ੍ਹਾਂ ਨਾਲ ਆਮ ਵਰਗ ਦੇ ਲੋਕ ਰੋਜ਼ਮਰਾ ਦੇ ਕੰਮਾਂ ਤੋਂ ਬਿਨਾਂ ਵੀ ਦੁਆ ਸਲਾਮ ਕਰਨਾ ਜਾਰੀ ਰੱਖਦੇ ਹਨ। ਇਸ ਦਾ ਸਿੱਧਾ ਕਾਰਨ ਇਹੀ ਹੈ ਕਿ ਮੌਜੂਦਾ ਭ੍ਰਿਸ਼ਟਾਚਾਰ ਅਤੇ ਸਿਫ਼ਾਰਸ਼ਬਾਜ਼ੀ ਦੇ ਮਾਹੌਲ ਅੰਦਰ ਆਮ ਲੋਕਾਂ ਨੂੰ ਆਸ ਹੁੰਦੀ ਹੈ ਕਿ ਇਹ ਵਿਅਕਤੀ ਕਿਸੇ ਦਿਨ ਸਾਡੇ ਕੰਮ ਆ ਸਕਦਾ ਹੈ। ਇਸ ਤਰ੍ਹਾਂ ਦੀਆਂ ਮੌਕਾਪ੍ਰਸਤ ਸਾਂਝਾਂ ਉਸਾਰਨ ਪਿੱਛੇ ਕੰਮ ਕਰਦੀ ਮਾਨਸਿਕਤਾ ਵੀ ਮੁਨਾਫ਼ਾਖ਼ੋਰੀ ਤੇ ਕੇਂਦਰਿਤ ਹੁੰਦੀ ਹੈ। ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਵਿਚ ਆ ਰਹੇ ਭਾਵਨਾਤਮਕ ਨਿਘਾਰ ਦਾ ਇਕ ਹੋਰ ਕਾਰਨ ਜਨਤਕ ਅਦਾਰਿਆਂ ਵਿਚ ਚੱਲ ਰਿਹਾ ਨਿੱਜੀਕਰਨ ਦਾ ਦੌਰ ਵੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਦੇ ਅਧਿਆਪਕ ਠੇਕੇਦਾਰੀ ਸਿਸਟਮ ਦੀ ਮਾਰ ਹੰਢਾ ਰਹੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਈ ਦਹਾਕਿਆਂ ਤੋਂ ਪੱਕੀ ਭਰਤੀ ਦਾ ਰਸਤਾ ਬੰਦ ਕੀਤਾ ਹੋਇਆ ਹੈ। ਸਕੂਲ ਅਧਿਆਪਕ ਅਤੇ ਇਕ ਦਿਹਾੜੀਦਾਰ ਕਾਮੇ ਦੀਆਂ ਉਜਰਤਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ। ਇਕ ਅਧਿਆਪਕ ਸਮਝੌਤੇ ਅਧੀਨ ਰੁਜ਼ਗਾਰ ਪ੍ਰਾਪਤ ਕਰਦਾ ਹੈ। ਇਹ ਸਿੱਧੇ ਤੌਰ 'ਤੇ ਕਿਰਤ ਦੀ ਲੁੱਟ ਹੈ। ਉੱਚ ਵਿੱਦਿਆ ਪ੍ਰਾਪਤ ਬੇਰੁਜ਼ਗਾਰਾਂ ਨੂੰ ਮਜ਼ਦੂਰਾਂ ਤੋਂ ਵੀ ਘੱਟ ਮਿਹਨਤਾਨਾ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ।ਇਕ ਅਧਿਆਪਕ ਜਦੋਂ ਤਕ ਆਰਥਿਕ ਮੁਸ਼ਕਿਲਾਂ ਵਿਚ ਹੀ ਘਿਰਿਆ ਰਹੇਗਾ ਉਹ ਆਪਣੀ ਪੂਰੀ ਤਨਦੇਹੀ ਨਾਲ ਆਪਣਾ ਫ਼ਰਜ਼ ਨਹੀਂ ਨਿਭਾ ਸਕੇਗਾ। ਅਜਿਹੀ ਮਾਨਸਿਕ ਸਥਿਤੀ ਦਾ ਸਿੱਧਾ ਅਸਰ ਅਧਿਆਪਕ ਵਿਦਿਆਰਥੀ ਦੇ ਪਰਸਪਰ ਰਿਸ਼ਤੇ ਉੱਪਰ ਵੀ ਪੈਂਦਾ ਹੈ। ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨੇ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਇਸ ਨਾਲ ਅੱਠ ਜਮਾਤਾਂ ਪਾਸ ਕਰਨ ਵਾਲੇ ਅਨਪੜ੍ਹ ਹੀ ਪੈਦਾ ਕੀਤੇ ਹਨ। ਬੱਚਿਆਂ ਦੀ ਨਜ਼ਰ ਵਿਚ ਅਧਿਆਪਕ ਅਤੇ ਸਿੱਖਿਆ ਦਾ ਰੁਤਬਾ ਬਹੁਤ ਹੇਠਾਂ ਤਕ ਆ ਗਿਆ ਹੈ।

ਸਿੱਖਿਆ ਹੀ ਕਿਸੇ ਕੌਮ ਜਾਂ ਰਾਜ ਲਈ ਭਵਿੱਖ ਦਾ ਖ਼ਾਕਾ ਤਿਆਰ ਕਰਦੀ ਹੈ। ਪੰਜਾਬ ਅੰਦਰ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਦੇ ਰਸਤੇ 'ਤੇ ਹਨ। ਸੰਵਾਦ ਲਈ ਕੋਈ ਜਗ੍ਹਾ ਨਾ ਰੱਖ ਕੇ ਸਿਰਫ਼ ਤਾਨਾਸ਼ਾਹੀ ਹੁਕਮ ਸੁਣਾਉਣ ਦਾ ਚਲਣ ਲਗਾਤਾਰ ਜਾਰੀ ਹੈ। ਬਹੁਤ ਸਾਰੇ ਅਜਿਹੇ ਵਿਭਾਗ ਜੋ ਭ੍ਰਿਸ਼ਟਾਚਾਰ ਦੀਆਂ ਸਿਖਰਾਂ ਛੂਹੰਦੇ ਹਨ, ਉਨ੍ਹਾਂ ਦੇ ਮੁਕਾਬਲਨ ਅਧਿਆਪਕ ਵਰਗ ਅੱਜ ਵੀ ਆਪਣਾ ਕੰਮ ਇਮਾਨਦਾਰੀ ਨਾਲ ਕਰਦਾ ਹੈ। ਸਿੱਖਿਆ ਦਾ ਮੁੱਖ ਘਾੜਾ ਅਧਿਆਪਕ ਹੀ ਹੈ। ਬਾਕੀ ਸਾਰਾ ਸਕੂਲੀ ਬੁਨਿਆਦੀ ਢਾਂਚਾ ਸਿਰਫ਼ ਅਧਿਆਪਕ ਦਾ ਸਹਾਇਕ ਤਾਂ ਹੋ ਸਕਦਾ ਹੈ, ਉਸ ਦਾ ਬਦਲ ਨਹੀਂ। ਜੇਕਰ ਅਧਿਆਪਕ ਮਾਨਸਿਕ, ਆਰਥਿਕ ਅਤੇ ਸਮਾਜਿਕ ਪੱਧਰ ਤੇ ਸੰਤੁਸ਼ਟ ਹੋਵੇਗਾ ਤਾਂ ਹੀ ਉਹ ਚੰਗੇ ਵਿਦਿਆਰਥੀ ਪੈਦਾ ਕਰ ਸਕਦਾ ਹੈ। ਮੌਜੂਦਾ ਰਾਜਨੀਤਿਕ, ਪ੍ਰਸ਼ਾਸ਼ਨਿਕ ਅਤੇ ਨਾਗਰਿਕ ਪੱਧਰ 'ਤੇ ਸਾਂਝੇ ਯਤਨ ਕਰਦਿਆਂ ਅਧਿਆਪਕ ਦੀ ਮਾਨਸਿਕ ਅਤੇ ਆਰਥਿਕ ਸੰਤੁਸ਼ਟੀ ਨੂੰ ਧਿਆਨ ਵਿਚ ਰੱਖਦਿਆਂ ਉਸ ਦਾ ਸਮਾਜਿਕ ਰੁਤਬਾ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਪ੍ਰਸੰਨ ਅਤੇ ਸੰਤੁਸ਼ਟ ਅਧਿਆਪਕ ਹੀ ਪਿੰਡ , ਸੂਬੇ ਅਤੇ ਦੇਸ਼ ਨੂੰ ਵਿਕਾਸ ਦੇ ਰਸਤੇ ਦਾ ਪਾਂਧੀ ਬਣਾ ਸਕਦਾ ਹੈ। •

95016-91300

## ਕਵਿਤਾਵਾਂ

### ਨਫ਼ਰਤ ਦਾ ਰੰਗ

ਘੋਲਿਆ ਕਿਸ ਨੇ ਨਫ਼ਰਤ ਦਾ ਰੰਗ,
ਵਿਚ ਪੰਜਾਬ ਦੇ ਪਾਣੀਆਂ।
ਰਲ ਮਿਲ ਕੇ ਹੁਣ ਖੇਡਣ ਨਾ ਹੀ,
ਹਾਣੀ ਸੰਗ ਹਾਣੀਆਂ।

ਲਹੂ ਦੇ ਰਿਸ਼ਤੇ ਟੁੱਟਦੇ ਲੱਗਦੇ,
ਜਿਉਂ ਟੁੱਟਦੇ ਪੱਤੇ ਟਾਹਣੀਆਂ।
ਪੁੱਤ ਜਿਨ੍ਹਾਂ ਦੇ ਮੁੜ ਨਾ ਪਰਤੇ,
ਰੋਵਣ ਮਾਵਾਂ ਮਰ ਜਾਣੀਆਂ।

ਚਾਲਾਂ ਚਲਦੇ ਸੱਤਾਧਾਰੀ,
ਪਾੜਨ ਮਿੱਤਰਾਂ ਦੀਆਂ ਢਾਣੀਆਂ।
ਮੁੱਦਿਆ ਵਿੱਚੋਂ ਮੁੱਦੇ ਲੱਭਦੇ,
ਫਿਰ ਪਾਉਂਦੇ ਫਿਰਨ ਕਹਾਣੀਆਂ।

ਅੰਗਿਆਰ ਪਏ ਹਰ ਪਾਸੇ ਵਰਦੇ,
ਧਰਮਾਂ ਦੇ ਨਾਂ 'ਤੇ ਦੰਗੇ ਕਰਦੇ।
ਪਾਉਂਦੇ ਬਲਦੀ 'ਤੇ ਤੇਲ ਜਦ ਉਹ,
ਉਲਝਾਉਂਦੇ ਹੋਰ ਵੀ ਤਾਣੀਆਂ।

• ਮਨਿੰਦਰ ਕੌਰ 'ਬਸੀ'
98784-38722

### ਸੜਕਾਂ ਵਿਚ ਟੋਏ

ਸੜਕਾਂ ਵਿਚ ਟੋਏ ਪੈ ਗਏ ਨੇ।
ਕਈ ਜਾਨਾਂ ਲੈ ਕੇ ਬਹਿ ਗਏ ਨੇ।

ਆਈਆਂ ਸਰਕਾਰਾਂ, ਮੰਗੀਆਂ ਵੋਟਾਂ
ਕਰਾਂਗੇ ਹੀਲਾ, ਵਾਅਦਾ ਕਰਦੇ ਆਂ
ਬਸ, ਇੰਨਾ ਹੀ ਕਹਿ ਗਏ ਨੇ
ਸੜਕਾਂ ਵਿਚ ਟੋਏ ਪੈ ਗਏ ਨੇ।

ਮਿਲ ਗਈਆਂ ਵੋਟਾਂ
ਬਣ ਗਈਆਂ ਸਰਕਾਰਾਂ
ਹੁਣ ਨਾ ਕੋਈ ਲੈਂਦਾ ਸਾਰਾਂ
ਸੜਕਾਂ ਦੀਆਂ ਸਾਰਾਂ
ਜਨਤਾਂ ਦੀਆਂ ਸਾਰਾਂ
ਜਦ ਨਿਕਲਿਆ ਮਤਲਬ
ਦੇਖ ਪਾਸਾ ਵੱਟ
ਕੌਣ ਹੋ ਤੁਸੀਂ ?
ਇਹ ਕਹਿ ਗਏ ਨੇ
ਸੜਕਾਂ ਵਿੱਚ ਟੋਏ ਪੈ ਗਏ ਨੇ।

ਭੋਲੀ ਜਨਤਾ ਨਾ ਹੱਕ ਜਾਣਦੀ
ਪੰਜ ਸਾਲ ਵੋਟਾਂ ਦੀ ਸਜ਼ਾ ਮਾਣਦੀ
ਨਾ ਕਰੇ ਸਰਕਾਰਾਂ ਕੰਮ ਤਾਂ ਲਾਹੋ ਥੱਲੇ
ਕੋਈ ਇਹੋ-ਜਿਹਾ ਵੀ ਕਾਨੂੰਨ ਚੱਲੇ
'ਅਮਰ' ਇਹੋ ਜਿਹੇ ਕਾਨੂੰਨ ਵੀ
ਦੇਸ਼ 'ਚ ਹੈਗੇ ਨੇ
ਸੜਕਾਂ ਵਿਚ ਟੋਏ ਪੈ ਗਏ ਨੇ
ਕਈ ਜਾਨਾਂ ਲੈ ਕੇ ਬਹਿ ਗਏ ਨੇ।

• ਅਮਰਜੀਤ ਕੌਰ 'ਲਾਲਪੁਰ'
89680-39646

## ਕਹਾਣੀ

# ਜੋਗੀ ਜੋਗ ਕਮਾ ਗਿਆ

ਪ੍ਰਦੀਪ ਥਿੰਦ

'ਕਿਉਂ ਆਉਂਦੀ ਏ ਹਰ ਰੋਜ਼, ਪਤਾ ਉਹ ਮਕਾਨ ਛੱਡ ਕੇ ਕਦੋਂ ਦਾ ਤੁਰ ਗਿਆ!' ਜੋਤ ਨੂੰ ਇਸ ਸਵਾਲ ਦਾ ਜਵਾਬ ਰੋਜ਼ ਦੇਣਾ ਪੈਂਦਾ। 'ਬਸ ਯਕੀਨ ਜਿਹਾ ਨਹੀਂ ਹੁੰਦਾ, ਉਸ ਦੇ ਯਕੀਨ 'ਤੇ ਹੀ ਇੰਨਾ ਯਕੀਨ ਹੋ ਗਿਆ ਕਿ ਉਹ ਮੈਨੂੰ ਛੱਡ ਕੇ ਜਾ ਹੀ ਨਹੀਂ ਸਕਦਾ। ਉਸ ਦੇ ਵਾਅਦਿਆਂ ਵਿਚ ਉਸ ਦੇ ਦਾਅਵਿਆਂ ਵਿਚ ਸਿਰਫ਼ ਤੇ ਸਿਰਫ਼ ਪਿਆਰ ਸੀ, ਤੜਫ਼ ਸੀ ਧੋਖਾ ਤਾਂ ਦੂਰ-ਦੂਰ ਤਕ ਨਹੀਂ ਸੀ। ਉਹ ਮੇਰੇ ਗਲ਼ ਲੱਗ ਕਿੰਨੀ ਵਾਰ ਬੱਚਿਆਂ ਵਾਂਗੂ ਰੋਇਆ ਸੀ। ਸ਼ਿਕਾਇਤਾਂ ਕਰਦਾ ਕਦੀ ਰੱਬ ਨੂੰ ਕਦੀ ਦੋਸਤਾਂ ਦੀਆਂ ਕਦੀ ਆਪਣੇ ਦੁੱਖਾਂ ਦੀਆਂ। ਉਸ ਦੇ ਰੋਣ ਵਿਚ ਕੋਈ ਮਿਲਾਵਟ ਨਹੀਂ ਸੀ। ਭਟਕ ਗਿਆ ਹੋਵੇਗਾ, ਰਾਹ ਭੁੱਲ ਗਿਆ ਹੋਵੇਗਾ ਕਿਸੇ ਦੋਸਤ ਕੋਲ ਰਹਿਣ ਲੱਗ ਪਿਆ ਹੋਵੇਗਾ। ਸ਼ਬਦਾਂ ਦਾ ਜਾਦੂਗਰ ਏ ਕੋਈ ਮਿਲ ਗਈ ਹੋਵੇਗੀ। ਹੁਸਨ ਦੀ ਜਾਦੂਗਰਨੀ। ਮੈਂ ਇਹ ਸਭ ਕਿੱਥੇ ਜਾਣਦੀ ਹਾਂ, ਮੈਂ ਤੇ ਉਸ ਨੂੰ ਜਾਂ ਖ਼ੁਦ ਨੂੰ ਜਾਣਦੀ ਸੀ ਤੇ ਉਸ ਨੂੰ ਜਾਣਦੀ-ਜਾਣਦੀ ਖ਼ੁਦ ਨੂੰ ਹੀ ਭੁੱਲ ਗਈ। ਆ ਜਾਵੇਗਾ ਯਕੀਨ ਏ ਮੈਨੂੰ। ਲਾਪਰਵਾਹ ਹੈ, ਬੇਪਰਵਾਹ ਨਹੀਂ।'

ਇੰਨਾ ਕਹਿ ਕੇ ਉਹ ਤੁਰ ਜਾਂਦੀ।

ਆਂਡ ਗਆਂਢ ਰਿਸ਼ਤੇਦਾਰ ਸਭ ਉਸ ਨੂੰ ਸਮਝਾ-ਸਮਝਾ ਹਾਰ ਗਏ ਪਰ ਉਹ ਤਾਂ ਸਮਝਾਂ ਤੋਂ ਕਿੱਧਰੇ ਦੂਰ ਜਾ ਰਹੀ ਸੀ ਉਸ ਦੀ ਭਾਲ ਵਿਚ, ਸਮਝਾਂ ਤੇ ਉਸ ਨੂੰ ਪੈਰੀਂ ਬੇੜੀਆਂ ਲੱਗ ਰਹੀਆਂ ਸਨ। ਹੁਣ ਤੇ ਹਾਰ ਸ਼ਿੰਗਾਰ ਵੀ ਸਮੇਂ ਦੀ ਬਰਬਾਦੀ ਜਾਪਦਾ ਸੀ, ਓਹੀ ਸਮਾਂ ਉਹ ਉਸ ਦੀ ਭਾਲ ਵਿਚ ਵਰਤਣ ਲੱਗੀ। ਹੁਣ ਦਰਵਾਜ਼ੇ ਤੇ ਦਸਤਕ ਦਿਨ ਵਿਚ ਦੋ ਵਾਰ, ਤਿੰਨ ਵਾਰ ਜਾਂ ਬੇਵਕਤ ਦੇਣ ਲੱਗ ਪਈ। ਐਨਕਾਂ ਵਾਲੇ ਡਾਕਟਰ ਨੇ ਉਸ ਨੂੰ ਪਾਗ਼ਲ ਕਰਾਰ ਦੇ ਦਿੱਤਾ। ਘਰਦਿਆਂ ਦੀ ਜਵਾਨ ਧੀਅ ਜਿਸ ਦੇ ਵਿਆਹ ਦੀ ਖ਼ੁਸ਼ੀ ਹੰਢਾਉਣੀ ਸੀ ਉਸ ਨੂੰ ਦਿਮਾਗ਼ੀ ਹਸਪਤਾਲਾਂ ਵਿਚ ਲੈ ਕੇ ਘੁੰਮਣ ਲੱਗੇ। ਕਿਸੇ ਸਿਆਣੇ ਨੇ ਦੱਸ ਪਾਈ ਕਿ ਉਸ ਕਮਰੇ ਵਿਚ ਆਤਮਾ ਹੈ ਉਸ ਲੜਕੇ ਦੀ ਛੇ ਮਹੀਨੇ ਦੀਪ ਬਾਲੋ ਤੇ ਉਸ ਨੂੰ ਉਸ ਕਮਰੇ ਵਿਚ ਹੀ ਕਿਸੇ ਬਜ਼ੁਰਗ ਔਰਤ ਦੀ ਦੇਖ ਰੇਖ ਵਿਚ ਸੌਣ ਦਿਉ। ਮਾਪਿਆਂ ਨੇ ਮਨ ਲਈ ਗੱਲ।



ਛੇ ਮਹੀਨੇ ਸਾਲਾਂ ਵਿਚ ਬਦਲ ਗਏ ਤੇ ਜੋਤ ਬਜ਼ੁਰਗ ਔਰਤ ਬਣ ਗਈ, ਦੀਪ ਹਮੇਸ਼ਾਂ ਬਲ਼ਦਾ ਰਿਹਾ। ਮਾਂ ਬਾਪ ਨੇ ਹਿੰਮਤ ਕਦੋਂ ਦੀ ਹਾਰ 'ਤੀ ਸੀ, ਸਭ ਰੱਬ ਤੇ ਛੱਡ ਕੇ ਤੁਰ ਗਏ, ਉਮਰ ਭੋਗ ਕੇ। ਪਿੱਛੋਂ ਕਿਸੇ ਸਾਰ ਨਾ ਲਈ। ਹਾਂ ਕੋਈ ਰੋਟੀ, ਕੋਈ ਕੱਪੜੇ ਕੋਈ ਹੋਰ ਜਿਊਣ ਲਈ ਜ਼ਰੂਰੀ ਚੀਜ਼ਾਂ ਉਸ ਨੂੰ ਦਿਆਲੂ ਲੋਕ ਦੇ ਜਾਂਦੇ ਸੀ। ਅਜਿਹੇ ਲੋਕ ਵੀ ਹੋ ਸਕਦੇ ਨੇ ਜੋ ਸਿਰਫ਼ ਉਡੀਕ ਵਿਚ ਉਮਰ ਗੁਜ਼ਾਰ ਦੇਣ। ਇਹ ਹਰ ਕਿਸੇ ਨੂੰ ਹੈਰਾਨ ਵੀ ਤੇ ਪਰੇਸ਼ਾਨ ਵੀ ਕਰਦਾ।

ਇਕ ਸਵੇਰ ਕਿਸੇ ਜੋਗੀ ਅਲਖ ਜਗਾਇਆ। ਜੋਤ ਥੋੜ੍ਹਾ ਆਟਾ ਕੌਲੀ ਵਿਚ ਲੈ ਕੇ ਉਸ ਨੂੰ ਦੇਣ ਲੱਗੀ ,'ਜੋਤ ਏ ਤੂੰ!'

'ਹਾਂ।' ਜੋਤ ਨੇ ਇੰਨਾ ਕਿਹਾ ਤੇ ਵਾਪਸ ਮੁੜ ਗਈ। 'ਰੁਕ ਜੋਤ।' ਪਿੱਛੋਂ ਜੋਗੀ ਨੇ ਆਵਾਜ਼ ਦਿੱਤੀ।

'ਦੀਪ ਨਹੀਂ ਆਇਆ ਮੁੜ ਕੇ ਉਸ ਦਾ ਕਸੂਰ ਨਹੀਂ ਸੀ, ਉਹ ਅਕਸਰ ਤੇਰੇ ਨਾਲ ਜਲਦੀ ਤੁਰ ਜਾਣ ਦੀਆਂ ਗੱਲਾਂ ਕਰਦਾ ਹੁੰਦਾ ਸੀ ਤੂੰ ਅੱਗਿਓਂ ਉਸ ਨੂੰ ਖ਼ੁਦ ਉਸ ਤੋਂ ਇਕ ਦਿਨ ਪਹਿਲਾਂ ਜਾਣ ਦੀ ਗੱਲ ਕਹਿ ਚੁੱਪ ਕਰਾ ਦਿੰਦੀ। ਉਹ ਰਿਹਾ ਮੇਰੇ ਨਾਲ ਇਕ ਸਾਲ ਕਾਹਲ ਸੀ ਉਸ ਨੂੰ ਜਾਣ ਦੀ। ਤੁਰ ਗਿਆ ਸਾਹ ਦੀ ਤਕਲੀਫ਼ ਸੀ ਉਸ ਨੂੰ। ਮੈਂ ਉਸ ਨੂੰ ਕਿੰਨੀ ਵਾਰ ਤੜਫ਼ਦੇ ਵੇਖਿਆ, ਮੌਤ ਦੇ ਮੂੰਹ 'ਚੋਂ ਨਿਕਲਦੇ ਵੇਖਿਆ। ਇਕ ਦਿਨ ਨਿਗਲ ਗਈ ਚੰਦਰੀ ਮੌਤ। ਉਹ ਤੈਨੂੰ ਚੇਤੇ ਕਰਦਿਆਂ-ਕਰਦਿਆਂ ਆਪਣੀ ਬੇਬਸੀ 'ਤੇ ਰੋਂਦਾ ਰਹਿੰਦਾ ਸੀ। ਉਸ ਨੇ ਕਿੰਨੀ ਵਾਰ ਕਿਹਾ ਕਿ ਪੰਜਾਬ ਜਾ ਕੇ ਆਉਣਾ ਪਰ ਵਕਤ ਹੀ ਨ੍ਹੀਂ ਮਿਲਿਆ, ਤੇਰੇ ਬਾਰੇ ਖ਼ਬਰ ਪੜ੍ਹੀ ਸੀ ਕਿਸੇ ਅਖ਼ਬਾਰ ਵਿਚ 'ਪਿਆਰ ਦੀ ਜਗਦੀ ਜੋਤ' ਦਿਲ ਤੋਂ ਰਿਹਾ ਨਾ ਗਿਆ। ਆਉਣਾ ਪਿਆ ਸੱਚ ਦੱਸਣ ਲਈ। ਜਿਉਂਦੀ ਰਹਿ।'

ਉਸ ਦੀਆਂ ਗੱਲਾਂ ਸੁਣ ਕੇ ਸਰਦਲ 'ਤੇ ਜੋਤ ਨਹੀਂ ਸੀ, ਸ਼ਾਇਦ ਉਹ ਤੇ ਦੀਪ ਦੇ ਤੁਰ ਜਾਣ ਦੀ ਖ਼ਬਰ ਸੁਣ ਕੇ ਹੀ ਜੋਤੀ ਬਣ ਉਸ ਕੋਲ ਜਾ ਕੇ ਬਲ਼ ਰਹੀ ਸੀ। ਸਰਦਲ 'ਤੇ ਇਕ ਬਜ਼ੁਰਗ ਔਰਤ ਦੀ ਲਾਸ਼ ਸੀ। ਦੀਪ ਜੋਤੀ ਇਕ ਹੋ ਚੁੱਕੇ ਸਨ। •

86991-57303

# ਬੱਚਿਆਂ ਨੂੰ ਦਿਉ ਚੰਗੇ ਸੰਸਕਾਰ

ਬੱਚੇ ਦੇ ਜਨਮ ਲੈਣ ਸਾਰ ਹੀ ਉਸ ਦੀ ਸਿੱਖਣ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬੱਚੇ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਕੁਝ ਨਾ ਕੁਝ ਨਵਾਂ ਸਿੱਖੇ ਫਿਰ ਭਾਵੇਂ ਉਹ ਚੰਗਾ ਹੋਵੇ ਜਾਂ ਬੁਰਾ। ਪੁਰਾਣੇ ਸਮਿਆਂ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ ਅਤੇ ਇਸੇ ਕਾਰਨ ਪਰਿਵਾਰ ਦੇ ਮੈਂਬਰ ਬੱਚੇ ਨੂੰ ਚੰਗੇ ਸੰਸਕਾਰ ਦਿੰਦੇ ਰਹਿੰਦੇ ਸਨ ਪਰੰਤੂ ਅੱਜ ਕੱਲ੍ਹ ਬਹੁਗਿਣਤੀ ਪਰਿਵਾਰ ਇਕਹਿਰੇ ਹੋ ਗਏ ਅਤੇ ਇਕਹਿਰੇ ਪਰਿਵਾਰ ਹੋਣ ਕਰਕੇ ਬੱਚੇ ਨੂੰ ਚੰਗੇ ਸੰਸਕਾਰ ਦੇਣ ਦੀ ਜ਼ਿੰਮੇਵਾਰੀ ਮਾਤਾ-ਪਿਤਾ ਸਿਰ ਆ ਗਈ ਹੈ। ਘਰ ਬੱਚੇ ਦਾ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਂ ਬੱਚੇ ਦੀ ਪਹਿਲੀ ਅਧਿਆਪਕਾ। ਘਰ ਵਿੱਚੋਂ ਆਪਣੇ ਮਾਤਾ ਪਿਤਾ ਤੋਂ ਹੀ ਬੱਚਾ ਚੰਗੇ ਸੰਸਕਾਰ ਸਿੱਖਦਾ ਹੈ। ਬੱਚੇ ਵਿਚ ਚੰਗੇ ਸੰਸਕਾਰਾਂ ਦੇ ਲਈ ਜ਼ਰੂਰੀ ਹੈ ਕਿ ਮਾਤਾ ਪਿਤਾ ਬੱਚੇ ਦੇ ਲਈ ਰੋਲ ਮਾਡਲ ਬਣਨ ਤਾਂ ਜੋ ਬੱਚਾ ਮਾਤਾ ਪਿਤਾ ਨੂੰ ਆਪਣਾ ਆਦਰਸ਼ ਮੰਨ ਕੇ ਚੰਗੇ ਸੰਸਕਾਰ ਗ੍ਰਹਿਣ ਕਰ ਸਕੇ।

ਹਰ ਇਕ ਬੱਚੇ ਨੂੰ ਘਰ ਵਿੱਚੋਂ ਇਹ ਸਿੱਖਿਆ ਮਿਲਣੀ ਚਾਹੀਦੀ ਹੈ ਕਿ ਉਹ ਆਪਣੇ ਮਾਤਾ ਪਿਤਾ ਦਾ ਸਨਮਾਨ ਕਰਨ, ਇਸ ਲਈ ਜ਼ਰੂਰੀ ਹੈ ਕਿ ਬੱਚੇ ਦੇ ਮਾਤਾ-ਪਿਤਾ ਘਰ ਵਿਚ ਰਹਿ ਰਹੇ ਬੱਚੇ ਦੇ ਦਾਦਾ-ਦਾਦੀ, ਨਾਨਾ-ਨਾਨੀ ਦਾ ਸਨਮਾਨ ਕਰਨ ਤਾਂ ਜੋ ਦੇਖਾ ਦੇਖੀ ਬੱਚਾ ਆਪਣੇ ਮਾਤਾ-ਪਿਤਾ ਦਾ ਸਨਮਾਨ ਕਰਨ ਲੱਗ ਜਾਵੇ। ਬੱਚਿਆਂ ਨੂੰ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਵੇਲੇ ਮਾਤਾ ਪਿਤਾ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਮਾਤਾ ਪਿਤਾ ਕੋਲ ਜ਼ਿੰਦਗੀ ਦਾ ਵੱਡਾ ਤਜਰਬਾ ਹੁੰਦਾ ਹੈ। ਬੱਚਿਆਂ ਨੂੰ ਚੰਗੇ ਇਨਸਾਨਾਂ ਦੀਆਂ ਜੀਵਨੀਆਂ ਪੜ੍ਹ ਕੇ ਸੁਣਾਉਣੀਆਂ ਚਾਹੀਦੀਆਂ ਹਨ।

ਬੱਚਿਆਂ ਨੂੰ ਇਮਾਨਦਾਰ ਬਣਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਇਸ ਲਈ ਮਾਤਾ-ਪਿਤਾ ਨੂੰ ਬੱਚਿਆ ਅੱਗੇ ਮਿਸਾਲ ਪੇਸ਼ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਇਮਾਨਦਾਰੀ ਦੇ ਰਸਤੇ 'ਤੇ ਚੱਲ ਕੇ ਹਰ ਹਾਲ ਕਾਮਯਾਬੀ ਮਿਲਣੀ ਤੈਅ ਹੈ। ਬਚਪਨ ਵਿਚ ਮਿਲੀ ਇਮਾਨਦਾਰੀ ਦੀ ਸਿੱਖਿਆ ਕਾਰਨ ਭਵਿੱਖ ਵਿਚ ਬੱਚਾ ਭ੍ਰਿਸ਼ਟਾਚਾਰ ਦੇ ਰਸਤੇ ਨਹੀਂ ਚੱਲੇਗਾ। ਇਸ ਲਈ ਬੱਚਿਆਂ ਨੂੰ ਇਮਾਨਦਾਰ ਲੋਕਾਂ ਦੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਉੱਤੇ ਅਮਲ ਕਰਨ ਲਈ ਬੱਚਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਿਆਂ ਵਿਚ ਸਹਿਯੋਗ ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ। ਘਰ ਦੀਆਂ ਛੋਟੀਆਂ ਮੋਟੀਆਂ ਜ਼ਿੰਮੇਵਾਰੀਆਂ ਵਿਚ ਬੱਚਿਆਂ ਤੋਂ ਕੁਝ ਸਹਿਯੋਗ ਲੈਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਇਕ ਦੂਜੇ ਨਾਲ ਸਹਿਯੋਗ ਕਰਨ ਦੀ ਭਾਵਨਾ ਵਿਕਸਿਤ ਹੋ ਸਕੇ। ਹੌਲੀ-ਹੌਲੀ ਇਹ ਆਦਤ ਬੱਚੇ ਦਾ ਸੁਭਾਅ ਬਣ ਜਾਵੇਗੀ ਅਤੇ ਘਰ ਤੋਂ ਮਿਲੀ ਸਹਿਯੋਗ ਕਰਨ ਦੀ ਭਾਵਨਾ ਬਾਹਰ ਵਾਲੇ ਲੋਕਾਂ ਲਈ ਅਤੇ ਬੱਚੇ ਦੇ ਸੁੰਦਰ ਭਵਿੱਖ ਲਈ ਸਹਾਈ ਹੋਵੇਗੀ।



ਬੱਚਿਆਂ ਅੰਦਰ ਪ੍ਰੇਮ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬਚਪਨ ਵਿਚ ਸਿੱਖੀ ਪ੍ਰੇਮ ਦੀ ਭਾਵਨਾ ਭਵਿੱਖ ਵਿਚ ਦੇਸ਼ ਅਤੇ ਕਿੱਤੇ ਪ੍ਰਤੀ ਲਾਹੇਵੰਦ ਸਾਬਿਤ ਹੋਵੇਗੀ ਜਿਸ ਨਾਲ ਦੇਸ਼ ਅੰਦਰ ਇਕ ਦੂਜੇ ਪ੍ਰਤੀ ਪਿਆਰ ਵੱਧੇਗਾ ਅਤੇ ਦਿਲਾਂ ਵਿੱਚੋਂ ਨਫ਼ਰਤ ਖ਼ਤਮ ਹੋਵੇਗੀ। ਅੱਜ ਦੇ ਬੱਚਿਆਂ ਵਿਚ ਸਹਿਣ-ਸ਼ਕਤੀ ਦੀ ਬਹੁਤ ਕਮੀ ਹੈ ਉਹ ਹਰ ਇਕ ਗੱਲ ਤੇ ਖਿੱਝ ਜਾਂਦੇ ਹਨ ਅਤੇ ਗੁੱਸਾ ਕਰਦੇ ਹਨ ਜਿਸ ਨਾਲ ਜਿੱਥੇ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਉੱਥੇ ਹੀ ਮਾਤਾ ਪਿਤਾ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਲਈ ਬੱਚਿਆਂ ਅੰਦਰ ਸਹਿਣ-ਸ਼ਕਤੀ ਦੀ ਆਦਤ ਪਾਉਣੀ ਚਾਹੀਦੀ ਹੈ। ਇਹ ਗੁਣ ਬੱਚਿਆਂ ਅੰਦਰ ਸਕਾਰਾਤਮਕ ਸੋਚ ਪੈਦਾ ਕਰੇਗਾ ਉੱਥੇ ਹੀ ਬੱਚਾ ਛੋਟੀਆ-ਛੋਟੀਆਂ ਗੱਲਾਂ ਉੱਤੇ ਗੁੱਸਾ ਨਹੀਂ ਕਰੇਗਾ।

ਸਕੂਲ ਅਤੇ ਮਾਪਿਆਂ ਦਾ ਇਹ ਮੁੱਢਲਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ। ਬੱਚਿਆਂ ਅੰਦਰ ਦੇਸ਼ ਪਿਆਰ, ਦੇਸ਼ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਣਾ ਅਤੀ ਜ਼ਰੂਰੀ ਹੈ ਤਾਂ ਜੋ ਕਿਸੇ ਮੁਸ਼ਕਿਲ ਸਮੇਂ ਬੱਚੇ ਦੇਸ਼ ਲਈ ਕੁਝ ਕਰ ਕੇ ਦਿਖਾ ਸਕਣ। ਇਸ ਲਈ ਬੱਚਿਆਂ ਨੂੰ ਦੇਸ਼ ਭਗਤਾਂ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਸੁਣਾ ਕੇ ਪ੍ਰੇਰਿਤ ਕਰਨਾ ਚਾਹੀਦਾ ਹੈ। ਜ਼ਿੰਦਗੀ ਵਿਚ ਚੰਗੇ ਸੰਸਕਾਰਾਂ ਦਾ ਹੋਣਾ ਅਤੀ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਪਹਿਚਾਣ ਉਸ ਦੇ ਚੰਗੇ ਗੁਣਾ ਕਰਕੇ ਕੀਤੀ ਜਾਂਦੀ ਹੈ ਨਾ ਕਿ ਉਸ ਦੀ ਧਨ ਦੌਲਤ ਨਾਲ। ਚੰਗੇ ਸੰਸਕਾਰ ਵਾਲੇ ਵਿਅਕਤੀ ਦਾ ਸਦਾ ਆਦਰ ਹੀ ਕੀਤਾ ਜਾਂਦਾ ਹੈ ਇਸ ਲਈ ਸਾਡੇ ਸੰਸਕਾਰ ਅਜਿਹੇ ਹੋਣੇ ਚਾਹੀਦੇ ਹਨ ਜੋ ਸਮਾਜ ਲਈ ਇਕ ਮਿਸਾਲ ਬਣ ਸਕਣ।

• ਪ੍ਰਿੰਸ ਅਰੋੜਾ
98554-83000

# ਘਰ ਨੂੰ ਘਰ ਬਣਾਈ ਰੱਖੋ

**ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ ਜਿਸ ਨੂੰ ਪਿਆਰ ਦੇ ਪਾਣੀ ਦੀ ਜ਼ਰੂਰਤ ਹੁੰਦੀ ਹੈ...**

ਪ੍ਰਭਜੋਤ ਕੌਰ ਢਿੱਲੋਂ

ਘਰ ਨੂੰ ਘਰ ਬਣਾਉਣ ਲਈ ਬਹੁਤ ਜ਼ਰੂਰੀ ਹੈ ਕਿ ਘਰ ਸ਼ਾਂਤਮਈ ਵਾਤਾਵਰਣ ਹੋਵੇ। ਅਜਿਹਾ ਵਾਤਾਵਰਣ ਤਾਂ ਹੀ ਹੋ ਸਕਦਾ ਹੈ ਜੇਕਰ ਪਰਿਵਾਰ ਦੇ ਹਰ ਮੈਂਬਰ ਦੀ ਇੱਛਾ ਹੋਵੇ। ਬਹੁਤੇ ਘਰਾਂ ਵਿਚ ਲੜਕੇ ਦੇ ਵਿਆਹ ਤੋਂ ਬਾਅਦ ਬਵਾਲ ਖੜ੍ਹਾ ਹੋ ਜਾਂਦਾ ਹੈ। ਪੁਲਿਸ ਕੇਸ ਅਤੇ ਅਦਾਲਤਾਂ ਤਕ ਗੱਲ ਪਹੁੰਚ ਜਾਂਦੀ ਹੈ। ਇੱਥੇ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ, ਉਨਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਘਰ ਨੂੰ ਬਣਾਉਣ ਵਿਚ ਲੜਕੇ ਦੇ ਮਾਂ ਬਾਪ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਲਗਾਈ ਹੁੰਦੀ ਹੈ, ਉਸ ਘਰ ਨਾਲ ਉਨ੍ਹਾਂ ਦੀਆਂ ਬਹੁਤ ਸਾਰੀਆਂ ਯਾਦਾਂ ਅਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਉਸ ਘਰ ਦੇ ਉਹ ਮਾਲਕ ਹਨ। ਬੇਟੇ ਉੱਪਰ ਉਨ੍ਹਾਂ ਨੇ ਜ਼ਿੰਦਗੀ ਭਰ ਦੀ ਕਮਾਈ ਖ਼ਰਚੀ ਹੁੰਦੀ ਹੈ। ਉਹ ਪਿਆਰ ਅਤੇ ਇੱਜ਼ਤ ਦੇ ਪੂਰੀ ਤਰ੍ਹਾਂ ਨਾਲ ਹੱਕਦਾਰ ਹਨ। ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ। ਯਾਦ ਰੱਖੋ ਜੇ ਪੌਦੇ ਦੀਆਂ ਜੜ੍ਹਾਂ ਠੀਕ ਹੋਣਗੀਆਂ, ਕੱਟੀਆਂ ਹੋਈਆਂ ਨਹੀਂ ਹੋਣਗੀਆਂ, ਮਤਲਬ ਕੁਝ ਪਹਿਲੇ ਵਾਲੀ ਧਰਤੀ ਵਿਚ ਰਹਿ ਗਈਆਂ ਤਾਂ ਅਗਲੀ ਧਰਤੀ (ਸਹੁਰਾ ਪਰਿਵਾਰ) ਜਿੰਨੀ ਮਰਜ਼ੀ ਉਪਜਾਊ ਹੋਵੇ, ਪੌਦੇ ਦੀਆਂ ਜੜ੍ਹਾਂ ਨਹੀਂ ਜੰਮਣਗੀਆਂ। ਜਦੋਂ ਲੜਕੀ ਵਿਆਹੀ ਜਾਂਦੀ ਹੈ ਤਾਂ ਉਸ ਨੂੰ ਅਗਲੇ ਘਰ ਦੇ ਤੌਰ ਤਰੀਕੇ ਅਪਣਾਉਣੇ ਚਾਹੀਦੇ ਹਨ ਨਾ ਕਿ ਉਨ੍ਹਾਂ ਨੂੰ ਬਦਲਣ ਲੱਗ ਜਾਵੇ।



ਕੁਝ ਹੋਰ ਗੱਲਾਂ ਜੋ ਧਿਆਨ ਰੱਖਣ ਵਾਲੀਆਂ ਹਨ ਜਿਵੇਂ :

- ਆਮ ਕਰ ਕੇ ਲੜਕੀ ਦੀ ਮਾਂ ਵਾਰ-ਵਾਰ ਫੋਨ ਕਰਕੇ, ਸਹੁਰੇ ਪਰਿਵਾਰ ਬਾਰੇ ਪੁੱਛਦੀ ਹੈ। ਲੜਕੀ ਨੂੰ ਤੁਸੀਂ ਇਸ ਨਾਲ ਉਤਸ਼ਾਹਿਤ ਕਰ ਰਹੇ ਹੁੰਦੇ ਹੋ। ਉਹ ਵਧਾ ਚੜ੍ਹਾ ਕੇ ਗੱਲਾਂ ਦੱਸਣ ਲੱਗ ਜਾਂਦੀ ਹੈ।
- ਲੜਕੀ ਨੂੰ ਵਾਰ-ਵਾਰ ਪੇਕੇ ਘਰ ਫੋਨ ਕਰਨ ਤੋਂ ਮਨ੍ਹਾ ਕਰਨਾ ਚਾਹੀਦਾ ਹੈ।
- ਲੜਕੀ ਦਾ ਵਾਰ-ਵਾਰ ਪੇਕੇ ਘਰ ਆਉਣਾ ਵੀ ਸਮੱਸਿਆ ਖੜੀ ਕਰਦਾ ਹੈ।
- ਲੜਕੀ ਨੂੰ ਘਰ ਦੇ ਕੰਮ ਕਰਨ ਦੀ ਸਲਾਹ ਦਿਉ ਨਾ ਕਿ ਏਹ ਕਹੋ ਕਿ ਤੂੰ ਨੌਕਰ ਨਹੀਂ ਹੈ।
- ਲੜਕੇ ਨੂੰ ਕਦੇ ਵੀ ਉਸ ਦੇ ਮਾਪਿਆਂ ਤੋਂ ਉਸੇ ਸ਼ਹਿਰ ਵਿਚ ਰਹਿੰਦਿਆਂ ਅਲੱਗ ਰਹਿਣ ਲਈ ਮਜਬੂਰ ਨਾ ਕਰੋ। ਲੜਕੀ ਰੂਪੀ ਪੌਦੇ ਦੀਆਂ ਜੜ੍ਹਾਂ ਵੀ ਨਹੀਂ ਲੱਗਣ ਦਿੱਤੀਆਂ ਅਤੇ ਲੜਕੇ ਦੀਆਂ ਜੜ੍ਹਾਂ ਵੀ ਹਿਲਾ ਦਿੱਤੀਆਂ।
- ਲੜਕੇ ਨੂੰ ਉਸ ਦੇ ਮਾਪਿਆਂ ਖਿਲਾਫ਼ ਖੜ੍ਹਾ ਨਾ ਕਰੋ, ਜਿੰਨੀ ਜ਼ਹਿਰ ਉਸ ਦੇ ਕੰਨਾਂ ਵਿਚ ਘੋਲੋਗੇ, ਉਹ ਉਸ ਜ਼ਹਿਰ ਨੂੰ ਹਰ ਜਗ੍ਹਾ ਉਗਲੇਗਾ।
- ਵਿਆਹ ਤੋਂ ਬਾਅਦ ਲੜਕੀ ਜੇਕਰ ਨੌਕਰੀ ਕਰਦੀ ਹੈ ਤਾਂ ਉਸ ਦੇ ਪੈਸਿਆਂ ਨੂੰ ਆਪਣੇ ਹੱਥਾਂ ਵਿਚ ਰੱਖਣ ਦੀ ਆਦਤ ਛੱਡ ਦਿਉ।
- ਲੜਕੀ ਦੀਆਂ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਪ੍ਰਤੀ ਜ਼ਿਮੇਵਾਰੀਆਂ ਹੁੰਦੀਆਂ ਹਨ।ਜਦੋਂ ਉਹ ਪੇਕਿਆਂ ਦੇ ਘਰ ਹੀ ਵੜੀ ਰਹੇਗੀ ਤਾਂ ਉਹ ਜ਼ਿਮੇਵਾਰੀ ਨਿਭਾਅ ਨਹੀਂ ਸਕਦੀ।
- ਸੁਹਰੇ ਪਰਿਵਾਰ ਨੂੰ ਵੀ ਨਵੀਂ ਆਈ ਲੜਕੀ ਨੂੰ ਘਰ ਵਿਚ ਸਹਿਜ ਮਾਹੌਲ ਦੇਣਾ ਚਾਹੀਦਾ ਹੈ।
- ਰੋਕ ਟੋਕ ਦੀ ਭਾਸ਼ਾ ਨਾ ਵਰਤੋ। ਜੇਕਰ ਸਮਝਾਉਣ ਤੋਂ ਬਾਅਦ ਵੀ ਘਰ ਦਾ ਮਾਹੌਲ ਖ਼ਰਾਬ ਹੁੰਦਾ ਹੈ ਤਾਂ ਇਕ ਚੁੱਪ ਸੌ ਸੁੱਖ ਦਾ ਫਾਰਮੂਲਾ ਅਪਨਾ ਕੇ ਵੇਖੋ।
- ਘਰ ਨੂੰ ਲੜਾਈ ਦਾ ਅਖਾੜਾ ਬਣਾਉਣ ਤੋਂ ਪ੍ਰਹੇਜ਼ ਕਰੋ।
- ਜਿਹੜੀਆਂ ਤਬਦੀਲੀਆਂ ਹੋ ਸਕਦੀਆਂ ਹਨ ਕਰ ਲਵੋ।
- ਸੱਸ ਸਹੁਰਾ ਉਸ ਘਰ ਦੇ ਮਾਲਕ ਹਨ, ਉਨ੍ਹਾਂ ਨੂੰ ਮੂਰਖ ਸਮਝਣਾ ਤੇ ਦੱਸਣਾ, ਤੁਹਾਡੀ ਸੋਚ ਅਤੇ ਅਕਲ ਦਾ ਪੱਧਰ ਦਸਦਾ ਹੈ।
- ਹਰ ਛੋਟੀ-ਛੋਟੀ ਗੱਲ ਮਾਂ ਨੂੰ ਨਾ ਦੱਸੋ। ਲੜਕੀ ਦੀ ਮਾਂ ਨੂੰ ਵੀ ਆਪਣੀ ਸਮਝਦਾਰੀ ਵਿਖਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜਿਹੜੀ ਮਾਂ ਧੀ ਦੇ ਸਹੁਰੇ ਪਰਿਵਾਰ ਵਿਚ ਦਖ਼ਲ ਦਿੰਦੀ ਹੈ ਉਹ ਕਿਸੇ ਵੀ ਪਾਸਿਓਂ ਸਮਝਦਾਰ ਨਹੀਂ ਹੁੰਦੀ।

ਹਰ ਘਰ ਦੇ ਆਪਣੇ ਕਾਇਦੇ ਹੁੰਦੇ ਹਨ, ਉਹ ਉਨ੍ਹਾਂ ਦਾ ਘਰ ਹੈ। ਉਸ ਘਰ ਨੂੰ ਚਲਾਉਣ ਦਾ ਉਨ੍ਹਾਂ ਦਾ ਹੱਕ ਹੈ। ਆਪਣੀ ਬੇਟੀ ਦੇ ਸਹੁਰੇ ਘਰ ਨੂੰ ਘਰ ਰਹਿਣ ਦਿਉ। ਕਿਸੇ ਵੀ ਘਰ ਵਿਚ ਬਾਹਰੀ ਦਖ਼ਲ ਅੰਦਾਜ਼ੀ ਤਬਾਹੀ ਮਚਾਉਣ ਦਾ ਹੀ ਕੰਮ ਕਰਦੀ ਹੈ। ਲੜਕੇ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨਾਂ ਨੇ ਆਪਣੇ ਫ਼ਰਜ਼ ਨਿਭਾਏ ਹਨ ਹੁਣ ਤੁਹਾਡੀ ਵਾਰੀ ਹੈ ਆਪਣੇ ਫ਼ਰਜ਼ ਪੂਰੇ ਕਰਨ ਦੀ। •

# ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ

ਅਕਸਰ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਜ਼ਿੰਦਗੀ ਕੀ ਹੈ? ਮਨ ਜ਼ਿੰਦਗੀ ਬਾਰੇ ਜਾਣਨਾ ਚਾਹੁੰਦਾ ਹੈ, ਇਸ ਨੂੰ ਸਮਝਣਾ। ਜ਼ਿੰਦਗੀ ਪ੍ਰਤੀ ਹਰ ਇਕ ਮਨੁੱਖ ਦਾ ਆਪੋ ਆਪਣਾ (ਸਮੇਂ, ਸਥਿਤੀ, ਸਥਾਨ, ਸਮਝ, ਤਜਰਬੇ, ਅਨੁਭਵ, ਗਿਆਨ ਅਨੁਸਾਰ) ਨਜ਼ਰੀਆ, ਸਮਝ ਤੇ ਕਲਪਨਾ ਹੈ।

ਰੁੱਤਬੇ , ਗਿਆਨ, ਤਜਰਬੇ, ਅਮੀਰੀ, ਗ਼ਰੀਬੀ, ਸੋਚ ਅਨੁਸਾਰ ਹਰ ਕਿਸੇ ਲਈ ਜ਼ਿੰਦਗੀ ਦੀ ਪਰਿਭਾਸ਼ਾ, ਜ਼ਿੰਦਗੀ ਪ੍ਰਤੀ ਸਮਝ ਅਤੇ ਜ਼ਿੰਦਗੀ ਅਲੱਗ-ਅਲੱਗ ਹੈ ਪਰ ਇਹ ਇਕ ਸਹੀ ਗੱਲ ਹੈ ਕਿ ਜ਼ਿੰਦਗੀ ਇਕ ਰੰਗਮੰਚ ਦੀ ਤਰ੍ਹਾਂ ਹੈ। ਜਿੱਥੇ ਅਸੀਂ ਸਾਰੇ ਸਮੇਂ, ਸਥਿਤੀ ਤੇ ਹਾਲਾਤ ਅਨੁਸਾਰ ਵੱਖ-ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਾਂ ਅਤੇ ਦੁਨੀਆ ਵਿਚ ਇਸ ਰੰਗਮੰਚ 'ਤੇ ਨਿਭਾਈ ਹੋਈ ਆਪਣੀ ਭੂਮਿਕਾ ਅਨੁਸਾਰ ਉਹੋ ਜਿਹੀਆਂ ਪੈੜਾਂ ਯਾਦਾਂ, ਨਿਸ਼ਾਨ, ਚੇਤੇ, ਛੱਡ ਜਾਂਦੇ ਹਾਂ।

ਚੇਤਿਆਂ ਵਿਚ ਆਸਵੰਦ , ਸਕਾਰਾਤਮਕ, ਯਥਾਰਥਵਾਦੀ ਭੂਮਿਕਾ ਵਜੋਂ ਵਸਣ ਲਈ ਸਾਨੂੰ ਇਸ ਰੰਗਮੰਚ 'ਤੇ ਆਪਣੀ ਭੂਮਿਕਾ ਉਸਾਰੂ, ਸੁਚਾਰੂ ਤੇ ਇਮਾਨਦਾਰੀ ਭਰੀ ਨਿਭਾ ਕੇ , ਦੂਸਰਿਆਂ ਦਾ ਭਲਾ ਕਰ ਕੇ, ਮਾਨਵਤਾ, ਜੀਵ ਜੰਤ ਦੀ ਭਲਾਈ ਦੇ ਉਪਰਾਲੇ ਕਰਕੇ , ਲੋੜਵੰਦਾਂ ਦੀ ਸਹਾਇਤਾ ਕਰਕੇ ਅਤੇ ਨਿਮਰਤਾ ਭਰਪੂਰ ਵਿਵਹਾਰ ਅਪਣਾ ਕੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਕਿਰਦਾਰ ਉਸਾਰੂ, ਸੁਚਾਰੂ ਤੇ ਉੱਤਮ ਬਣਾਉਣਾ ਚਾਹੀਦਾ ਹੈ। ਜ਼ਿੰਦਗੀ ਦੇ ਸਕੂਲ ਵਿਚ ਅਸੀਂ ਅਨੇਕਾਂ ਜੀਵਨ ਤਜਰਬੇ , ਸਿੱਖਿਆਵਾਂ, ਗਿਆਨ ਤੇ ਅਨੁਭਵ ਹਾਸਲ ਕਰਦੇ ਹਾਂ ਜਿਸ ਨੂੰ ਸਾਨੂੰ ਮੌਖਿਕ ਜਾਂ ਲਿਖਤੀ ਰੂਪ ਵਿਚ ਦੂਸਰਿਆਂ ਤਕ ਵੰਡਣਾ ਤੇ ਪਹੁੰਚਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਜੋ ਕੇ ਰੱਖਣਾ ਚਾਹੀਦਾ ਹੈ।

ਜ਼ਿੰਦਗੀ ਦੇ ਰੰਗਮੰਚ ਵਿਚ ਜੇਕਰ ਅਸੀਂ ਸਹੀ ਅਤੇ ਉਸਾਰੂ ਤੇ ਵਧੀਆ ਭੂਮਿਕਾ ਨਿਭਾਵਾਂਗੇ, ਤਦ ਹੀ ਸਹੀ ਹੋ ਸਕਦਾ ਹੈ। ਪਿਛੋਕੜ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੇ ਵੀ ਜ਼ਿੰਦਗੀ ਦੇ ਰੰਗਮੰਚ ਵਿਚ ਨਕਾਰਾਤਮਕ ਭੂਮਿਕਾ ਅਦਾ ਕੀਤੀ, ਉਹ ਦੁਨੀਆ ਵਿਚ ਅੱਜ ਵੀ ਬੁਰਾਈ ਦੇ ਪ੍ਰਤੀਕਾਂ ਵਜੋਂ ਜਾਣੇ ਜਾਂਦੇ ਰਹੇ। ਜ਼ਿੰਦਗੀ ਦੇ ਰੰਗਮੰਚ ਵਿਚ ਉਸਾਰੂ ਅਤੇ ਉੱਤਮ ਭੂਮਿਕਾ ਨਿਭਾਉਣ ਵਾਲਿਆਂ ਨੂੰ ਦੁਨੀਆਂ ਅੱਜ ਵੀ ਯਾਦ ਕਰਦੀ ਹੈ, ਪ੍ਰਣਾਮ ਕਰਦੀ ਹੈ ਅਤੇ ਸਤਿਕਾਰ ਵਜੋਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜ਼ਿੰਦਗੀ ਵਿਚ ਪਿਆਰ, ਭਾਈਚਾਰਕ ਸਾਂਝ, ਮਿਲਵਰਤਨ, ਨਿਮਰਤਾ ਪਰ ਉਪਕਾਰ ਮਾਨਵਤਾ ਅਤੇ ਜੀਵ ਜੰਤ ਦੀ ਭਲਾਈ ਦੀ ਧਾਰਨਾ ਬਣਾਈ ਰੱਖਣਾ ਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜ਼ਿੰਦਗੀ ਦੇ ਇਸ ਰੰਗਮੰਚ ਵਿਚ ਜ਼ਿੰਦਗੀ ਤੋਂ ਵੱਡੇ ਵਡੇਰਿਆਂ ਤੇ ਮਹਾਂਪੁਰਸ਼ਾਂ ਦੇ ਤਜਰਬਿਆਂ ਤੋਂ ਅਤੇ ਚੰਗੀਆਂ ਪੁਸਤਕਾਂ ਤੋਂ ਸਿੱਖਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ ਚਾਹੀਦਾ ।

ਜ਼ਿੰਦਗੀ ਦੇ ਰੰਗਮੰਚ ਦਾ ਅਨੰਦ ਕੇਵਲ ਤੇ ਕੇਵਲ ਸਾਦਗੀ ਦਾ ਗੁਣ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ ਕਿਉਂਕਿ ਸਾਦਗੀ ਸਕੂਨ ਦਾ ਆਧਾਰ ਬਣਦੀ ਹੈ। ਪਰਾਏ ਧਨ, ਪਰਾਈ ਵਾਸਤੂ , ਪਰਾਏ ਤਨ ਦੀ ਲਾਲਸਾ ਤੇ ਪ੍ਰਾਪਤੀ ਦੀ ਇੱਛਾ ਜ਼ਿੰਦਗੀ ਨੂੰ ਨਰਕ / ਦੁਸ਼ਵਾਰ ਬਣਾ ਦਿੰਦੀ ਹੈ। ਅਜਿਹੀ ਚਾਹਤ ਜ਼ਿੰਦਗੀ ਵਿੱਚੋਂ ਖ਼ੁਸ਼ੀਆਂ ਖੇੜੇ ਅਨੰਦ ਖੋਹ ਲੈਂਦੀ ਹੈ ਤੇ ਜ਼ਿੰਦਗੀ ਦਾ ਰੰਗਮੰਚ ਬੇਰੰਗ ਹੋ ਜਾਂਦਾ ਹੈ। ਈਰਖਾ, ਲੋਭ, ਦਿਖਾਵਾ, ਬਿਨਾਂ ਮਿਹਨਤ ਧਨ ਪ੍ਰਾਪਤੀ ਦੀ ਲਾਲਸਾ ਅਤੇ ਨਾ ਖ਼ਤਮ ਹੋਣ ਵਾਲੀਆਂ ਇੱਛਾਵਾਂ ਮਨੁੱਖ ਦੀ ਜ਼ਿੰਦਗੀ ਨੂੰ ਅਤੇ ਜ਼ਿੰਦਗੀ ਦੇ ਇਸ ਰੰਗਮੰਚ ਨੂੰ ਬਦਰੰਗ, ਖੋਖਲਾ ਤੇ ਅਸ਼ਾਂਤ ਕਰ ਦਿੰਦੇ ਹਨ। ਇਸ ਲਈ ਜ਼ਿੰਦਗੀ ਦੇ ਇਸ ਰੰਗਮੰਚ ਦਾ ਭਰਪੂਰ ਅਨੰਦ ਲੈਣ ਲਈ ਸਾਦਗੀ, ਇਮਾਨਦਾਰੀ, ਪਰਉਪਕਾਰ ਦੀ ਭਾਵਨਾ ਅਤੇ ਕਰਮਸ਼ੀਲਤਾ ਵਰਗੇ ਮਹਾਨ ਗੁਣਾਂ ਦੇ ਧਾਰਨੀ ਬਣਨਾ ਸਹੀ ਹੋ ਸਕਦਾ ਹੈ ਤਾਂ ਜੋ ਜ਼ਿੰਦਗੀ ਅਤੇ ਜ਼ਿੰਦਗੀ ਦਾ ਰੰਗਮੰਚ ਸੱਚਮੁੱਚ ਰੰਗਾਂ, ਖ਼ੁਸ਼ੀਆਂ, ਖੇੜਿਆਂ, ਸਕੂਨ ਤੇ ਅਨੰਦ ਦਾ ਮੰਚ ਬਣ ਜਾਵੇ। ਜਦੋਂ ਅਸੀਂ ਜ਼ਿੰਦਗੀ ਨੂੰ ਜਿਊਣਾ ਸਿੱਖ ਲਾਗੇ ਤਾਂ ਸਾਡਾ ਜੀਵਨ ਹੀ ਨਹੀਂ ਆਲਾ-ਦੁਆਲਾ ਵੀ ਖ਼ੁਸ਼ਗਵਾਰ ਹੋ ਜਾਵੇਗਾ। ਤੁਸੀਂ ਅਜਿਹਾ ਕਰਕੇ ਤਾਂ ਦੇਖੋ।

• ਮਾਸਟਰ ਸੰਜੀਵ ਧਰਮਾਣੀ
94785-61356

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਕਾਸ ਪ੍ਰਾਜੈਕਟਾਂ ਦੀ ਸੌਗਾਤ, ਸਨੌਰ ਵਿੱਚ 87 ਕਰੋੜ ਦੀ ਲਾਗਤ ਨਾਲ ਸੜਕਾਂ ਦੇ ਨਵੀਨੀਕਰਨ ਦੀ ਸ਼ੁਰੂਆਤ

**➢ ਸਨੌਰ ਲਿੰਕ ਰੋਡ ਅਤੇ ਪਟਿਆਲਾ-ਪਿਹੋਵਾ ਰੋਡ ਸਮੇਤ ਹੋਰ ਸੜਕਾਂ ਦਾ ਹੋਵੇਗਾ ਨਵੀਨੀਕਰਨ ➢ 27 ਕਰੋੜ ਰੁਪਏ ਦੀ ਲਾਗਤ ਨਾਲ ਘੜਾਮ ਰਜਬਾਹਾ, ਸੇਖਪੁਰਾ ਅਤੇ ਬਹਾਦਰਪੁਰ ਮਾਈਨਰਾਂ ਦੀ ਕੰਕਰੀਟ ਲਾਈਨਿੰਗ ਦਾ ਕੰਮ ਸ਼ੁਰੂ**

**ਸਨੌਰ (ਪਟਿਆਲਾ), 31 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਦੇ ਸਨੌਰ ਹਲਕੇ ਵਿੱਚ ਵਿਆਪਕ ਬੁਨਿਆਦੀ ਢਾਂਚੇ ਅਤੇ ਸਿੰਚਾਈ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਕੇ ਪੰਜਾਬ ਦੇ ਵਿਕਾਸ ਵਿੱਚ ਜ਼ਮੀਨੀ ਪੱਧਰ 'ਤੇ ਤੇਜ਼ੀ ਲਿਆਂਦੀ। ਇਸ ਮੌਕੇ ਉਨ੍ਹਾਂ ਨੇ 87 ਕਰੋੜ ਰੁਪਏ ਦੇ ਸੜਕ ਨਵੀਨੀਕਰਨ ਕਾਰਜਾਂ ਦੇ ਨਾਲ-ਨਾਲ 27 ਕਰੋੜ ਰੁਪਏ ਦੇ ਨਹਿਰੀ ਲਾਈਨਿੰਗ ਪ੍ਰਾਜੈਕਟਾਂ ਦਾ ਐਲਾਨ ਕੀਤਾ ਜਿਸ ਨਾਲ 83 ਪਿੰਡਾਂ ਵਿੱਚ 40,066 ਏਕੜ ਰਕਬੇ ਨੂੰ ਸਿੰਚਾਈ ਲਈ ਪਾਣੀ ਮਿਲੇਗਾ।

ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਮੌਜੂਦਾ ਸਮੇਂ ਦੇ ਮਿਸਾਲੀ ਬਦਲਾਅ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਭ੍ਰਿਸ਼ਟਾਚਾਰ ਕਾਰਨ ਥੋੜ੍ਹੇ ਹੀ ਦਿਨਾਂ ਵਿੱਚ ਸੜਕਾਂ ਦੀ ਹਾਲਤ ਖਸਤਾ ਹੋ ਜਾਂਦੀ ਸੀ ਪਰ ਪੰਜਾਬ ਸਰਕਾਰ ਵੱਲੋਂ ਠੇਕੇਦਾਰਾਂ ਲਈ ਸੜਕਾਂ ਦੇ ਪੰਜ ਸਾਲਾਂ ਦੇ ਲਾਜ਼ਮੀ ਰੱਖ-ਰਖਾਅ ਸਬੰਧੀ ਧਾਰਾ ਲਾਗੂ ਕੀਤੀ ਗਈ ਹੈ ਜਿਸ ਨਾਲ ਜਵਾਬਦੇਹੀ ਵਿੱਚ ਵਾਧਾ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਸਰਕਾਰ ਨੇ ਨਾ ਸਿਰਫ਼ ਸਿੰਚਾਈ ਅਧੀਨ ਰਕਬਾ ਪਹਿਲਾਂ 21,050 ਏਕੜ ਤੋਂ ਵਧਾ ਦਿੱਤਾ ਹੈ, ਸਗੋਂ ਕਾਨੂੰਨੀ ਲੜਾਈ ਰਾਹੀਂ ਹਰਿਆਣਾ ਨੂੰ ਦਿੱਤੇ ਜਾਂਦੇ ਭਾਖੜਾ ਨਹਿਰ ਦੇ ਪਾਣੀ ਦਾ ਪੰਜਾਬ ਦਾ 25 ਫੀਸਦ ਹਿੱਸਾ ਵੀ ਪ੍ਰਾਪਤ ਕੀਤਾ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੀ ਬੇਮਿਸਾਲ ਤਰੱਕੀ ਨੂੰ ਦੇਖ ਕੇ ਰਵਾਇਤੀ ਪਾਰਟੀਆਂ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੀਆਂ ਹਨ। ਅੱਜ, ਪੰਜਾਬ ਦੇ ਵਿਕਾਸ ਦੀ ਗੱਡੀ ਮੁੜ ਲੀਹਾਂ 'ਤੇ ਆ ਗਈ ਹੈ ਅਤੇ ਹਰ ਗੁਜ਼ਰਦੇ ਦਿਨ ਨਾਲ ਇਹ ਗਤੀ ਹੋਰ ਤੇਜ਼ ਹੋ ਰਹੀ ਹੈ। ਵਿਰੋਧੀ ਪਾਰਟੀਆਂ ਨੂੰ ਇਹ ਗੱਲ ਹਜ਼ਮ ਨਹੀਂ ਆ ਰਹੀ, ਜਿਸ ਕਾਰਨ ਉਹ ਰੋਜ਼ਾਨਾ ਬੇਬੁਨਿਆਦ ਅਤੇ ਤਰਕਹੀਣ ਬਿਆਨ ਜਾਰੀ ਕਰ ਰਹੀਆਂ ਹਨ। ਇਹ ਵਿਰੋਧੀ ਪਾਰਟੀਆਂ ਵਿੱਚ ਨਿਰਾਸ਼ਾ ਨੂੰ ਦਰਸਾਉਂਦਾ ਹੈ ਜੋ ਸੂਬੇ ਦੇ ਵਿਕਾਸ ਅਤੇ ਇਸਦੇ ਲੋਕਾਂ ਦੀ ਖੁਸ਼ਹਾਲੀ ਤੋਂ ਈਰਖਾ ਕਰਦੀਆਂ ਹਨ।

ਸਨੌਰ ਹਲਕੇ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਅੱਜ ਸਨੌਰ ਹਲਕੇ ਵਿੱਚ 49.60 ਕਰੋੜ ਰੁਪਏ ਦੀ ਲਾਗਤ ਨਾਲ ਕਈ ਨਵੀਆਂ ਲਿੰਕ ਸੜਕਾਂ ਬਣਾਈਆਂ ਜਾਣਗੀਆਂ ਅਤੇ ਕੁਝ ਮੌਜੂਦਾ ਸੜਕਾਂ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਲੋਕ ਜਲਦ ਹੀ ਆਪਣੇ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਵਿੱਚ ਪ੍ਰਤੱਖ ਬਦਲਾਅ ਦੇਖਣਗੇ। ਮੁੱਖ ਪਟਿਆਲਾ-ਪਿਹੋਵਾ ਸੜਕ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਅਤੇ ਦਿੱਲੀ ਜਾਣ ਵਾਲੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਜਲਦ ਹੀ ਇਸ ਨੂੰ ਚਾਰ-ਮਾਰਗੀ ਕੀਤਾ ਜਾਵੇਗਾ।

ਜਵਾਬਦੇਹੀ ਵਿੱਚ ਵਾਧਾ ਕਰਨ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸੜਕਾਂ ਹੁਣ ਘਟੀਆ ਦਰਜੇ ਦੀਆਂ ਨਹੀਂ ਹੋਣਗੀਆਂ ਕਿਉਂਕਿ ਹੁਣ ਸੜਕਾਂ ਦੇ ਰੱਖ-ਰਖਾਅ ਸਬੰਧੀ ਪੰਜ ਸਾਲ ਦੀ ਜ਼ਿੰਮੇਵਾਰੀ ਠੇਕੇਦਾਰਾਂ ਕੋਲ ਹੈ ਅਤੇ ਕਿਸੇ ਵੀ ਨੁਕਸਾਨ ਦੇ ਨਤੀਜੇ ਵਜੋਂ ਭੁਗਤਾਨ ਰੋਕਿਆ ਜਾ ਸਕਦਾ ਹੈ, ਬਲੈਕਲਿਸਟ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਕੋਈ ਵੀ ਠੇਕਾ ਨਾ ਦੇਣ ਦੇ ਨਾਲ ਨਾਲ ਹੋਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਸੜਕੀ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਪੱਧਰ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਇਤਿਹਾਸ ਦਾ ਸਭ ਤੋਂ ਵੱਡਾ ਸੜਕ ਨਿਰਮਾਣ ਕਾਰਜ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਕੁੱਲ 16,209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਉਨ੍ਹਾਂ ਕਿਹਾ, ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੇ ਰੱਖ-ਰਖਾਅ ਦੀ ਧਾਰਾ ਅਧੀਨ ਬਣਾਈਆਂ ਜਾਣਗੀਆਂ ਜਿਸ ਨਾਲ ਵਿਸ਼ਵ ਪੱਧਰੀ ਸੜਕ ਸੁਰੱਖਿਆ ਦੇ ਨਾਲ-ਨਾਲ ਉੱਚ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਕਦਮ ਦਾ ਉਦੇਸ਼ ਸੂਬੇ ਵਿੱਚ ਬਿਹਤਰ ਆਵਾਜਾਈ ਸਹੂਲਤਾਂ ਪ੍ਰਦਾਨ ਕਰਨਾ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣਾ ਹੈ ਜਿਸ ਨਾਲ ਆਮ ਲੋਕਾਂ ਨੂੰ ਵੱਡਾ ਲਾਭ ਹੋਵੇਗਾ।

ਪਾਣੀ ਦੀ ਸੰਭਾਲ ਅਤੇ ਸਿੰਚਾਈ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ, ਪਾਣੀ ਦੇ ਰਾਖੇ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਕਦੇ ਵੀ ਪਾਣੀ ਦੀ ਸੰਭਾਲ ਵੱਲ ਧਿਆਨ ਨਹੀਂ ਦਿੱਤਾ ਜਦੋਂ ਕਿ ਪੰਜਾਬ ਸਰਕਾਰ ਵੱਲੋਂ ਪਾਣੀ ਦੀ ਹਰ ਬੂੰਦ ਦੀ ਬੱਚਤ ਵੱਲ ਵਿਸ਼ੇਸ਼ ਧਿਆਨ ਦਿੱਤਾ ਰਿਹਾ ਹੈ।

ਉਨ੍ਹਾਂ ਕਿਹਾ, ਸੂਬੇ ਵਿੱਚ 6900 ਕਿਲੋਮੀਟਰ ਲੰਬੇ 18349 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ ਤਾਂ ਜੋ ਸੂਬੇ ਦੇ ਦੂਰ-ਦਰਾਡੇ ਦੇ ਹਿੱਸਿਆਂ ਵਿੱਚ ਪਾਣੀ ਮੁਹੱਈਆ (ਬਾਕੀ ਸਫ਼ਾ 8 'ਤੇ)

# ਬੈਂਕ ਲਾਕਰ ਦੇ ਸਾਮਾਨ ਦਾ ਮੁਲਾਂਕਣ ਨਹੀਂ ਕਰ ਸਕਦੇ, ਜਿਸ ਕਾਰਨ ਬੀਮਾ ਦੇਣਾ ਵਿਹਾਰਕ ਨਹੀਂ: ਸੀਤਾਰਮਨ

**ਨਵੀਂ ਦਿੱਲੀ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸੋਮਵਾਰ ਨੂੰ ਕਿਹਾ ਕਿ ਗਾਹਕਾਂ ਦੇ ਲਾਕਰ ਵਿੱਚ ਰੱਖੇ ਸਾਮਾਨ ਨੂੰ ਬੈਂਕ ਨਹੀਂ ਦੇਖ ਸਕਦੇ ਅਤੇ ਨਾ ਹੀ ਉਸ ਦਾ ਰਿਕਾਰਡ ਰੱਖ ਸਕਦੇ ਹਨ ਕਿਉਂਕਿ ਇਸ ਨਾਲ ਬੈਂਕਿੰਗ ਨਿਯਮਾਂ ਦੀ ਉਲੰਘਣਾ ਹੋਵੇਗੀ।

ਸੀਤਾਰਮਨ ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਕਾਂਗਰਸ ਮੈਂਬਰ ਕਿਰਸਨ ਨਾਮਦੇਵ ਦੇ ਪੂਰਕ ਪ੍ਰਸ਼ਨ ਦਾ ਉੱਤਰ ਦੇ ਰਹੀ ਸੀ। ਉਨ੍ਹਾਂ ਕਿਹਾ, "ਕਿਸੇ ਗਾਹਕ ਦੇ ਲੌਕਰ ਵਿੱਚ ਰੱਖੇ ਕੀਮਤੀ ਸਾਮਾਨ 'ਤੇ ਨਜ਼ਰ ਰੱਖਣਾ ਬੈਂਕਿੰਗ ਨਿਯਮਾਂ ਦੀ ਉਲੰਘਣਾ ਹੈ, ਅਤੇ ਬੈਂਕ ਅਜਿਹਾ ਨਹੀਂ ਕਰਨਗੇ।"

ਵਿੱਤ ਮੰਤਰੀ ਨੇ ਕਿਹਾ ਕਿ ਕਿਸੇ ਵੀ ਨੁਕਸਾਨ ਦੀ ਸਥਿਤੀ ਵਿੱਚ ਲਾਕਰ ਧਾਰਕਾਂ ਲਈ ਉਨ੍ਹਾਂ ਦੇ ਸਾਮਾਨ ਦੀ ਖਰਾਬੀ ਜਾਂ ਲੌਕਰ ਟੁੱਟਣ ਵਰਗੇ ਮਾਮਲਿਆਂ ਵਿੱਚ ਮਿਆਰੀ ਕਵਰੇਜ (standard coverage) ਲਾਕਰ ਦੇ ਸਾਲਾਨਾ ਕਿਰਾਏ ਦਾ 100 ਗੁਣਾ ਤੈਅ ਹੈ। ਉਨ੍ਹਾਂ ਕਿਹਾ, "ਸਾਨੂੰ ਨਹੀਂ ਪਤਾ ਕਿ ਲਾਕਰ ਦੇ ਅੰਦਰ ਕੀ ਹੈ। ਇਸ ਆਧਾਰ 'ਤੇ ਬੀਮਾ ਕਵਰ ਨਹੀਂ ਦਿੱਤਾ ਜਾ ਸਕਦਾ। ਲਾਕਰ ਟੁੱਟਣ ਜਾਂ ਸਾਮਾਨ ਦਾ ਨੁਕਸਾਨ ਹੋਣ 'ਤੇ ਮੁਆਵਜ਼ਾ ਦੇਣ ਦਾ ਇਹੀ ਮਿਆਰ ਹੈ।"

ਉਨ੍ਹਾਂ ਕਿਹਾ ਕਿ ਅਜਿਹਾ ਇਸ ਲਈ ਹੈ ਕਿਉਂਕਿ ਬੈਂਕ ਲਾਕਰ ਦੇ ਸਾਮਾਨ ਦੀ ਜਾਂਚ ਨਹੀਂ ਕਰ ਸਕਦੇ ਜਾਂ ਉਸ ਦਾ ਮੁਲਾਂਕਣ ਨਹੀਂ ਕਰ ਸਕਦੇ, ਜਿਸ ਕਾਰਨ ਅਸਲ ਕੀਮਤ ਦੇ ਆਧਾਰ 'ਤੇ ਬੀਮਾ ਦੇਣਾ ਵਿਹਾਰਕ ਨਹੀਂ ਹੈ।

ਸੀਤਾਰਮਨ ਨੇ ਕਿਹਾ, "ਉਨ੍ਹਾਂ ਵਿੱਚੋਂ ਹਰ ਇੱਕ (ਲਾਕਰ) ਲਈ ਵੱਖ-ਵੱਖ ਇਹ ਮੁਮਕਿਨ ਨਹੀਂ ਹੈ, ਇਸ ਲਈ ਇਹ ਤੈਅ ਕੀਤਾ ਗਿਆ ਹੈ ਕਿ ਜੇ ਕੋਈ ਨੁਕਸਾਨ ਹੁੰਦਾ ਹੈ, ਜੇ ਲਾਕਰ ਟੁੱਟਣ ਨਾਲ ਨੁਕਸਾਨ ਹੁੰਦਾ ਹੈ ਜਾਂ ਅਜਿਹਾ ਕੁਝ ਹੁੰਦਾ ਹੈ, ਤਾਂ ਸਾਲਾਨਾ ਕਿਰਾਏ ਦਾ 100 ਗੁਣਾ ਦਿੱਤਾ ਜਾਵੇਗਾ।"

# ਗੁਰਦਾਸਪੁਰ ਪੁਲਿਸ ਵੱਲੋਂ 16 ਗ੍ਰਾਮ 30 ਮਿਲੀਗ੍ਰਾਮ ਹੈਰੋਇਨ ਅਤੇ 244 ਗ੍ਰਾਮ ਚਰਸ ਸਮੇਤ 03 ਦੋਸ਼ੀ ਗ੍ਰਿਫਤਾਰ

**ਸ੍ਰੀ ਹਰਗੋਬਿੰਦਪੁਰ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ÷ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਤਿੱਬੜ ਵਿਖੇ ਅਨੁਰਾਗ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85ਥਾਣਾ ਤਿੱਬੜ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ ਵਿਨੇ ਸ਼ਰਮਾ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋ 10 ਗ੍ਰਾਮ 30 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ



ਕੀਤਾ ਗਿਆ। ਥਾਣਾ ਭੈਣੀ ਮੀਆਂ ਖਾਂ ਵਿਖੇ ਬਿੰਨੀ ਨੂੰ ਸਕੂਟਰੀ ਸਮੇਤ ਕਾਬੂ ਕਰਕੇ ਉਸ ਪਾਸੇ 244 ਗ੍ਰਾਮ ਚਰਸ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 20(ਬੀ)-61-85 ਥਾਣਾ ਭੈਣੀ ਮੀਆਂ ਖਾਂ ਵਿਖੇ ਦਰਜ ਰਜਿਸਟਰ ਕੀਤਾ ਗਿਆ।

ਸ੍ਰੀ ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਅੰਮ੍ਰਿਤਸਰ ਦੇ ਭਿੰਡੀ ਸੈਦਾਂ ਪੁਲਿਸ ਥਾਣੇ ਵਿੱਚ ਧਮਾਕਾ

**ਅੰਮ੍ਰਿਤਸਰ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਅੰਮ੍ਰਿਤਸਰ (ਦਿਹਾਤੀ) ਪੁਲੀਸ ਅਧੀਨ ਆਉਂਦੇ ਭਿੰਡੀ ਸੈਦਾਂ ਪੁਲੀਸ ਥਾਣੇ ਦੇ ਕੰਪਲੈਕਸ ਅੰਦਰ ਸੋਮਵਾਰ ਤੜਕਸਾਰ ਧਮਾਕਾ ਹੋਣ ਤੋਂ ਬਾਅਦ ਇਲਾਕੇ ਵਿੱਚ ਡਰ ਦਾ ਮਾਹੌਲ ਬਣ ਗਿਆ।

ਘਟਨਾ ਦਾ ਪਤਾ ਸਵੇਰੇ ਉਦੋਂ ਲੱਗਿਆ ਜਦੋਂ ਪੁਲੀਸ ਮੁਲਾਜ਼ਮ ਥਾਣੇ ਪਹੁੰਚੇ ਅਤੇ ਉਨ੍ਹਾਂ ਨੇ ਇਮਾਰਤ ਦੇ ਅੰਦਰ ਹੋਇਆ ਨੁਕਸਾਨ ਦੇਖਿਆ। ਪੁਲੀਸ ਥਾਣੇ ਦੀ ਤੁਰੰਤ ਘੇਰਾਬੰਦੀ ਕਰ ਦਿੱਤੀ ਗਈ ਅਤੇ ਅੰਦਰ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ, ਇੱਥੋਂ ਤੱਕ ਕਿ ਮੀਡੀਆ ਕਰਮਚਾਰੀਆਂ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਰਾਤ ਵੇਲੇ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਸੀ। ਹਾਲਾਂਕਿ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ ਪਰ ਸੂਤਰਾਂ ਅਨੁਸਾਰ ਥਾਣੇ ਦੇ ਅੰਦਰ ਖੜ੍ਹੇ ਵਾਹਨਾਂ ਨੂੰ ਧਮਾਕੇ ਕਾਰਨ ਨੁਕਸਾਨ ਪਹੁੰਚਿਆ ਹੈ। ਸੂਤਰਾਂ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਨੌਜਵਾਨਾਂ ਨੇ ਕਥਿਤ ਤੌਰ 'ਤੇ ਪੁਲੀਸ ਥਾਣੇ ਦੇ ਅੰਦਰ ਕੋਈ ਵਿਸਫੋਟਕ ਚੀਜ਼ ਸੁੱਟੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਉਹ ਚੀਜ਼ ਸੁੱਟਣ ਦੇ ਕੁਝ ਦੇਰ ਬਾਅਦ ਹੀ ਫਟ ਗਈ। ਇਸ ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਅਤੇ ਸ਼ੱਕੀ ਵਿਅਕਤੀਆਂ ਦੀ ਪਛਾਣ ਕਰਨ ਲਈ ਆਲੇ-ਦੁਆਲੇ ਦੇ ਇਲਾਕਿਆਂ ਦੀ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

# ਅਗਲੇ 24 ਘੰਟਿਆਂ ਦੌਰਾਨ ਮੀਂਹ, ਗੜੇਮਾਰੀ ਅਤੇ ਤੇਜ਼ ਹਵਾਵਾਂ ਦਾ ਅਲਰਟ

**ਮੋਹਾਲੀ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਆਫ਼ਤ ਪ੍ਰਬੰਧਨ ਅਥਾਰਟੀ (SDMA) ਨੇ ਅਗਲੇ 24 ਘੰਟਿਆਂ ਦੌਰਾਨ ਗੁਰਦਾਸਪੁਰ, ਹੁਸ਼ਿਆਰਪੁਰ, ਪਠਾਨਕੋਟ, ਰੂਪਨਗਰ ਅਤੇ ਐੱਸ ਏ ਐੱਸ ਨਗਰ ਦੇ ਕੁਝ ਹਿੱਸਿਆਂ ਵਿੱਚ ਗਰਜ-ਚਮਕ ਦੇ ਨਾਲ ਮੀਂਹ, ਗੜੇਮਾਰੀ ਅਤੇ ਤੇਜ਼ ਹਵਾਵਾਂ (40-50 ਕਿਲੋਮੀਟਰ ਪ੍ਰਤੀ ਘੰਟਾ) ਚੱਲਣ ਦੀ ਸੰਭਾਵਨਾ ਜਤਾਉਂਦੇ ਹੋਏ ਅਲਰਟ ਜਾਰੀ ਕੀਤਾ ਹੈ। ਪੰਜਾਬ SDMA ਦੇ ਅਧਿਕਾਰੀਆਂ ਨੇ ਅਲਰਟ ਵਿੱਚ ਕਿਹਾ ਹੈ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ 112 'ਤੇ ਕਾਲ ਕਰੋ। ਇਸ ਦੌਰਾਨ ਅੱਜ ਸਵੇਰ ਤੋਂ ਹੀ ਟ੍ਰਾਇਸਟੀ ਵਿੱਚ ਬੱਦਲਵਾਈ ਵਾਲਾ ਮਾਹੌਲ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਹੋਈ ਬਾਰਿਸ਼ ਕਾਰਨ ਟ੍ਰਾਇਸਟੀ ਦੇ ਤਾਪਮਾਨ ਵਿੱਚ ਵੀ ਕਾਫੀ ਗਿਰਾਵਟ ਦਰਜ ਕੀਤੀ ਗਈ ਹੈ।

ਪੰਜਾਬ ਵਿੱਚ ਮਾਰਚ ਮਹੀਨੇ ਦੇ ਅਖੀਰ ਵਿੱਚ ਮੀਂਹ ਪੈ ਰਿਹਾ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਤੜਕੇ ਤੋਂ ਰੁਕ-ਰੁਕ ਕੇ ਮੀਂਹ ਪਿਆ। ਮੀਂਹ ਕਰਕੇ ਲੋਕਾਂ ਨੇ ਅਤਿ ਦਾ ਗਰਮੀ ਤੋਂ ਮਾਮੂਲੀ ਰਾਹਤ ਮਹਿਸੂਸ ਕੀਤੀ, ਪਰ ਇਸ ਸਮੇਂ ਮੀਂਹ ਕਰਕੇ ਕਿਸਾਨਾਂ ਦੇ ਸਾਹ ਸੁੱਕ ਗਏ ਹਨ। ਮੀਂਹ ਦੇ ਨਾਲ ਚੱਲ ਰਹੀਆਂ ਤੇਜ਼ ਹਵਾਵਾਂ ਕਰਕੇ ਪਟਿਆਲਾ, ਸੰਗਰੂਰ, ਹੁਸ਼ਿਆਰਪੁਰ ਸਣੇ ਹੋਰ ਕਈ ਜ਼ਿਲ੍ਹਿਆਂ ਵਿੱਚ ਕਣਕ ਦੀਆਂ ਫਸਲਾਂ ਵਿੱਛ ਗਈਆਂ ਹਨ। ਇਸ ਦੇ ਨਾਲ ਹੀ ਸਰਦੂਲਗੜ੍ਹ ਤੇ ਹੋਰ ਕਈ ਇਲਾਕਿਆਂ ਵਿੱਚ ਗੜੇਮਾਰੀ ਹੋਈ ਸੀ, ਜਿਸ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਸੂਬੇ ਵਿੱਚ ਐਤਵਾਰ ਨੂੰ ਮੀਂਹ ਕਰਕੇ 4.3 ਡਿਗਰੀ ਸੈਲਸੀਅਸ ਤੱਕ ਪਾਰਾ ਡਿੱਗ ਗਿਆ ਸੀ। ਜਾਣਕਾਰੀ ਅਨੁਸਾਰ ਮੌਸਮ ਵਿੱਚ ਪੱਛਮੀ ਵਿਗਾੜ ਦੇ ਚਲਦਿਆਂ ਮੀਂਹ ਪਿਆ ਤੇ ਤੇਜ਼ ਹਵਾਵਾਂ ਕਰਕੇ ਪੱਕਣ ਕੰਢੇ ਪਹੁੰਚ ਚੁੱਕੀ ਕਣਕ ਦੀ ਫਸਲ ਦਾ ਝਾੜ ਘੱਟ ਸਕਦਾ ਹੈ। ਦੂਜੇ ਪਾਸੇ ਮੀਂਹ ਕਰਕੇ ਸੂਬੇ ਵਿੱਚ ਖਰਬੂਜ਼ਾ, ਖੀਰਾ ਤੇ ਹੋਰ ਗਰਮੀ ਦੇ ਫਲ ਤੇ ਸਬਜ਼ੀ ਦੀ ਫਸਲ ਕਰੰਡ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਮੌਸਮ ਵਿਗਿਆਨੀਆਂ ਨੇ ਪੰਜਾਬ ਵਿੱਚ 30 ਤੇ 31 ਮਾਰਚ ਨੂੰ ਹਲਕਾ ਤੇ ਦਰਮਿਆਨਾ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੋਈ ਹੈ। ਇਸ ਲਈ ਮੌਸਮ ਵਿਭਾਗ ਨੇ 31 ਮਾਰਚ ਲਈ ਓਰੈਂਜ ਅਤੇ 31 ਮਾਰਚ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਦੌਰਾਨ ਤੇਜ਼ ਹਵਾਵਾਂ ਚੱਲਣਗੀਆਂ, ਜੋ ਕਿ ਕਣਕ ਦੀ ਫ਼ਸਲ ਲਈ ਘਾਤਕ ਸਾਬਤ ਹੋ ਸਕਦਾ ਹੈ।

# ਪੰਜਾਬ ਸਰਕਾਰ ਗੁਜਰਾਤ ਦੀ 'ਪੇਟ ਪੂਜਾ' ਐਪ ਵਿਰੁੱਧ ਕਰੇਗੀ ਫੌਜਦਾਰੀ ਕਾਰਵਾਈ : ਹਰਪਾਲ ਚੀਮਾ

**ਚੰਡੀਗੜ੍ਹ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੇਟ ਪੂਜਾ ਐਪ ਰਾਹੀਂ ਟੈਕਸ ਚੋਰੀ ਕਰਨ ਦੇ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਜਰਾਤ ਦੀ ਪੇਟ ਪੂਜਾ ਐਪ ਵਿਰੁੱਧ ਫੌਜਦਾਰੀ ਕਾਰਵਾਈ ਕੀਤੀ ਜਾਵੇਗੀ ।

ਉਨ੍ਹਾਂ ਕਿਹਾ ਕਿ ਇਸ ਐਪ ਦੀ ਵਰਤੋਂ ਕਰਕੇ ਪੰਜਾਬ ਦੇ ਹੋਟਲਾਂ ਤੇ ਰੈਸਤਰਾਂ ਵਾਲਿਆਂ ਨੇ ਜੀ ਐੱਸ ਟੀ ਦੀ ਚੋਰੀ ਕੀਤੀ ਹੈ । ਹੁਣ ਤੱਕ 500 ਕਰੋੜ ਦੀ ਟਰਨਓਵਰ ਛੁਪਾਉਣ ਦਾ ਮਾਮਲਾ ਸਾਹਮਣੇ ਆਇਆ ਹੈ ।

ਉਨ੍ਹਾਂ ਦੱਸਿਆ ਕਿ ਹੁਣ ਤੱਕ 239 ਕੇਸਾਂ ਦੀ ਜਾਂਚ ਦੌਰਾਨ 2.54 ਕਰੋੜ ਦੀ ਚੋਰੀ ਫੜ੍ਹੀ ਗਈ ਹੈ ਜਿਸ ਵਿੱਚੋਂ 2.02 ਕਰੋੜ ਦੀ ਵਸੂਲੀ ਕੀਤੀ ਜਾ ਚੁੱਕੀ ਹੈ । ਚੀਮਾ ਨੇ ਕਿਹਾ ਕਿ ਪੰਜਾਬ 'ਚ 882 ਅਦਾਰੇ ਪੇਟ ਪੂਜਾ ਐਪ ਦੀ ਵਰਤੋਂ ਕਰ ਰਹੇ ਸਨ ।

ਕਾਬਲੇਗੌਰ ਹੈ ਕਿ ਦੇਸ਼ ਵਿੱਚ ਕਰੀਬ 70 ਹਜ਼ਾਰ ਕਰੋੜ ਰੁਪਏ ਦੇ ਹੋਏ 'ਪੇਟ ਪੂਜਾ ਜੀ ਐੱਸ ਟੀ' ਘੁਟਾਲੇ ਦਾ ਸੇਕ ਪੰਜਾਬ ਨੂੰ ਵੀ ਲੱਗਿਆ ਹੈ। ਵੇਰਵਿਆਂ ਮੁਤਾਬਕ ਮੁੱਢਲੇ ਪੜਾਅ 'ਤੇ 'ਪੇਟ ਪੂਜਾ' ਐਪ ਜ਼ਰੀਏ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੁਸ਼ਟੀ ਹੋਈ ਹੈ। ਕਰ ਵਿਭਾਗ ਪੰਜਾਬ ਨੇ ਸੂਬੇ ਦੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਇਸ ਐਪ ਨਾਲ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੈੜ ਨੱਪੀ ਹੈ। ਹੁਣ ਤੱਕ ਪੰਜਾਬ 'ਚ ਸੈਂਕੜੇ ਢਾਬੇ/ਰੈਸਟੋਰੈਂਟਾਂ ਅਤੇ ਹੋਟਲਾਂ ਦੀ ਚੈਕਿੰਗ ਹੋ ਚੁੱਕੀ ਹੈ।

# ਟਾਟਾ ਸਾਲਟ ਨੇ ਦੇਸ਼ ਵਿਆਪੀ ਟੈਸਟ ਵਿੱਚ ਸ਼ੁੱਧਤਾ ਦੇ ਸਾਬਤ ਮਾਪਦੰਡਾਂ ਨਾਲ ਸ਼੍ਰੇਣੀ ਲੀਡਰਸ਼ਿਪ ਨੂੰ ਮਜ਼ਬੂਤ ਕੀਤਾ

**ਲੁਧਿਆਣਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

1983 ਤੋਂ ਭਾਰਤ ਵਿੱਚ ਆਇਓਡੀਨ ਨਮਕ ਦੇ ਖੇਤਰ ਵਿੱਚ ਲੀਡਰ ਬ੍ਰਾਂਡ ਰਿਹਾ ਟਾਟਾ ਸੌਲਟ ਇੱਕ ਵਾਰ ਫਿਰ ਆਪਣੀ ਸ਼ੁੱਧਤਾ ਅਤੇ ਭਰੋਸੇ 'ਤੇ ਖਰਾ ਉਤਰਾ ਹੈ। ਇੱਕ ਲੈਬ ਟੈਸਟ ਵਿੱਚ 100 ਦੇਸ਼-ਅਲੱਗ ਨਮਕ ਬ੍ਰਾਂਡਾਂ ਦੀ ਜਾਂਚ ਕੀਤੀ ਗਈ, ਟਾਟਾ ਸੌਲਟ ਹੋਰ ਸ਼ੁੱਧ ਪਾਇਆ ਗਿਆ।ਇਸ ਨਤੀਜੇ ਨੇ ਟਾਟਾ ਸੌਲਟ ਕੇਵਿਲ ਵਿੱਚ ਨਮਕ ਦੀ ਸ਼ੁੱਧਤਾ ਦਾ ਇੱਕ ਮਜ਼ਬੂਤ ਸਟੈਂਡਰਡ ਬਣਾਇਆ ਹੈ। ਟਾਟਾ ਸੌਲਟ ਹਮੇਸ਼ਾ ਤੋਂ ਤੁਹਾਡੀ ਉਤਪਾਦ ਦੀ ਗੁਣਵੱਤਾ ਅਤੇ ਸ਼ੁੱਧਤਾ ਦਾ ਖਾਸ ਧਿਆਨ ਹੈ। ਇਸੇ ਸੋਚ ਦੇ ਨਾਲ ਕੰਪਨੀ ਨੇ ਆਪਣੇ ਨਮੂਨੇ ਦੇ ਮਿਆਰਾਂ ਅਤੇ ਨਿਯਮਾਂ ਦੇ ਅਧੀਨ ਜਾਂਚ ਲਈ ਪੇਸ਼ ਕੀਤਾ। ਇਸ ਜਾਂਚ ਨੇ ਫਿਰ ਸਾਬਤ ਕੀਤਾ ਹੈ ਕਿ ਟਾਟਾ ਸੌਲਟ ਸ਼ੁੱਧਤਾ ਅਤੇ ਗੁਣਵੱਤਾ ਦੇ ਮਾਮਲੇ ਵਿੱਚ ਭਰੋਸੇਮੰਦ ਵਿਕਲਪ ਹੈ।




ਟਾਟਾ ਨਮਕ ਹਮੇਸ਼ਾ ਤੋਂ ਉਸਦੀ ਚੰਗੀ ਗੁਣਵੱਤਾ ਅਤੇ ਭਰੋਸੇ ਲਈ ਜਾਣਾ ਹੈ। ਨਮਕ ਦੇ ਖੇਤਰ ਵਿੱਚ ਇਹ ਸ਼ੁੱਧਤਾ ਅਤੇ ਅਸਲੀਅਤ ਦਾ ਇੱਕ ਮਜ਼ਬੂਤ ਉਦਾਹਰਣ ਹੈ। ਆਪਣੀ ਇਸ ਪਛਾਣ ਨੂੰ ਬਣਾਉਣ ਲਈ, ਕੰਪਨੀ ਸਮੇਂ-ਸਮੇਂ 'ਤੇ ਸਖ਼ਤ ਗੁਣਵੱਤਾ ਦੀ ਜਾਂਚ ਕਰਦੀ ਹੈ ਅਤੇ ਸਾਰੇ ਜ਼ਰੂਰੀ ਨਿਯਮਾਂ ਦਾ ਪਾਲਣ ਕਰਦੀ ਹੈ। ਇਸੇ ਕਾਰਨ ਤੋਂ ਘਰ-ਘਰ ਵਿਚ ਟਾਟਾ ਨਮਕ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ ਅਤੇ ਸ਼ੁੱਧਤਾ ਅਤੇ ਖੂਹ ਲਈ ਇਹ ਪਹਿਲੀ ਪਸੰਦ ਕਰਨਾ ਹੈ। ਟਾਟਾ ਸੋਲ ਦੀ ਇਹ ਉਪਲਬਧੀ ਚਾਰ ਦਸ਼ਾਲਾਂ ਤੋਂ ਜ਼ਿਆਦਾ ਸਮੇਂ ਦੀ ਯਾਤਰਾ ਦਾ ਹਿੱਸਾ ਹੈ, ਲਗਾਤਾਰ ਲੋਕਾਂ ਦਾ ਭਰੋਸਾ ਜੀਤਾ ਹੈ। ਇਹ ਉਪਭੋਗਤਾ ਆਪਣੇ ਅਤੇ ਆਪਣੇ ਪਰਿਵਾਰਕ ਸਿਹਤ ਲਈ ਸਹੀ ਵਿਕਲਪ ਚੁਣਨ ਲਈ ਸਲਾਹਕਾਰ ਬਣਾਉਂਦੇ ਹਨ। ਟਾਟਾ ਸੋਲ ਇਹ ਕੰਮਯਾਬੀ ਚਾਰ ਡਿਸ਼ੈਸ਼ਨ ਪਹਿਲਾਂ ਸ਼ੁਰੂ ਕਰਨਾ ਸਫਰ ਦੀ ਹੀ ਨਤੀਜਾ ਹੈ। ਇਸ ਉਪਭੋਗ ਨੂੰ ਸਹੀ ਮਾਤਰਾ ਵਿੱਚ ਆਇਓਡੀਨ ਦੇ ਨਾਲ ਆਪਣੀ ਸੇਹਤ ਕੋਹਤ ਪਹਿਲਾਂ ਰੱਖਣ ਲਈ ਬ੍ਰਾਂਡ ਪ੍ਰਦਾਨ ਕਰਦਾ ਹੈ, ਜਿਸ ਨੂੰ ਚੁਣੋ, ਜੋ ਨਾ ਮੇਰੇ ਸਮੇਂ ਦੀ ਕਸਵੱਟੀ 'ਤੇ ਖਰਾ ਹੋ ਸਕਦਾ ਹੈ। ਇੱਕ ਦੇਸ਼ ਇੱਕ ਪ੍ਰੋਡੈਕਟ ਤੋਂ ਜ਼ਿਆਦਾ, ਟਾਟਾ ਸੌਲਟ ਦੇਸ਼ ਦੇ ਭਰੋਸੇ ਦਾ ਪ੍ਰਤੀਕ ਬਣਿਆ ਹੈ, 'ਕਾ ਨਮਕ' ਪਿਓਰਿਟੀ ਦੀ ਆਪਣੀ ਸ਼ੁਰੂਆਤੀ ਕੋਸ਼ਿਸ਼ ਲਗਾਤਾਰ ਪੂਰੀ ਕਰ ਰਹੀ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦਾ 23ਵਾਂ ਸਥਾਪਨਾ ਦਿਵਸ ਨੂੰ ਦੇਸ਼ ਭਰ ਵਿੱਚ ਸੰਗਠਨ ਦੀਆਂ ਵੱਖ-ਵੱਖ ਰਾਜਾਂ, ਸ਼ਹਿਰਾਂ 'ਚ ਸ਼ਾਖਾਵਾਂ ਵਿੱਚ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ

**ਪਟਿਆਲਾ, 31 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**





ਸ਼ਿਵ ਸੈਨਾ ਹਿੰਦੁਸਤਾਨ ਦਾ 23ਵਾਂ ਸਥਾਪਨਾ ਦਿਵਸ ਨੂੰ ਦੇਸ਼ ਭਰ ਵਿੱਚ ਸੰਗਠਨ ਦੀਆਂ ਵੱਖ-ਵੱਖ ਰਾਜ, ਸ਼ਹਿਰ, *ਤਹਿਸੀਲ* ਅਤੇ ਜ਼ਿਲ੍ਹਾ ਸ਼ਾਖਾਵਾਂ ਵਿੱਚ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸੀ ਕੜੀ ਦੇ ਵਿੱਚ ਅੱਜ ਪਟਿਆਲਾ—ਪੰਜਾਬ ਵਿੱਚ ਵੀ ਇੱਕ ਸ਼ਾਨਦਾਰ ਜਸ਼ਨ ਮਨਾਇਆ ਗਿਆ, ਪਟਿਆਲਾ ਸ਼ਹਿਰ ਜੋ ਕਿ ਸ਼ਿਵ ਸੈਨਾ ਹਿੰਦੁਸਤਾਨ ਦਾ ਸਭ ਤੋਂ ਵੱਡਾ ਗੜ੍ਹ ਹੈ ਅਤੇ ਉਹ ਸ਼ਹਿਰ ਜਿੱਥੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ, ਖੁਦ ਰਹਿੰਦੇ ਹਨ। ਇਸ ਸਮਾਗਮ ਵਿੱਚ ਸੀਨੀਅਰ ਨੇਤਾਵਾਂ ਅਤੇ ਪਾਰਟੀ ਵਰਕਰਾਂ ਦਾ ਇੱਕ ਵੱਡਾ ਇਕੱਠ ਸ਼ਾਮਲ ਹੋਇਆ।

ਪਟਿਆਲਾ ਦੇ ਸਭ ਤੋਂ ਮਸ਼ਹੂਰ ਅਤੇ ਪ੍ਰਾਚੀਨ ਸ਼ਿਵ ਮੰਦਰ – ਸ਼੍ਰੀ ਭੂਤਨਾਥ ਮੰਦਰ – ਵਿਖੇ ਪਹੁੰਚਣ 'ਤੇ ਪਾਰਟੀ ਸੁਪਰੀਮੋ, ਸ਼੍ਰੀ ਪਵਨ ਗੁਪਤਾ ਜੀ ਦਾ ਸ਼ਿਵ ਸੈਨਾ ਹਿੰਦੁਸਤਾਨ ਦੇ ਸੈਂਕੜੇ ਸੀਨੀਅਰ ਨੇਤਾਵਾਂ ਅਤੇ ਵਰਕਰਾਂ ਵੱਲੋਂ ਦਿਲੋਂ ਸਵਾਗਤ ਕੀਤਾ ਗਿਆ, ਜਿਨ੍ਹਾਂ ਨੇ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ, ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਸੁਮਨ ਗੁਪਤਾ ਅਤੇ ਉਨ੍ਹਾਂ ਦੀ ਛੋਟੀ ਧੀ ਕੁਮਾਰੀ ਕਿਰਨ ਗੁਪਤਾ ਵੀ ਸਨ। ਉਤਸ਼ਾਹ ਨਾਲ ਭਰੇ ਹੋਏ, ਪਾਰਟੀ ਵਰਕਰਾਂ ਦੀ ਭਾਰੀ ਭੀੜ ਨੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੂੰ ਫੁੱਲਾਂ ਦੇ ਹਾਰ ਪਹਿਨਾਏ। ਵਰਕਰਾਂ ਦੇ ਇਸ ਵਿਸ਼ਾਲ ਇਕੱਠ ਦੀ ਅਗਵਾਈ ਵੱਖ-ਵੱਖ ਪਾਰਟੀ ਆਗੂਆਂ ਨੇ ਕੀਤੀ, ਜਿਨ੍ਹਾਂ ਵਿੱਚ ਰਾਸ਼ਟਰੀ ਸਲਾਹਕਾਰ ਹੇਮਰਾਜ ਗੋਇਲ, ਰਾਸ਼ਟਰੀ ਬੁਲਾਰੇ ਪ੍ਰਦੀਪ ਵਰਮਾ, ਪਾਰਟੀ ਦੇ ਵਪਾਰ ਵਿੰਗ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਕੁਮਾਰ ਗਾਬਾ; ਯੂਥ ਵਿੰਗ (ਪੰਜਾਬ) ਦੇ ਸੂਬਾ ਚੇਅਰਮੈਨ ਅਮਰਜੀਤ ਬੰਟੀ, ਸੀਨੀਅਰ ਉਪ ਪ੍ਰਧਾਨ (ਪੰਜਾਬ) ਸ਼ਮਾਕਾਂਤ ਪਾਂਡੇ, ਅਤੇ *ਹਿੰਦੁਸਤਾਨ ਵਪਾਰ ਸੈਨਾ* (ਪਟਿਆਲਾ) ਦੇ ਜ਼ਿਲ੍ਹਾ ਜਨਰਲ ਸਕੱਤਰ ਨਵਦੀਪ ਮਿੱਤਲ ਸ਼ਾਮਲ ਸਨ।

ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਕੀਤੇ ਗਏ ਸਵਾਗਤ ਨੂੰ ਦਿਲੋਂ ਸਵੀਕਾਰ ਕਰਨ ਤੋਂ ਬਾਅਦ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਨੇ ਪਹਿਲਾਂ ਸ਼੍ਰੀ ਭੂਤਨਾਥ ਮੰਦਰ ਵਿਖੇ ਭਗਵਾਨ ਸ਼ਿਵ ਦੇ ਚਰਨਾਂ ਵਿੱਚ ਸ਼ਰਧਾ ਨਾਲ ਆਪਣਾ ਸਿਰ ਝੁਕਾਇਆ, ਪ੍ਰਾਰਥਨਾ ਕੀਤੀ ਅਤੇ ਬ੍ਰਹਮ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਤੋਂ ਬਾਅਦ, ਉਹ ਪਾਰਟੀ ਵੱਲੋਂ ਆਯੋਜਿਤ *ਹਵਨ ਯੱਗ* ਵਿੱਚ ਹਿੱਸਾ ਲੈਣ ਲਈ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਸ਼ਾਮਲ ਹੋਏ। *ਹਵਨ ਯੱਗ* ਦੀ ਸਮਾਪਤੀ ਤੋਂ ਬਾਅਦ – ਜਿਸ ਤੋਂ ਬਾਅਦ *ਆਰਤੀ* ਅਤੇ ਭਗਵਾਨ ਦੀ ਪ੍ਰਾਰਥਨਾ ਵਿੱਚ ਭਜਨ ਗਾਏ ਗਏ – ਸਾਰੇ ਪਾਰਟੀ ਵਰਕਰਾਂ ਵਿੱਚ *ਪ੍ਰਸਾਦ* ਵੰਡਿਆ ਗਿਆ। *ਹਵਨ ਯੱਗ* ਦੀ ਸਮਾਪਤੀ ਤੋਂ ਬਾਅਦ, ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂਆਂ ਅਤੇ ਵਰਕਰਾਂ ਦੇ ਵੱਡੇ ਇਕੱਠ ਨੂੰ ਪਾਰਟੀ ਦੇ ਵੱਖ-ਵੱਖ ਨੇਤਾਵਾਂ ਨੇ ਸੰਬੋਧਨ ਕੀਤਾ – ਜਿਨ੍ਹਾਂ ਵਿੱਚ ਰਾਸ਼ਟਰੀ ਸਲਾਹਕਾਰ ਸ਼੍ਰੀ ਹੇਮਰਾਜ ਗੋਇਲ, ਰਾਸ਼ਟਰੀ ਬੁਲਾਰੇ ਪ੍ਰਦੀਪ ਵਰਮਾ, ਸੀਨੀਅਰ ਉਪ ਪ੍ਰਧਾਨ (ਪੰਜਾਬ) ਸ਼ਮਾਕਾਂਤ ਪਾਂਡੇ, ਅਤੇ ਆਈਟੀ ਵਿੰਗ (ਪੰਜਾਬ) ਦੇ ਸੂਬਾ ਪ੍ਰਧਾਨ ਰਿੰਕੂ ਭਾਰਦਵਾਜ ਅਤੇ ਸ੍ਰੀ ਅਮਰਜੀਤ ਬੰਟੀ ਨੇ ਵੀ ਸੰਬੋਧਿਤ ਕੀਤਾ । ਆਪਣੇ ਸੰਬੋਧਨਾਂ ਵਿੱਚ, ਉਨ੍ਹਾਂ ਨੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਨੂੰ 23 ਸਾਲਾਂ ਤੱਕ ਸੰਗਠਨ ਦੀ ਸਫਲਤਾਪੂਰਵਕ ਅਗਵਾਈ ਕਰਨ ਲਈ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। 'ਸ਼ੇਰ-ਏ-ਹਿੰਦ' ਪਵਨ ਗੁਪਤਾ ਦੀ ਅਗਵਾਈ ਵਿੱਚ ਡੂੰਘਾ ਵਿਸ਼ਵਾਸ ਪ੍ਰਗਟ ਕਰਦੇ ਹੋਏ, ਸਾਰੇ ਬੁਲਾਰਿਆਂ ਨੇ ਕਿਹਾ ਕਿ, ਉਨ੍ਹਾਂ ਦੀ ਅਗਵਾਈ ਹੇਠ, ਪਾਰਟੀ ਨੇ ਦੇਸ਼ ਦੇ 15 ਰਾਜਾਂ ਵਿੱਚ ਇੱਕ ਮਜ਼ਬੂਤ ??ਸੰਗਠਨਾਤਮਕ ਢਾਂਚਾ ਸਫਲਤਾਪੂਰਵਕ ਸਥਾਪਿਤ ਕੀਤਾ ਹੈ ਅਤੇ ਹਿੰਦੂਤਵ ਦੇ ਮੁੱਦੇ 'ਤੇ ਮਜ਼ਬੂਤ ??ਅਗਵਾਈ ਦਾ ਪ੍ਰਦਰਸ਼ਨ ਕੀਤਾ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ, ਉਨ੍ਹਾਂ ਦੀ ਅਗਵਾਈ ਹੇਠ, ਪਾਰਟੀ ਦੇਸ਼ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਅੰਤ ਵਿੱਚ, ਨੇਤਾਵਾਂ ਅਤੇ ਪਾਰਟੀ ਵਰਕਰਾਂ ਦੇ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਨੇ ਟਿੱਪਣੀ ਕੀਤੀ ਕਿ – ਤੁਹਾਡੀ ਮਿਹਨਤ, ਸਮਰਪਣ ਅਤੇ ਵਿਸ਼ਵਾਸ ਦੇ ਕਾਰਨ – ਸ਼ਿਵ ਸੈਨਾ ਹਿੰਦੁਸਤਾਨ ਸੰਗਠਨ ਬਾਲਾ ਸਾਹਿਬ ਠਾਕਰੇ ਵਲੋ ਸਥਾਪਿਤ ਸੰਗਠਨ ਦਾ ਮੁਕਾਬਲਾ ਕਰਦੇ ਹੋਏ, ਰਾਸ਼ਟਰੀ ਪੱਧਰ 'ਤੇ ਆਪਣੇ ਲਈ ਇੱਕ ਸਥਾਨ ਤੇਜ਼ੀ ਨਾਲ ਬਣਾ ਰਿਹਾ ਹੈ। ਸ਼ਿਵ ਸੈਨਾ ਹਿੰਦੁਸਤਾਨ ਨੇ ਹਿੰਦੂ ਭਾਈਚਾਰੇ ਨਾਲ ਸਬੰਧਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਜਿਸ ਵਿੱਚ ਪੰਜਾਬ, ਜੰਮੂ ਅਤੇ ਕਸ਼ਮੀਰ ਅਤੇ ਹਰਿਆਣਾ ਸ਼ਾਮਲ ਹਨ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਆਪਣੇ ਹਾਲ ਹੀ ਵਿੱਚ ਸਮਾਪਤ ਹੋਏ ਸਫਲ ਦੌਰੇ ਬਾਰੇ ਵੀ ਗੱਲ ਕੀਤੀ। ਖਾਸ ਤੌਰ 'ਤੇ, ਪੰਜਾਬ ਵਿੱਚ 35 ਅੱਤਵਾਦ ਪੀੜਤ ਹਿੰਦੂਆਂ ਦੇ ਬੁਲੰਦ ਆਵਾਜ਼ ਵਿੱਚ ਗੱਲ ਕੀਤੀ ਅਤੇ ਇਨਸਾਫ ਦਵਾਉਣ ਲਈ ਅਜੇ ਤੱਕ ਸੰਘਰਸ਼ ਕਰ ਰਹੇ ਹਨ। ਪਾਰਟੀ ਅੱਤਵਾਦ ਤੋਂ ਪੀੜਿਤ ਕਸ਼ਮੀਰ ਵਿੱਚ, ਇਸਨੇ ਕਸ਼ਮੀਰੀ ਪੰਡਿਤਾਂ ਲਈ ਇੱਕ ਨਿਡਰ ਆਵਾਜ਼ ਵਜੋਂ ਕੰਮ ਕੀਤਾ ਹੈ, ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਉਨ੍ਹਾਂ ਨੂੰ ਇਨਸਾਫ ਮਿਲੇ। ਹਰਿਆਣਾ ਦੇ ਨੂਹ ਖੇਤਰ ਵਿੱਚ ਹੋਏ ਦੰਗਿਆਂ ਦੌਰਾਨ, ਪਾਰਟੀ ਨੇ ਹਿੰਦੂ ਭਾਈਚਾਰੇ ਦੀ ਆਵਾਜ਼ ਨੂੰ ਵਧਾਇਆ ਅਤੇ ਉਨ੍ਹਾਂ ਨਾਲ ਅਟੁੱਟ ਏਕਤਾ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ, ਪੰਜਾਬ ਵਿੱਚ ਕੁਦਰਤੀ ਆਫ਼ਤਾਂ ਦੌਰਾਨ, ਸ਼ਿਵ ਸੈਨਾ ਹਿੰਦੁਸਤਾਨ ਨੇ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਵਿੱਚ ਵਿਆਪਕ ਰਾਹਤ ਕਾਰਜ ਕੀਤੇ ਹਨ। ਰਾਜਨੀਤਿਕ ਖੇਤਰ ਵਿੱਚ ਵੀ, ਸ਼ਿਵ ਸੈਨਾ ਹਿੰਦੁਸਤਾਨ ਨੇ ਆਪਣੇ ਰਾਜਨੀਤਿਕ ਵਿੰਗ – 'ਹਿੰਦੁਸਤਾਨ ਸ਼ਕਤੀ ਸੈਨਾ' – ਰਾਹੀਂ ਚੋਣ ਦ੍ਰਿਸ਼ਟੀਕੋਣ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ, ਜੋ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਗੈਰ ਮਾਨਤਾ ਪ੍ਰਾਪਤ ਇੱਕ ਰਜਿਸਟਰਡ, ਗੈਰ-ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਹੈ। ਅੱਜ, ਦੇਸ਼ ਦੇ 15 ਰਾਜਾਂ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੀਆਂ ਵੱਖ-ਵੱਖ ਰਾਜ ਇਕਾਈਆਂ ਸੰਗਠਨ ਦਾ 23 ਵਾਂ ਸਥਾਪਨਾ ਦਿਵਸ ਮਨਾ ਰਹੀਆਂ ਹਨ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸੰਗਠਨਾਤਮਕ ਢਾਂਚਾ ਇਨ੍ਹਾਂ 15 ਰਾਜਾਂ ਵਿੱਚ ਸਫਲਤਾਪੂਰਵਕ ਕੰਮ ਕਰ ਰਿਹਾ ਹੈ। ਉਨ੍ਹਾਂ ਸੰਗਠਨ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਇੱਕਜੁੱਟ ਹੋਣ ਅਤੇ ਆਪਣੇ ਯਤਨਾਂ ਨੂੰ ਦੁੱਗਣਾ ਕਰਨ ਦਾ ਸੱਦਾ ਦਿੱਤਾ ਤਾਂ ਜੋ ਸੰਗਠਨ ਆਪਣੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਉਦੇਸ਼ਾਂ ਨੂੰ ਸਫਲਤਾਪੂਰਵਕ ਪ੍ਰਾਪਤ ਕਰ ਸਕੇ। ਇਸ ਮੌਕੇ 'ਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਹੇਠ ਲਿਖੇ ਸੀਨੀਅਰ ਆਗੂ ਮੌਜੂਦ ਸਨ:। ਰਾਸ਼ਟਰੀ ਸਲਾਹਕਾਰ ਹੇਮਰਾਜ ਗੋਇਲ, ਰਾਸ਼ਟਰੀ ਬੁਲਾਰੇ ਪ੍ਰਦੀਪ ਵਰਮਾ,ਪੰਜਾਬ ਵਪਾਰ ਵਿੰਗ ਦੇ ਮੁਖੀ ਕ੍ਰਿਸ਼ਨ ਕੁਮਾਰ ਗਾਬਾ,ਆਈ.ਟੀ. ਵਿੰਗ (ਆਈ.ਟੀ. ਸੈਨਾ) ਪੰਜਾਬ ਦੇ ਸੂਬਾ ਪ੍ਰਧਾਨ, ਸ਼੍ਰੀ ਹਿਤੇਸ਼ ਰਿੰਕੂ, ਪੰਜਾਬ ਦੇ ਸੀਨੀਅਰ ਉਪ ਪ੍ਰਧਾਨ ਸ਼ਮਾ ਕਾਂਤ ਪਾਂਡੇ, ਪੰਜਾਬ ਦੇ ਯੂਥ ਵਿੰਗ (ਯੁਵਾ ਸੈਨਾ) ਦੇ ਮੁਖੀ, ਅਮਰਜੀਤ ਬੰਟੀ, ਵਪਾਰ ਵਿੰਗ ਦੇ ਜ਼ਿਲ੍ਹਾ ਜਨਰਲ ਸਕੱਤਰ, ਸ਼੍ਰੀ ਨਵਦੀਪ ਮਿੱਤਲ, ਵਪਾਰ ਵਿੰਗ (ਪਟਿਆਲਾ) ਦੇ ਜ਼ਿਲ੍ਹਾ ਮੁਖੀ, ਅਸ਼ੋਕ ਆਨੰਦ, ਜ਼ਿਲ੍ਹਾ ਡਿਪਟੀ ਚੀਫ਼ (ਪਟਿਆਲਾ), ਨੰਦਲਾਲ, ਜ਼ਿਲ੍ਹਾ ਚੇਅਰਮੈਨ (ਪਟਿਆਲਾ), ਭੋਲਾ ਸ਼ਰਮਾ, ਜ਼ਿਲ੍ਹਾ ਡਿਪਟੀ ਚੀਫ਼ (ਸਮਾਣਾ), ਹਰਪ੍ਰੀਤ ਸ਼ਰਮਾ, ਜ਼ਿਲ੍ਹਾ ਖਜ਼ਾਨਚੀ (ਪਟਿਆਲਾ), ਸਤੀਸ਼ ਆਨੰਦ, ਪ੍ਰੈਸ ਸਕੱਤਰ (ਪਟਿਆਲਾ), ਸੰਨੀ ਨਾਰੰਗ, ਨਾਭਾ ਲਈ ਮਹਿਲਾ ਵਿੰਗ (ਮਹਿਲਾ ਸੈਨਾ) ਦੀ ਮੁਖੀ, ਵਿਮਲਾ ਦੇਵੀ, ਜ਼ਿਲ੍ਹਾ ਪੇਂਡੂ ਪ੍ਰਧਾਨ, ਗੁਰਪ੍ਰੀਤ ਸਿੰਘ ਬਾਗੀ, ਨਾਭਾ ਲਈ ਲੇਬਰ ਵਿੰਗ (ਮਜ਼ਦੂਰ ਸੈਨਾ) ਦੇ ਮੁਖੀ ਗੁਰਦਿਆਲ ਸਿੰਘ ਨਿੱਕੂ, ਨਾਭਾ ਲਈ 'ਰੋਟੀ ਪਾਲ' ਪਹਿਲਕਦਮੀ ਦੇ ਮੁਖੀ ਸੂਰਜ ਕੁਮਾਰ, ਸਨੌਰ ਲਈ ਮੁਖੀ ਸੋਨੂੰ ਪਹਿਲਵਾਨ, ਜ਼ਿਲ੍ਹਾ ਦਿਹਾਤੀ ਡਿਪਟੀ ਮੁਖੀ ਹਨੀ ਸਿੰਘ, ਪ੍ਰਦੀਪ ਆਹੂਜਾ ਆਦਿ।

**ਜਿਲਾ ਪ੍ਰਸ਼ਾਸਨ ਦੀ ਨੱਕ ਥੱਲੇ ਸ਼ਰੇਆਮ ਹੋ ਰਹੀ ਹੈ ਅਸ਼ਟਾਮਾਂ ਦੀ ਕਾਲਾ ਬਜਾਰੀ**

# ਅਸ਼ਟਾਮ ਫਰੋਸ਼ ਹਰਸਿਮਰਨ ਕੋਰ ਵਲੋਂ ਸ਼ਰੇਆਮ ਕੀਤੀ ਜਾ ਰਹੀ ਹੈ ਲੋਕਾਂ ਦੀ ਲੁੱਟ

**ਪਟਿਆਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਵੇਂ ਪੰਜਾਬ ਸਰਕਾਰ ਜਿਨਾਂ ਮਰਜੀ ਅਸ਼ਟਾਮ ਫਰੋਸ਼ਾਂ ਦੀ ਦੀ ਚੂੜੀ ਟਾਇਟ ਕਰ ਦੇਵੇ ਪਰ ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਜਿਲਾ ਪ੍ਰਸ਼ਾਸਨ ਦੀ ਨੱਕ ਥੱਲੇ ਮਿੰਨੀ ਸੱਕਤਰੇਤ ਦੀ ਬੂਥਾਂ ਵਿੱਚ ਹੀ ਅਸ਼ਟਾਮਾਂ ਦੀ ਕਾਲਾ ਬਜਾਰੀ ਸ਼ਰੇਆਮ ਹੋ ਰਹੀ ਹੋਵੇ।

ਪ੍ਰਸ਼ਾਸਨਿਕ ਅਧਿਕਾਰੀ ਇਥੋਂ ਤੱਕ ਕਿ ਐਸ ਡੀ ਐਮ ਕੋਲ ਕਈ ਵਾਰ ਸ਼ਿਕਾਇਤਾਂ ਆਉਂਦੀਆਂ ਹਨ ਪਰ ਅਧਿਕਾਰੀਆਂ ਵਲੋਂ ਵਾਰਨਿੰਗ ਦੇ ਕੇ ਛੱਡ ਦਿਤਾ ਜਾਂਦਾ ਹੈ ਅਤੇ ਅਸ਼ਟਾਮ ਫਰੋਸ਼ ਫਿਰ ਵੀ ਅਸ਼ਟਾਮਾਂ ਦੀ ਕਾਲਾ ਬਜਾਰੀ ਕਰਨ ਤੋਂ ਬਾਜ ਨਹੀਂ ਆਉਂਦੇ।

ਅਸ਼ਟਾਮ ਫਰੋਸ਼ਾਂ ਵਲੋਂ 50 ਰੁਪਏ ਅਤੇ 100 ਰੁਪਏ ਦੇ ਅਸ਼ਟਾਮ ਉਤੇ 30 ਰੁਪਏ ਵੱਧ ਲਏ ਜਾਂਦੇ ਹਨ ਜਦੋਂ ਕਿ ਵੱਡੇ ਅਸ਼ਟਾਮਾਂ 'ਤੇ 500 ਤੋਂ 2000 ਰੁਪਏ ਵੱਧ ਲਏ ਜਾ ਰਹੇ ਹਨ।



ਤਾਜਾ ਮਾਮਲੇ ਵਿੱਚ ਅਸ਼ਟਾਮ ਫਰੋਸ਼ ਹਰਸਿਮਰਨ ਕੋਰ ਵਲੋਂ 4575 ਰੁਪਏ ਅਤੇ 100 ਰੁਪਏ ਦੇ ਅਸ਼ਟਾਮਾਂ 'ਤੇ 525 ਰੁਪਏ ਕਾਲਾ ਬਜਾਰੀ ਦੇ ਕੁਲ 5200 ਰੁਪਏ ਮੰਗੇ ਗਏ। ਜਦੋਂ ਵਿਅਕਤੀ ਨੇ ਸਿਫਾਰਿਸ਼ ਦੀ ਗੱਲ ਕੀਤੀ ਤਾਂ ਕੋਲ ਬੈਠੇ ਨੋਟਰੀ ਪਬਲਿਕ ਨੇ 525 ਰੁਪਏ ਕਾਲਾ ਬਜਾਰੀ ਦੇਣ ਦੀ ਬਜਾਏ 325 ਕੁਲ 5000 ਦੇਣ ਦੀ ਗੱਲ ਕਹਿ ਕੇ ਕਿ ਕੁਝ ਨਹੀਂ ਬਚਦਾ।

ਵਿਅਕਤੀ ਨੇ 5000 ਰੁਪਏ ਪੇ ਟੀ ਐਮ ਰਾਹੀਂ ਆਨ ਲਾਇਨ ਦੇ ਕੇ ਅਸ਼ਟਾਮ ਤਾਂ ਲੈ ਲਏ। ਪਰ ਜਿਲਾ ਪ੍ਰਸ਼ਾਸਨ ਦੀ ਨੱਕ ਥੱਲੇ ਸ਼ਰੇਆਮ ਹੋ ਰਹੀ ਅਸ਼ਟਾਮਾਂ ਦੀ ਕਾਲਾ ਬਜਾਰੀ ਕਿੱਥੋਂ ਤੱਕ ਜਾਇਜ ਹੈ ਅਤੇ ਪੰਜਾਬ ਸਰਕਾਰ ਅਜਿਹੇ ਲੋਟੂ ਟੋਲਿਆਂ 'ਤੇ ਲਗਾਮ ਲਗਾਉਣ ਵਿੱਚ ਨਾਕਾਮਯਾਬ ਕਿਉਂ ਹੈ ? ਅਜਿਹੇ ਅਸ਼ਟਾਮਾਂ ਦੀ ਕਾਲਾ ਬਜਾਰੀ ਕਰਨ ਵਾਲੇ ਅਸ਼ਟਾਮ ਫਰੋਸ਼ ਆਖਿਰ ਕਿਉਂ ਹਰ ਵਾਰ ਪ੍ਰਸ਼ਾਸਨ ਦੇ ਪੰਜੇ ਵਿੱਚੋਂ ਬੱਚ ਕੇ ਫਿਰ ਕਾਲਾ ਬਜਾਰੀ ਕਰਣ ਕਿਉਂ ਲੱਗ ਜਾਂਦੇ ਹਨ ?

# 1 ਅਪਰੈਲ ਤੋਂ ਸ਼ੁਰੂ ਹੋ ਰਹੇ ਕਣਕ ਦੇ ਖਰੀਦ ਸੀਜ਼ਨ ਲਈ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਤਿਆਰੀਆਂ ਮੁਕੰਮਲ

**ਚੰਡੀਗੜ੍ਹ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ (ਡੀ.ਐਫ.ਐਸ.ਸੀ) ਨੂੰ ਸੂਬੇ ਦੀਆਂ ਮੰਡੀਆਂ ਵਿੱਚ ਬਾਹਰਲੇ ਰਾਜਾਂ ਤੋਂ ਕਣਕ ਦੀ ਵਿਕਰੀ 'ਤੇ ਬਾਜ਼ ਅੱਖ ਰੱਖਣ ਦੇ ਨਿਰਦੇਸ਼ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਸ ਸਬੰਧੀ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਖ਼ਤ ਨਿਗਰਾਨੀ ਰੱਖਣ ਲਈ ਕਿਹਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋ ਰਹੇ ਕਣਕ ਦੇ ਖਰੀਦ ਸੀਜ਼ਨ ਨੂੰ ਬਿਨਾਂ ਕਿਸੇ ਮੁਸ਼ਕਿਲ ਦੇ ਨੇਪਰੇ ਚਾੜ੍ਹਨ ਦੇ ਸੰਕਲਪ ਨੂੰ ਦੁਹਰਾਉਂਦਿਆਂ ਕੈਬਨਿਟ ਮੰਤਰੀ ਨੇ ਡੀ.ਐਫ.ਐਸ.ਸੀਜ਼ ਨੂੰ ਨਿੱਜੀ ਤੌਰ 'ਤੇ ਮੰਡੀਆਂ ਦਾ ਦੌਰਾ ਕਰਕੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਖਰੀਦ ਸੀਜ਼ਨ ਦੌਰਾਨ ਕੋਈ ਵੀ ਕੁਤਾਹੀ ਨਾ ਹੋਵੇ। ਡੀ.ਐਫ.ਐਸ.ਸੀਜ਼ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਆਉਣ ਵਾਲੇ ਖਰੀਦ ਸੀਜ਼ਨ ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਸ੍ਰੀ ਕਟਾਰੂਚੱਕ ਨੇ ਅਧਿਕਾਰੀਆਂ ਨੂੰ ਹਰੇਕ ਮੰਡੀ ਵਿੱਚ ਸਾਫ਼-ਸਫ਼ਾਈ, ਬਿਜਲੀ ਅਤੇ ਪੀਣ ਵਾਲੇ ਸਾਫ਼ ਪਾਣੀ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਹੁਕਮ ਦਿੱਤੇ।

ਕੈਬਨਿਟ ਮੰਤਰੀ ਨੂੰ ਦੱਸਿਆ ਗਿਆ ਕਿ ਸੂਬੇ ਨੂੰ ਅਪ੍ਰੈਲ ਮਹੀਨੇ ਲਈ 30973 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ (ਸੀ.ਸੀ.ਐਲ.) ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸੂਬੇ ਕੋਲ 122 ਲੱਖ ਮੀਟ੍ਰਿਕ ਟਨ (ਐਲਐਮਟੀ) ਕਣਕ ਦੀ ਖ਼ਰੀਦ ਦਾ ਟੀਚਾ ਹੈ। ਹਾਲਾਂਕਿ ਵਿਭਾਗ ਵੱਲੋਂ 132 ਐਲ.ਐਮ.ਟੀ. ਕਣਕ ਦੀ ਖਰੀਦ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ।

ਇਨ੍ਹਾਂ ਤਿਆਰੀਆਂ ਦੇ ਹਿੱਸੇ ਵਜੋਂ 1897 ਖਰੀਦ ਕੇਂਦਰਾਂ ਨੂੰ ਨੋਟੀਫਾਈ ਕੀਤਾ ਗਿਆ ਹੈ ਅਤੇ ਜ਼ਿਲ੍ਹਾ ਪੱਧਰੀ ਖਰੀਦ ਕਮੇਟੀਆਂ (ਡੀ.ਐਲ.ਪੀ.ਸੀਜ਼) ਤੋਂ ਹੋਰ 266 ਆਰਜ਼ੀ ਯਾਰਡਾਂ ਲਈ ਪ੍ਰਸਤਾਵ ਹਾਸਿਲ ਹੋਏ ਹਨ। ਉਨ੍ਹਾਂ ਦੱਸਿਆ ਕਿ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) 2585 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਬਾਰਦਾਨੇ ਦੇ ਮੁੱਦੇ 'ਤੇ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਡੀ.ਐਫ.ਐਸ.ਸੀਜ਼ ਨੂੰ ਮੰਡੀਆਂ ਵਿੱਚ ਬਾਰਦਾਨੇ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਉਣ ਵਾਸਤੇ ਅੱਗੇ ਇਸਦੀ ਜ਼ਿੰਮੇਵਾਰੀ ਇੰਸਪੈਕਟਰਾਂ ਨੂੰ ਸੌਂਪਣ ਲਈ ਕਿਹਾ। ਫ਼ਸਲ ਦੇ ਭੰਡਾਰਨ ਵਾਲੀ ਥਾਂ ਦੇ ਮੁੱਦੇ 'ਤੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਪਿਛਲੇ ਸੀਜ਼ਨਾਂ ਦੀ ਉਪਜ ਨੂੰ ਚੁੱਕਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਨਿਯਮਿਤ ਅੰਤਰਾਲਾਂ 'ਤੇ ਕੇਂਦਰ ਸਰਕਾਰ ਕੋਲ ਇਹ ਮਾਮਲਾ ਉਠਾਇਆ ਗਿਆ ਹੈ ਤਾਂ ਜੋ ਆਉਣ ਵਾਲੇ ਸੀਜ਼ਨਾਂ ਦੀ ਉਪਜ ਲਈ ਢੁਕਵੀਂ ਜਗ੍ਹਾ ਦੀ ਉਪਲੱਬਧਾ ਨੂੰ ਯਕੀਨੀ ਬਣਾਇਆ ਜਾ ਸਕੇ।

# ਦਵਯ ਜਯੋਤੀ ਜਾਗ੍ਰਿਤੀ ਸੰਸਥਾਨ ਪਟਿਆਲਾ ਵੱਲੋਂ ਵੀਰ ਹਕੀਕਤ ਰਾਏ ਗਰਾਊਂਡ ਵਿਖੇ ਸ਼੍ਰੀਮਦ ਭਾਗਵਤ ਕਥਾ 1 ਤੋਂ 7 ਤੱਕ



**ਪਟਿਆਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਪਟਿਆਲਾ ਵੱਲੋਂ 1 ਤੋਂ 7 ਅਪ੍ਰੈਲ ਤੱਕ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਵੀਰ ਹਕੀਕਤ ਰਾਏ ਗਰਾਊਂਡ ਵਿਖੇ ਸ਼੍ਰੀਮਦ ਭਾਗਵਤ ਕਥਾ ਕਰਵਾਈ ਜਾ ਰਹੀ ਹੈ। ਜਿਸ ਦਾ ਸੱਦਾ ਮਹਾਰਾਣੀ ਪ੍ਰਨੀਤ ਕੌਰ (ਸਾਬਕਾ ਸੰਸਦ ਮੈਂਬਰ ਅਤੇ ਰਾਜ ਮੰਤਰੀ) ਅਤੇ ਸਤਿੰਦਰ ਸੈਣੀ ਜੀ (ਮੁਖੀ, ਅਨਾਜ ਮੰਡੀ) ਨੂੰ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਸਵਾਮੀ ਉਮੇਸ਼ਾਨੰਦ ਜੀ ਅਤੇ ਸਾਧਵੀ ਮਨੇਂਦਰਾ ਭਾਰਤੀ ਜੀ ਨੇ ਦਿੱਤਾ। ਜਿਸ ਵਿੱਚ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ ਸਾਧਵੀ ਮਨੇਂਦਰਾ ਭਾਰਤੀ ਜੀ ਨੇ ਦੱਸਿਆ ਕਿ ਅਸੀਂ ਜੋ ਵੀ ਸੰਸਾਰ ਵਿੱਚ ਦੇਖਦੇ ਹਾਂ, ਨਿਰਜੀਵ ਜਾਂ ਸਜੀਵ, ਛੋਟਾ ਜਾਂ ਲੰਮਾ, ਸਭ ਕੁਝ ਪ੍ਰਮਾਤਮਾ ਦੁਆਰਾ ਬਣਾਈ ਗਈ ਰਚਨਾ ਦਾ ਹਿੱਸਾ ਹੈ। ਜੇਕਰ ਅਸੀਂ ਇਹਨਾਂ ਸਾਰੀਆਂ ਰਚਨਾਵਾਂ ਦਾ ਮੁਲਾਂਕਣ ਉਹਨਾਂ ਦੇ ਗੁਣਾਂ, ਗੁਣਾਂ ਆਦਿ ਦੇ ਆਧਾਰ 'ਤੇ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਮਨੁੱਖ ਪਰਮਾਤਮਾ ਦੀ ਸਰਵੋਤਮ ਰਚਨਾ ਹੈ। ਇਸ ਲਈ ਨਹੀਂ ਕਿ ਅੱਜ ਉਸ ਨੇ ਭੌਤਿਕ ਸੰਸਾਰ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਸਗੋਂ ਕਿਉਂਕਿ ਮਨੁੱਖਾ ਸਰੀਰ ਹੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਹੈ। ਪਰ ਇਸ ਅਦੁੱਤੀ ਸਾਧਨਾ ਦੀ ਪ੍ਰਾਪਤੀ ਤੋਂ ਬਾਅਦ ਬਹੁਤੇ ਲੋਕ ਬ੍ਰਹਮਾ ਦੁਆਰਾ ਰਚੀਆਂ ਗਈਆਂ ਅਸਥਿਰ ਰਚਨਾਵਾਂ ਨੂੰ ਜਾਨਣ ਵਿੱਚ ਸਮਾਂ ਬਰਬਾਦ ਕਰਦੇ ਹਨ। ਜਦੋਂ ਬ੍ਰਹਮਾ ਨੂੰ ਜਾਨਣ ਦੀ ਗੱਲ ਆਉਂਦੀ ਹੈ ਤਾਂ ਮਨੁੱਖ ਇਸ ਵਿਸ਼ੇ ਨੂੰ ਕੱਲ੍ਹ ਲਈ ਮੁਲਤਵੀ ਕਰ ਦਿੰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਉਸ ਦੀ ਜ਼ਿੰਦਗੀ ਹਰ ਪਲ ਛੋਟੀ ਹੁੰਦੀ ਜਾ ਰਹੀ ਹੈ ਅਤੇ ਹਰ ਪਲ ਉਸ ਦਾ ਜੀਵਨ ਮੌਤ ਵੱਲ ਵਧ ਰਿਹਾ ਹੈ। ਆਖਿਰਕਾਰ ਉਹ ਦਿਨ ਆਉਂਦਾ ਹੈ ਜੋ ਉਸ ਦੀ ਜ਼ਿੰਦਗੀ ਦਾ ਆਖਰੀ ਦਿਨ ਹੁੰਦਾ ਹੈ। ਉਹ ਰੱਬ ਨੂੰ ਜਾਣੇ ਬਗੈਰ ਮਰ ਜਾਂਦਾ ਹੈ। ਜਿਸ ਵਿਚ ਉਸ ਦੇ ਜੀਵਨ ਦਾ ਮਕਸਦ ਪੂਰਾ ਨਹੀਂ ਹੁੰਦਾ ਅਤੇ ਉਹ ਪਰਮਾਤਮਾ ਦੀ ਭਗਤੀ ਤੋਂ ਵਾਂਝਾ ਰਹਿ ਜਾਂਦਾ ਹੈ। ਆਪਣੇ ਜੀਵਨ ਦੇ ਮਨੋਰਥ ਨੂੰ ਪੂਰਾ ਕਰਨ ਲਈ ਸਾਨੂੰ ਜੀਵਤ ਰਹਿੰਦਿਆਂ ਪ੍ਰਭੂ ਨੂੰ ਜਾਣਨਾ ਹੋਵੇਗਾ। ਸਾਧਵੀ ਜੀ ਨੇ ਕਿਹਾ ਕਿ ਸੱਚੀ ਉਤਸੁਕਤਾ ਨਾਲ ਹੀ ਮਨੁੱਖ ਪਰਮਾਤਮਾ ਦੀ ਖੋਜ ਵੱਲ ਵਧਦਾ ਹੈ ਅਤੇ ਜਦੋਂ ਖੋਜ ਸੱਚੀ ਹੁੰਦੀ ਹੈ ਤਾਂ ਮਨੁੱਖ ਨੂੰ ਜੀਵਨ ਵਿਚ ਗੁਰੂ ਦਾ ਮਾਰਗ ਮਿਲਦਾ ਹੈ। ਜਿਸ ਦਾ ਪਾਲਣ ਕਰਨ ਨਾਲ ਮਨੁੱਖ ਆਪਣੇ ਜੀਵਨ ਦੇ ਉਦੇਸ਼ ਨੂੰ ਪੂਰਾ ਕਰਨ ਦੇ ਯੋਗ ਹੁੰਦਾ ਹੈ ਕਿਉਂਕਿ ਇੱਕ ਪੂਰਨ ਗੁਰੂ ਵਿੱਚ ਬ੍ਰਹਮਾ ਨੂੰ ਅਨੁਭਵ ਕਰਨ ਦੀ ਸਮਰੱਥਾ ਹੁੰਦੀ ਹੈ। ਅਜਿਹੇ ਵਿਚਾਰਾਂ ਨੂੰ ਸੁਣਨ ਲਈ ਕਥਾ ਵਿੱਚ ਆਉਣ ਦਾ ਸੱਦਾ ਦਿੱਤਾ।

## 243ਵੇਂ ਦਿੱਲੀ ਫ਼ਤਿਹ ਦਿਵਸ ਮੌਕੇ ਜਰਨੈਲੀ ਫ਼ਤਿਹ ਮਾਰਚ ਦੀ ਗੂੰਜ

# ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਤੋਂ ਲਾਲ ਕਿਲ੍ਹੇ ਤੱਕ ਸੰਗਤਾਂ ਦੀ ਸ਼ਰਧਾ ਭਰੀ ਹਾਜ਼ਰੀ: ਹਰਮੀਤ ਸਿੰਘ ਕਾਲਕਾ




**ਨਵੀਂ ਦਿੱਲੀ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਾਏ ਜਾ ਰਹੇ 243ਵੇਂ ਦਿੱਲੀ ਫਤਿਹ ਦਿਵਸ ਦੇ ਦੂਜੇ ਦਿਨ ਇਤਿਹਾਸਕ ਜਰਨੈਲੀ ਫਤਿਹ ਮਾਰਚ ਦੀ ਸ਼ੁਰੂਆਤ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਤੋਂ ਅਰਦਾਸ ਉਪਰੰਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਹੁਕਮਨਾਮਾ ਲੈ ਕੇ ਬੜੀ ਸ਼ਰਧਾ, ਅਨੁਸ਼ਾਸਨ ਅਤੇ ਚੜ੍ਹਦੀ ਕਲਾ ਦੇ ਜਜ਼ਬੇ ਨਾਲ ਕੀਤੀ ਗਈ, ਜੋ ਵਿਸ਼ਾਲ ਜਥੇਬੰਦੀ ਦੇ ਰੂਪ ਵਿੱਚ ਲਾਲ ਕਿਲ੍ਹਾ ਵਿਖੇ ਪਹੁੰਚਿਆ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਤੋਂ ਲਾਲ ਕਿਲ੍ਹਾ ਤੱਕ ਨਿਕਲੇ ਇਸ ਸ਼ਾਨਦਾਰ ਜਰਨੈਲੀ ਫਤਿਹ ਮਾਰਚ ਦਾ ਸਮੂਹ ਸੰਗਤਾਂ ਵੱਲੋਂ ਰਸਤੇ ਭਰ ਬਹੁਤ ਹੀ ਉਤਸ਼ਾਹ, ਸ਼ਰਧਾ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ। ਸੰਗਤਾਂ ਦੀ ਵਿਸ਼ਾਲ ਅਤੇ ਉਤਸ਼ਾਹਪੂਰਣ ਭਾਗੀਦਾਰੀ ਨੇ ਮਾਰਚ ਨੂੰ ਵਿਲੱਖਣ ਆਤਮਿਕ ਰੰਗ ਬਖ਼ਸ਼ਿਆ ਅਤੇ ਸਾਰਾ ਮਾਹੌਲ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਗੂੰਜਦਾ ਰਿਹਾ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਹੋਰ ਦੱਸਿਆ ਕਿ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਇਸ ਇਤਿਹਾਸਕ ਫਤਿਹ ਮਾਰਚ ਵਿੱਚ ਸ਼ਮੂਲੀਅਤ ਕਰਕੇ ਨਾ ਸਿਰਫ਼ ਆਪਣੀ ਗੁਰੂ ਸਾਹਿਬ ਪ੍ਰਤੀ ਅਟੱਲ ਸ਼ਰਧਾ ਦਾ ਪ੍ਰਗਟਾਵਾ ਕੀਤਾ, ਸਗੋਂ ਇਸ ਮਹਾਨ ਇਤਿਹਾਸਕ ਸਮਾਗਮ ਦਾ ਹਿੱਸਾ ਬਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ।

ਉਨ੍ਹਾਂ ਕਿਹਾ ਕਿ ਦਿੱਲੀ ਫਤਿਹ ਦਿਵਸ ਸਿੱਖ ਕੌਮ ਦੀ ਬਹਾਦਰੀ, ਅਟੱਲ ਆਤਮਿਕਤਾ ਅਤੇ ਸ਼ਾਨਦਾਰ ਇਤਿਹਾਸਕ ਵਿਰਾਸਤ ਦਾ ਜੀਵੰਤ ਪ੍ਰਤੀਕ ਹੈ, ਜਿਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਮਈ ਅਤੀਤ ਨਾਲ ਜੋੜਨ ਦਾ ਅਹਿਮ ਸੰਦੇਸ਼ ਵੀ ਪ੍ਰਸਾਰਿਤ ਹੁੰਦਾ ਹੈ।

# ਯਾਦਗਾਰੀ ਹੋ ਨਿੱਬੜੀ ਜ਼ਿਲ੍ਹਾ ਤਰਨ ਤਾਰਨ ਦੇ ਸਰਕਾਰੀ ਸਕੂਲਾਂ ਦੀ 'ਮੈਗਾ ਮਾਪੇ-ਅਧਿਆਪਕ ਮਿਲਣੀ': ਡੀ.ਈ.ਓ ਸਤਿਨਾਮ ਸਿੰਘ ਬਾਠ



**ਤਰਨਤਾਰਨ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਜ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਆਯੋਜਿਤ ਕੀਤੀ ਗਈ 'ਮੈਗਾ ਮਾਪੇ-ਅਧਿਆਪਕ ਮਿਲਣੀ' ਬੇਹੱਦ ਸਫਲ ਅਤੇ ਯਾਦਗਾਰੀ ਹੋ ਨਿੱਬੜੀ। ਇਸ ਮਿਲਣੀ ਦੌਰਾਨ ਜਿਥੇ ਸਕੂਲਾਂ ਵਿਚ ਮੇਲੇ ਵਰਗਾ ਮਾਹੌਲ ਦੇਖਣ ਨੂੰ ਮਿਲਿਆ, ਉਥੇ ਹੀ ਸਾਲਾਨਾ ਨਤੀਜਿਆਂ ਦੇ ਐਲਾਨ ਤੋਂ ਬਾਅਦ ਵਿਦਿਆਰਥੀਆਂ ਅਤੇ ਮਾਪਿਆਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਲਹਿਰ ਦੌੜ ਗਈ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸਤਿਨਾਮ ਸਿੰਘ ਬਾਠ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਹੁਕਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਵਲਟੋਹਾ ਸਕੂਲਾਂ ਦਾ ਦੌਰਾ ਕਰਨ ਉਪਰੰਤ ਦੱਸਿਆ ਕਿ ਅੱਜ ਪਹਿਲੀ ਤੋਂ ਗਿਆਰਵੀਂ ਜਮਾਤ (ਨਾਨ-ਬੋਰਡ) ਦੇ ਸਾਲਾਨਾ ਨਤੀਜਿਆਂ ਦਾ ਐਲਾਨ ਕੀਤਾ ਗਿਆ। ਅਧਿਆਪਕਾਂ ਵੱਲੋਂ ਮਾਪਿਆਂ ਨੂੰ ਬੱਚਿਆਂ ਦੇ 'ਹੋਲਿਸਟਿਕ ਰਿਪੋਰਟ ਕਾਰਡ' ਸੌਂਪੇ ਗਏ, ਜਿਸ ਵਿਚ ਬੱਚੇ ਦੀ ਸਾਲ ਭਰ ਦੀਆਂ ਵਿੱਦਿਅਕ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਸੀ। ਮਾਪਿਆਂ ਨੇ ਆਪਣੇ ਬੱਚਿਆਂ ਦੀ ਪ੍ਰਗਤੀ ਦੇਖ ਕੇ ਤਸੱਲੀ ਪ੍ਰਗਟਾਈ। ਮਿਲਣੀ ਦੌਰਾਨ ਮਾਪਿਆਂ ਨਾਲ ਕਈ ਅਹਿਮ ਨੁਕਤਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। 1 ਅਪ੍ਰੈਲ 2026 ਤੋਂ ਸ਼ੁਰੂ ਹੋ ਰਹੇ ਨਵੇਂ ਵਿੱਦਿਅਕ ਸੈਸ਼ਨ ਲਈ ਦਾਖ਼ਲੇ ਅਤੇ ਨਿਯਮਤ ਹਾਜ਼ਰੀ ਲਈ ਪ੍ਰੇਰਿਤ ਕੀਤਾ ਗਿਆ। ਬੱਚਿਆਂ ਦੀ ਗੈਰ-ਹਾਜ਼ਰੀ ਸਬੰਧੀ ਮਾਪਿਆਂ ਨੂੰ ਮਿਲਣ ਵਾਲੇ 'ਆਟੋਮੈਟਿਕ ਐਸ.ਐਮ.ਐਸ ਸਿਸਟਮ' ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ 14 ਸਾਲ ਤੱਕ ਦੀਆਂ ਲੜਕੀਆਂ ਲਈ ਐੱਚ.ਪੀ.ਵੀ ਟੀਕਾਕਰਨ ਅਤੇ ਦਸਵੀਂ ਦੇ ਵਿਦਿਆਰਥੀਆਂ ਲਈ 'ਹੁਨਰ ਸਿੱਖਿਆ' ਬਾਰੇ ਵਿਸ਼ੇਸ਼ ਜਾਗਰੂਕਤਾ ਸੈਸ਼ਨ ਲਗਾਏ ਗਏ। ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿਨਾਮ ਸਿੰਘ ਬਾਠ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ÷ਸਾਡਾ ਮੁੱਖ ਉਦੇਸ਼ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਪਿਆਂ ਨਾਲ ਸਾਂਝਾ ਕਰਕੇ ਉਨ੍ਹਾਂ ਨੂੰ ਸਕੂਲ ਦਾ ਅਹਿਮ ਹਿੱਸਾ ਬਣਾਉਣਾ ਹੈ। ਅਸੀਂ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਬੱਚਿਆਂ ਦੇ ਅੰਕਾਂ ਦੀ ਤੁਲਨਾ ਦੂਜਿਆਂ ਨਾਲ ਕਰਨ ਦੀ ਬਜਾਏ ਉਨ੍ਹਾਂ ਦੀ ਆਪਣੀ ਤਰੱਕੀ 'ਤੇ ਧਿਆਨ ਦੇਣ। ਸਕੂਲਾਂ ਵਿਚ ਸਫ਼ਾਈ ਅਤੇ ਮਾਪਿਆਂ ਦੇ ਬੈਠਣ ਲਈ ਕੀਤੇ ਗਏ ਸੁਚੱਜੇ ਪ੍ਰਬੰਧਾਂ ਦੀ ਹਰ ਪਾਸੇ ਸ਼ਲਾਘਾ ਹੋਈ। ਇਸ ਮਿਲਣੀ ਵਿਚ ਪਿੰਡਾਂ ਦੀਆਂ ਪੰਚਾਇਤਾਂ, ਐਸ.ਐਮ.ਸੀ ਮੈਂਬਰਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਮਾਪਿਆਂ ਦੇ ਕੀਮਤੀ ਸੁਝਾਅ ਲੈਣ ਲਈ ਸਕੂਲਾਂ ਵਿਚ 'ਸੁਝਾਅ ਬਕਸੇ' ਵੀ ਰੱਖੇ ਗਏ ਸਨ, ਤਾਂ ਜੋ ਆਉਣ ਵਾਲੇ ਸਮੇਂ ਵਿਚ ਸਰਕਾਰੀ ਸਕੂਲਾਂ ਦੇ ਵਿੱਦਿਅਕ ਮਿਆਰ ਨੂੰ ਹੋਰ ਵੀ ਉੱਚਾ ਚੁੱਕਿਆ ਜਾ ਸਕੇ।

## ਆਵਾਰਾ ਪਸ਼ੂ ਨੇ ਬਜ਼ੁਰਗ ਨੂੰ ਟੱਕਰ ਮਾਰੀ, ਮੌਤ

**ਸਮਾਣਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਦੁਤਾਲ ਨੇੜੇ ਦੁਤਾਲ-ਨਰਵਾਣਾ ਸੜਕ 'ਤੇ ਆਵਾਰਾ ਪਸ਼ੂ ਵੱਲੋਂ ਟੱਕਰ ਮਾਰੇ ਜਾਣ ਕਾਰਨ ਸੜਕ ਪਾਰ ਕਰ ਰਹੇ ਵਿਅਕਤੀ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਤੇਜਾਰਾਮ (68) ਪੁੱਤਰ ਕਾਨਾਰਾਮ ਵਾਸੀ ਪਿੰਡ ਦੁਤਾਲ ਵਜੋਂ ਹੋਈ ਹੈ। ਮਾਮਲੇ ਦੀ ਜਾਂਚ ਅਧਿਕਾਰੀ ਸਬ-ਇੰਸਪੈਕਟਰ ਨਿਸ਼ਾਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਤੇਜਾਰਾਮ ਦੇ ਪੁੱਤਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਸ ਦਾ ਪਿਤਾ ਪਿੰਡ ਦੇ ਨੇੜੇ ਸੜਕ ਪਾਰ ਕਰ ਰਿਹਾ ਸੀ। ਅਚਾਨਕ ਇੱਕ ਆਵਾਰਾ ਪਸ਼ੂ ਨੇ ਉਸ ਨੂੰ ਟੱਕਰ ਮਾਰ ਦਿੱਤੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।

# ਰਾਜਿੰਦਰਾ ਹਸਪਤਾਲ ਵਿੱਚ ਨਰਸਿੰਗ ਸਟਾਫ ਦਾ ਧਰਨਾ



**ਪਟਿਆਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਗਰੇਡ ਪੇਅ 2800 ਰੁਪਏ ਤੋਂ 4600 ਰੁਪਏ ਕਰਨ ਦੀ ਮੰਗ ਲਈ ਨਰਸਿੰਗ ਸਟਾਫ ਵੱਲੋਂ ਸ਼ੁਰੂ ਕੀਤੀ ਗਈ ਹੜਤਾਲ ਅੱਜ ਚੌਥੇ ਦਿਨ ਵੀ ਜਾਰੀ ਰਹੀ। ਭਾਵੇਂ ਹੜਤਾਲੀ ਮੁਲਾਜ਼ਮਾਂ ਖਿਲਾਫ਼ ਸਰਕਾਰ ਵੱਲੋਂ ਐਸਮਾ ਲਾਗੂ ਕੀਤਾ ਹੋਇਆ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਦੀ ਮੰਗ ਹੈ ਕਿ ਕੁਝ ਸਾਲ ਪਹਿਲਾਂ 4600 ਰੁਪਏ ਤੋਂ ਘਟਾ ਕੇ 2800 ਰੁਪਏ ਕੀਤਾ ਗਿਆ ਗਰੇਡ ਪੇਅ ਮੁੜ ਤੋਂ 4600 ਰੁਪਏ ਕੀਤਾ ਜਾਵੇ। ਜਾਣਕਾਰੀ ਅਨੁਸਾਰ ਹੈ ਕਿ ਯੂਨਾਈਟਿਡ ਨਰਸਿੰਗ ਸਟਾਫ ਐਸੋਸੀਏਸ਼ਨ ਦੀ ਅਗਵਾਈ ਹੇਠਾਂ ਪਟਿਆਲਾ ਸਮੇਤ ਪੰਜਾਬ ਦੇ ਤਿੰਨੋਂ ਸਰਕਾਰੀ ਮੈਡੀਕਲ ਕਾਲਜਾਂ ਦੇ ਨਰਸਿੰਗ ਸਟਾਫ ਵੱਲੋਂ ਇਹ ਹੜਤਾਲ 26 ਮਾਰਚ ਤੋਂ ਸ਼ੁਰੂ ਕੀਤੀ ਗਈ ਸੀ ਜਿਸ ਤਹਿਤ ਅੱਜ ਵੀ ਉਨ੍ਹਾਂ ਨੇ ਕੰਮ ਦਾ ਬਾਈਕਾਟ ਕਰਦਿਆਂ ਮੁਕੰਮਲ ਹੜਤਾਲ ਰੱਖੀ ਅਤੇ ਸਰਕਾਰੀ ਰਾਜਿੰਦਰਾ ਹਸਪਤਾਲ ਕੰਪਲੈਕਸ ਦੇ ਅੰਦਰ ਧਰਨਾ ਵੀ ਦਿੱਤਾ। ਨਰਸਿਜ਼ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਰਮਨਜੀਤ ਗਿੱਲ ਸਮੇਤ ਹੋਰ ਆਗੂਆਂ ਦਾ ਕਹਿਣਾ ਸੀ ਕਿ ਆਪਣੀ ਮੰਗ ਮੰਨਵਾਉਣ ਤੱਕ ਉਹ ਇਹ ਸੰਘਰਸ਼ ਜਾਰੀ ਰੱਖਣਗੇ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ।

ਜ਼ਿਕਰਯੋਗ ਹੈ ਕਿ ਜ਼ਰੂਰੀ ਸੇਵਾਵਾਂ, ਖਾਸ ਕਰਕੇ ਸਿਹਤ ਸੇਵਾਵਾਂ ਨੂੰ ਲਗਾਤਾਰ ਜਾਰੀ ਰੱਖਣ ਲਈ ਸਰਕਾਰ ਹੜਤਾਲੀ ਨਰਸਿੰਗ ਸਟਾਫ਼ ਦੇ ਖਿਲਾਫ਼ ਐਸਮਾ ਐਕਟ ਦੇ ਅਧੀਨ ਕਾਰਵਾਈ ਕਰਨ ਦੀ ਬਕਾਇਦਾ ਧਮਕੀ ਹੀ ਨਹੀਂ ਪੱਤਰ ਵੀ ਜਾਰੀ ਕੀਤਾ ਹੋਇਆ ਹੈ ਜਿਸ ਤਹਿਤ ਹੜਤਾਲੀ ਮੁਲਾਜ਼ਮਾਂ ਦੇ ਖਿਲਾਫ਼ ਬਿਨਾਂ ਕਿਸੇ ਵੀ ਅਗਾਊਂ ਨੋਟਿਸ ਤੋਂ ਕਾਰਵਾਈ ਕੀਤੀ ਜਾ ਸਕਦੀ ਹੈ ਜਾਂ ਉਨ੍ਹਾਂ ਦੀ ਨੌਕਰੀ ਸਬੰਧੀ ਕੋਈ ਵੀ ਸਖ਼ਤ ਫੈਸਲਾ ਲਿਆ ਜਾ ਸਕਦਾ ਹੈ। ਇਸ ਸਬੰਧੀ ਭਾਵੇਂ ਕੱਲ੍ਹ ਅਧਿਕਾਰੀਆਂ ਨਾਲ ਮੀਟਿੰਗ ਵੀ ਹੋਈ ਸੀ ਪਰ ਉਹ ਬੇਸਿੱਟਾ ਰਹੀ।

# ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ 10 ਅਪ੍ਰੈਲ ਨੂੰ ਬਿਜਲੀ ਨਿਗਮ ਦੇ ਮੁੱਖ ਦਫਤਰ ਸਾਹਮਣੇ ਸਰਕਾਰ ਵਿਰੁੱਧ ਵਿਸ਼ਾਲ ਪ੍ਰਦਰਸ਼ਨ ਕਰਨਗੇ:ਬੱਲਪੁਰੀਆ




**ਪਟਿਆਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਸੱਦੇ ਤੇ 10 ਅਪ੍ਰੈਲ ਨੂੰ ਸਰਕਾਰ ਵਿਰੁੱਧ ਬਿਜਲੀ ਨਿਗਮ ਦੇ ਮੁੱਖ ਦਫਤਰ ਪਟਿਆਲਾ ਸਾਹਮਣੇ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਸਬੰਧੀ ਇੰਪਲਾਈਜ਼ ਫੈਡਰੇਸ਼ਨ ਚਾਹਲ ਨੇ ਉਪ ਮੰਡਲ, ਮੰਡਲ ਤੇ ਸਰਕਲ ਪੱਧਰ ਦੇ ਆਗੂਆਂ ਦੀ ਭਰਵੀ ਕਨਵੈਨਸ਼ਨ ਕੀਤੀ।ਕਨਵੈਨਸ਼ਨ ਦੀ ਪ੍ਰਧਾਨਗੀ ਜਥੇਬੰਦੀ ਦੇ ਸੁਬਾਈ ਪ੍ਰਧਾਨ ਗੁਰਵੇਲ ਸਿੰਘ ਬੱਲਪੁਰੀਆ ਨੇ ਕੀਤੀ।ਕਨਵੈਨਸ਼ਨ ਵਿੱਚ ਬੁਲਾਰਿਆਂ ਨੇ ਅਮਰੀਕਾ ਵੱਲੋ ਇਰਾਕ ਵਿਰੁੱਧ ਜੰਗ ਕਾਰਨ ਹੋ ਰਹੇ ਨਰ ਸੰਘਾਰ ਤੇ ਮਹਿੰਗਾਈ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।ਉਨ੍ਹਾ ਕਿਹਾ ਕਿ ਕੇਦਰ ਸਰਕਾਰ ਬਿਜਲੀ ਬਿੱਲ 2025 ਅਤੇ ਮਜਦੂਰ ਪੱਖੀ 29 ਲੇਬਰ ਕਾਨੂੰਨ ਖਤਮ ਕਰਕੇ ਚਾਰ ਨਵੇ ਲੇਬਰ ਕੋਡ ਨੂੰ ਇਕ ਅਪ੍ਰੈਲ ਤੋ ਲਾਗੂ ਕਰਕੇ ਮੁਲਾਜ਼ਮ ਤੇ ਲੋਕ ਵਿਰੋਧੀ ਫੈਸਲੇ ਕਰ ਰਹੀ ਹੈ।ਜਥੇਬੰਦੀ ਨੇ ਪੰਜਾਬ ਸਰਕਾਰ ਵੱਲੋ ਪੁਰਾਣੀ ਪੈਨਸ਼ਨ ਦੀ ਬਹਾਲੀ, 16# ਮਹਿੰਗਾਈ ਭੱਤੇ ਦੀ ਕਿਸਤਾਂ ਜਾਰੀ ਨਹੀ ਕੀਤੀਆਂ ਜਾ ਰਹੀਆਂ, ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਕਿਸ਼ਾਨਾ ਅਤੇ ਲੋਕਾਂ ਨਾਲ ਕੀਤੇ ਵਾਅਦੇ ਲਾਗੂ ਕਰਨ ਵਿੱਚ ਨਾਕਾਮ ਹੋਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕ ਰਾਜ ਨਾ ਦੀ ਕੋਈ ਚੀਜ ਨਹੀ ਹੈ।ਪੰਜਾਬ ਸਰਕਾਰ ਵੱਲੋ ਰਾਜ ਵਿੱਚ ਪੁਲੀਸ ਰਾਜ ਕਾਇਮ ਕਰਕੇ ਝੂਠੇ ਪੁਲੀਸ ਮੁਕਾਬਲੇ ਬਣਾਏ ਜਾ ਰਹੇ ਹਨ। ਸਰਕਾਰ ਵੱਲੋ ਕਿਸਾਨਾ ਅਤੇ ਮੁਲਾਜ਼ਮਾਂ ਦੇ ਪ੍ਰਦਰਸ਼ਨਾਂ ਤੇ ਲਾਠੀਚਾਰਜ਼ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਬਿਜਲੀ ਨਿਗਮ ਦੀ ਮਨੇਜਮੈਂਟ ਜਥੇਬੰਦੀਆਂ ਨਾਲ ਮੀਟਿੰਗਾ ਕਰਕੇ ਮੁਲਾਜ਼ਮਾਂ ਦੀਆ ਮੰਗਾ ਲਾਗੂ ਨਹੀ ਕਰ ਰਹੀ।ਕਨਵੈਨਸ਼ਨ ਨੂੰ ਜਥੇਬੰਦੀ ਦੇ ਸੁਬਾਈ ਆਗੂਆ ਪੂਰਨ ਸਿੰਘ ਖਾਈ,ਮਨਜੀਤ ਸਿੰਘ ਚਾਹਲ,ਹਰਬੰਸ ਸਿੰਘ ਦੀਦਾਰਗੜ੍ਹ, ਮਿਸਲ ਸਤਲੁੱਜ ਦੇ ਪ੍ਰਧਾਨ ਅਜੈਪਾਲ ਸਿੰਘ ਬਰਾੜ,ਅਮਰਿੰਦਰ ਸਿੰਘ ਤੁੜ, ਪੁਰਾਣੀ ਪੈਨਸ਼ਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਅਤਿੰਦਰਪਾਲ ਸਿੰਘ,ਇੰਪਲਾਈਜ ਫੈਡਰੇਸ਼ਨ ਦੇ ਸੁਬਾਈ ਆਗੂ ਰਾਮ ਚੰਦਰ ਸਿੰਘ ਖਾਈ, ਰਘਬੀਰ ਸਿੰਘ ਘੱਗਾ, ਹਰਵਿੰਦਰ ਸਿੰਘ ਚੱਠਾ, ਦਰਸ਼ਨ ਸਿੰਘ ਰਾਜੀਆਂ, ਪ੍ਰਤਾਪ ਸਿੰਘ ਸੁਖੇਵਾਲ, ਰਾਜਿੰਦਰ ਸਿੰਘ ਨਿਮਾ, ਸੁਖਦੇਵ ਸਿੰਘ ਖੁੱਡਾ, ਸਲਵਿੰਦਰ ਕੁਮਾਰ,ਬਲਜਿੰਦਰ ਸਿੰਘ ਬੱਲਰਾ, ਸੁਖਦੇਵ ਸਿੰਘ ਵਰਪਾਲ, ਰਵੀ ਕੁਮਾਰ ਲੋਂਗੋਵਾਲ, ਰਾਕੇਸ਼ ਕੁਮਾਰ, ਬਲਜੀਤ ਸਿੰਘ ਸੁਨਾਮ, ਪ੍ਰਭਜੋਤ ਸਿੰਘ, ਜੈਮਜ਼ ਭੱਟੀ, ਗੁਰਬਖਸੀਸ਼ ਸਿੰਘ, ਕਰਨੈਲ ਸਿੰਘ, ਪ੍ਰਿਤਪਾਲ ਸਿੰਘ ਲਾਡੀ, ਦਲਜੀਤ ਸਿੰਘ, ਅਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

# ਪਿੰਡ ਕਾਲਸ ਕਲਾਂ ਦੀ ਸੰਗਤ ਵੱਲੋਂ ਇਸ ਕੀਤੀ ਗਈ ਵੱਖਰੀ ਮਿਸਾਲ ਗ੍ਰੰਥੀ ਸੁਖਵਿੰਦਰ ਸਿੰਘ ਦਾ ਮੋਟਰਸਾਈਕਲ ਨਾਲ ਕੀਤਾ ਸਨਮਾਨ



**ਮਾਛੀਵਾੜਾ ਸਾਹਿਬ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਕਾਲਸ ਕਲਾਂ ਦੇ ਸਮੂਹ ਨਗਰ ਨਿਵਾਸੀਆਂ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਵਜੋਂ ਸੇਵਾ ਨਿਭਾ ਰਹੇ ਭਾਈ ਸੁਖਵਿੰਦਰ ਸਿੰਘ ਦਾ ਮੋਟਰਸਾਈਕਲ ਭੇਂਟ ਕਰਕੇ ਸਨਮਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਭਾਈ ਸੁਖਵਿੰਦਰ ਸਿੰਘ ਪਿਛਲੇ ਪੰਜ ਸਾਲਾਂ ਤੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ। ਗ੍ਰੰਥੀ ਭਾਈ ਸੁਖਵਿੰਦਰ ਸਿੰਘ ਵੱਲੋਂ ਪਿੰਡ ਵਿੱਚ ਕਈ ਵਾਰ ਅੰਮ੍ਰਿਤ ਸੰਚਾਰ ਕਰਵਾ ਕੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਹੁਣ ਫਿਰ ਇਕ ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਭਾਈ ਸੁਖਵਿੰਦਰ ਸਿੰਘ ਸਮੇਂ ਸਮੇਂ ਤੇ ਪੂਰੀ ਰਹਿਤ ਮਰਿਆਦਾ ਅਨੁਸਾਰ ਪਿੰਡ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਭਾਈ ਸੁਖਵਿੰਦਰ ਸਿੰਘ ਦੇ ਪਿਤਾ ਸਰਦਾਰ ਹੀਰਾ ਸਿੰਘ ਮਾਛੀਵਾੜਾ ਸਾਹਿਬ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੇਵਾ ਨਿਭਾ ਰਹੇ ਹਨ ਅਤੇ ਭਾਈ ਸੁਖਵਿੰਦਰ ਸਿੰਘ ਵੱਲੋਂ ਇਹ ਮੋਟਰਸਾਈਕਲ ਮਿਲਣ ਤੇ ਜਿੱਥੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸ਼ੁਕਰਾਨਾ ਕੀਤਾ ਉੱਥੇ ਪਿੰਡ ਦੀ ਸਮੂਹ ਸੰਗਤ ਦਾ ਇਹ ਮਾਣ ਸਨਮਾਨ ਦੇਣ ਤੇ ਧੰਨਵਾਦ ਕੀਤਾ। ਕਾਲਜ ਕਲਾਂ ਦੀ ਸੰਗਤ ਵੱਲੋਂ ਗੁਰੂ ਘਰ ਦੇ ਵਜ਼ੀਰ ਗ੍ਰੰਥੀ ਸਿੰਘ ਦਾ ਮਾਣ ਸਨਮਾਨ ਕਰਨ ਇਲਾਕੇ ਦੀਆਂ ਸੰਗਤਾਂ ਨੇ ਜਿੱਥੇ ਕਾਲਸ ਕਲਾਂ ਦੇ ਇਸ ਨਿਵੇਕਲੇ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ ਉੱਥੇ ਹੀ ਗ੍ਰੰਥੀ ਸਿੰਘ ਸੁਖਵਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ।

# ਸ੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਸੁਨਾਮ ਵੱਲੋਂ ਵਿਸ਼ਾਲ ਝੰਡਾ ਯਾਤਰਾ ਆਯੋਜਿਤ




**ਸੁਨਾਮ ਊਧਮ ਸਿੰਘ ਵਾਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਸੁਨਾਮ ਵੱਲੋਂ ਸ੍ਰੀ ਹਨੂਮਾਨ ਜੀ ਦੇ ਜਨਮ ਉਤਸਵ ਦੇ ਉਪਲੱਖ ਵਿੱਚ ਸ਼ਹਿਰ ਵਿੱਚ ਕਰਵਾਏ ਜਾ ਰਹੇ ਵਿਸ਼ਾਲ ਸਮਾਗਮ ਦੌਰਾਨ ਵਿਸ਼ਾਲ ਝੰਡਾ ਯਾਤਰਾ (ਧਵਜ ਯਾਤਰਾ) ਕੱਢੀ ਗਈ।

ਇਸ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਮੰਦਿਰ ਕਮੇਟੀ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਯੱਗ ਅਚਾਰਿਆ ਕੁਲਦੀਪ ਸ਼ਾਸਤਰੀ ਜੀ (ਲਹਿਰੇ ਵਾਲੇ) ਦੀ ਦੇਖ-ਰੇਖ ਹੇਠ 'ਸੰਕਟਮੋਚਨ ਯੱਗ' ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਵਿਕਾਸ ਗਰਗ (ਗੋਲੂ), ਰਾਕੇਸ਼ ਅਰੋੜਾ ਅਤੇ ਅਤੁਲ ਗੋਇਲ ਨੇ ਪਰਿਵਾਰ ਸਮੇਤ ਪੂਜਾ ਅਰਚਨਾ ਕਰਕੇ ਯੱਗ ਦੀ ਸ਼ੁਰੂਆਤ ਕੀਤੀ। ਸਮਾਗਮ ਦਾ ਮੁੱਖ ਆਕਰਸ਼ਣ ਵਿਸ਼ਾਲ ਝੰਡਾ ਯਾਤਰਾ ਹੈ ਜਿਸ ਦੌਰਾਨ ਸਾਰਾ ਹੀ ਸ਼ਹਿਰ ਭਗਵਾਮਈ ਹੋ ਗਿਆ। ਇਹ ਝੰਡਾ ਯਾਤਰਾ ਸਥਾਨਕ ਸ੍ਰੀ ਨੈਨਾ ਦੇਵੀ ਮੰਦਰ ਤੋਂ ਸ਼ੁਰੂ ਹੋਈ।

ਯਾਤਰਾ ਵਿੱਚ ਸ੍ਰੀ ਬਾਲਾਜੀ ਮਹਾਰਾਜ ਦੇ ਮੁੱਖ ਧਵਜ ਸਮੇਤ ਸ਼ਰਧਾਲੂਆਂ ਵੱਲੋਂ ਲਗਭਗ 2121 ਪਵਿੱਤਰ ਝੰਡੇ ਉਠਾਏ ਜਾਣਗੇ। ਪ੍ਰਬੰਧਕਾਂ ਨੇ ਮਾਤਾਵਾਂ-ਭੈਣਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਯਾਤਰਾ ਵਿੱਚ ਜ਼ਿਆਦਾਤਰ ਲਾਲ ਜਾਂ ਪੀਲੇ ਰੰਗ ਦੇ ਸੂਟ ਪਹਿਨ ਕੇ ਆਉਣ ਅਤੇ ਕਾਲੇ ਜਾਂ ਨੀਲੇ ਰੰਗ ਦੇ ਕੱਪੜਿਆਂ ਤੋਂ ਪਰਹੇਜ਼ ਕਰਨ।ਜਿਨ੍ਹਾਂ ਸ਼ਰਧਾਲੂਆਂ ਕੋਲ ਵਾਧੂ ਕੂਪਨ ਹਨ, ਉਹ ਮੰਦਰ ਜਾਂ ਮੈਂਬਰਾਂ ਨੂੰ ਵਾਪਸ ਕਰ ਦੇਣ ਤਾਂ ਜੋ ਦੂਜੇ ਸ਼ਰਧਾਲੂਆਂ ਨੂੰ ਦਿੱਤੇ ਜਾ ਸਕਣ। ਇਕ ਸ਼ਰਧਾਲੂ ਨੂੰ ਸਿਰਫ ਇਕ ਹੀ ਝੰਡਾ ਉਠਾਉਣ ਦੀ ਬੇਨਤੀ ਕੀਤੀ ਗਈ ਹੈ। ਇਹ ਯਾਤਰਾ ਸ੍ਰੀ ਨੈਨਾ ਦੇਵੀ ਮੰਦਰ ਤੋਂ ਸ਼ੁਰੂ ਹੋ ਕੇ ਸਿਨੇਮਾ ਚੌਂਕ, ਪੀਰਾਂ ਵਾਲਾ ਗੇਟ, ਪੁਰਾਣੀ ਅਨਾਜ ਮੰਡੀ, ਬੱਸ ਸਟੈਂਡ ਰੋਡ, ਅਗਰਸੈਨ ਚੌਂਕ, ਨਵਾਂ ਅੰਡਰ ਬ੍ਰਿਜ, ਵੀਡੀਓ ਬਲਾਕ ਵਾਲੀ ਗਲੀ, ਰਾਮੇਸ਼ਵਰ ਸ਼ਿਵ ਮੰਦਰ ਗਲੀ ਅਤੇ ਜਾਖਲ ਰੋਡ ਤੋਂ ਹੁੰਦੀ ਹੋਈ ਸ੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿਖੇ ਸੰਪੰਨ ਹੋਵੇਗੀ।

ਮੰਦਿਰ ਵਿੱਚ ਝੰਡੇ ਚੜ੍ਹਾਉਣ ਤੋਂ ਬਾਅਦ ਇਨ੍ਹਾਂ ਦੀ ਰੋਜ਼ਾਨਾ ਆਰਤੀ ਹੋਵੇਗੀ। ਸ਼ਰਧਾਲੂ 7 ਅਪ੍ਰੈਲ ਦਿਨ ਮੰਗਲਵਾਰ ਨੂੰ ਸ਼ਾਮ 4 ਵਜੇ ਤੋਂ ਬਾਅਦ ਮੰਦਰ ਤੋਂ ਆਪਣਾ ਝੰਡਾ ਵਾਪਸ ਪ੍ਰਾਪਤ ਕਰ ਸਕਦੇ ਹਨ। ਜਨਾਲੀਆ ਨੇ ਦੱਸਿਆ ਕਿ

ਇਸ ਯਾਤਰਾ ਵਿੱਚ ਸੁਨਾਮ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਿਰਕਤ ਕਰਨਗੀਆਂ। ਇਸ ਮੌਕੇ ਦੇਵਰਾਜ ਸਿੰਗਲਾ, ਹੈਪੀ ਗਰਗ, ਪ੍ਰਵੇਸ਼ ਅਗਰਵਾਲ, ਵਿਕਾਸ ਕਾਂਸਲ, ਕੇਸ਼ਵ ਗੁਪਤਾ, ਸ਼ੀਤਲ ਮਿੱਤਲ, ਸੋਨੂ ਨਾਗਰਾ, ਪਰਮਾਨੰਦ ਗਰਗ,ਸੰਜੀਵ ਨਾਗਰਾ,ਰਜਤ ਜੈਨ, ਕਮਲ ਠੇਕੇਦਾਰ, ਰਾਜੀਵ ਜੈਨ, ਵਰੁਣ ਕਾਂਸਲ, ਸੁਨੀਲ ਖੀਪਲਾ, ਲਵ, ਲੱਕੀ, ਗੌਤਮ, ਚਕਸ਼ੂ ਅਤੇ ਹੋਰ ਕਈ ਮੈਂਬਰਾਂ ਨੇ ਮਹਾਰਾਜ ਦਾ ਆਸ਼ੀਰਵਾਦ ਲਿਆ।

# ਘੱਗਰ 'ਚ ਹੜ੍ਹ ਦੀ ਸਮੱਸਿਆ ਹੱਲ ਕਰਨ ਲਈ ਸੰਜੀਦਾ ਨਹੀਂ ਸਰਕਾਰਾਂ: ਅੰਟਾਲ

**ਘਨੌਰ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸਾਹਿਬ ਮੰਜੌਲੀ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਗੁਰਸੇਵਕ ਸਿੰਘ ਅੰਟਾਲ ਨੇ ਪਾਰਟੀ ਆਗੂਆਂ ਤੇ ਸਥਾਨਕ ਲੋਕਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੀਂਹ ਦੇ ਮੌਸਮ ਵਿੱਚ ਹਲਕਾ ਘਨੌਰ ਵਰ੍ਹਿਆਂ ਤੋਂ ਹੜ੍ਹਾ ਦੀ ਮਾਰ ਦਾ ਝੱਲ ਰਿਹਾ ਹੈ ਪਰ ਕਿਸੇ ਵੀ ਰਾਜਸੀ ਪਾਰਟੀ ਦੀ ਸੂਬਾਈ ਜਾਂ ਕੇਂਦਰੀ ਹਕੂਮਤ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ। ਉਨ੍ਹਾਂ ਘੱਗਰ ਦੀ ਸਮੱਸਿਆ ਹੱਲ ਕਰਵਾਉਣ ਲਈ 11 ਮੈਂਬਰੀ ਕਮੇਟੀ ਵੀ ਬਣਾਈ।

ਵਿਧਾਨ ਸਭਾ ਚੋਣਾਂ ਲਈ ਘਨੌਰ ਹਲਕੇ ਤੋਂ ਸੰਭਾਵੀ ਉਮੀਦਵਾਰ ਗੁਰਸੇਵਕ ਅੰਟਾਲ ਦਾ ਕਹਿਣਾ ਸੀ ਕਿ ਉਹ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਇਸ ਮੁੱਦੇ ਨੂੰ ਉਭਾਰਨਗੇ। 11 ਮੈਂਬਰੀ ਵਿੱਚ ਗੁਰਸੇਵਕ ਅੰਟਾਲ, ਜੈ ਸਿੰਘ ਤੇ ਬਲਵਿੰਦਰ ਸਿੰਘ ਸਰਾਲਾ ਖੁਰਦ, ਕੇਸਰ ਸਿੰਘ ਮੰਜੌਲੀ, ਜਸਵੀਰ ਸਿੰਘ ਨਹੇੜੀ, ਈਸ਼ਵਰ ਸਿੰਘ ਸਨੌਲੀਆ, ਬਿੱਟੂ ਮੰਜੌਲੀ, ਮਨਦੀਪ ਸਿੰਘ ਡੱਬੂਆਂ, ਸੁਖਦੇਵ ਸਿੰਘ ਰਾਏਪੁਰ, ਸੁਰਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਬਘੌਰਾ ਨੂੰ ਸ਼ਾਮਲ ਕੀਤਾ ਗਿਆ। ਇਸ ਦੌਰਾਨ ਫ਼ੈਸਲਾ ਕੀਤਾ ਕਿ ਘੱਗਰ ਦਰਿਆ ਦੇ ਮੁੱਦੇ ਸਬੰਧੀ ਜਲਦੀ ਹੀ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।

## ਨਸ਼ਾ ਕਰਦਾ ਨੌਜਵਾਨ ਕਾਬੂ

**ਸਮਾਣਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਪੁਲੀਸ ਨੇ ਹੈਰੋਇਨ ਦਾ ਨਸ਼ਾ ਕਰਦੇ ਨੌਜਵਾਨ ਨੂੰ ਲਾਈਟਰ ਤੇ ਸਿਲਵਰ ਪੰਨੀ ਸਮੇਤ ਕਾਬੂ ਕਰ ਕੇ ਉਸ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਨੌਜਵਾਨ ਦੀ ਪਛਾਣ ਰਾਜ ਕੁਮਾਰ ਵਾਸੀ ਮੁਹੱਲਾ ਅਮਾਮਗੜ੍ਹ ਸਮਾਣਾ ਵਜੋਂ ਹੋਈ ਹੈ।

ਸਿਟੀ ਪੁਲੀਸ ਇੰਚਾਰਜ ਸਬ-ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਏ ਐੱਸ ਆਈ ਗੁਰਪ੍ਰੀਤ ਸਿੰਘ ਪੁਲੀਸ ਪਾਰਟੀ ਸਮੇਤ ਗਸ਼ਤ ਦੌਰਾਨ ਬੜੈਚਾਂ ਰੋਡ 'ਤੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਵਾਂ ਨੂਰਪੁਰਾ ਸਮਾਣਾ ਕੋਲ ਨਸ਼ਾ ਕਰ ਰਿਹਾ ਹੈ। ਪੁਲੀਸ ਪਾਰਟੀ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਉਸ ਕੋਲੋਂ ਇੱਕ ਲਾਈਟਰ ਤੇ ਇੱਕ ਸਿਲਵਰ ਪੰਨੀ ਬਰਾਮਦ ਹੋਣ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ।

# ਵਿਧਾਇਕ ਮਾਲੇਰਕੋਟਲਾ ਨੇ ਪੰਜਾਬ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਆਵਾਮ ਨਾਲ ਕੀਤੀਆਂ ਸਾਂਝੀਆਂ



**ਮਲੇਰਕੋਟਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਚਾਰ ਸਾਲ ਪੂਰੇ ਹੋਣ 'ਤੇ ਮਾਲੇਰਕੋਟਲਾ ਦੇ ਵਾਰਡ ਨੰਬਰ 2, 19 ਅਤੇ 20 ਵਿੱਚ ਕਰਵਾਏ ਗਏ ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ ਸਮਾਗਮ ਵਿੱਚ ਇਲਾਕਾ ਨਿਵਾਸੀਆਂ ਨਾਲ ਰੂ-ਬ-ਰੂ ਹੋ ਕੇ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਆਮ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵੱਲ ਇਤਿਹਾਸਕ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਚਾਰ ਸਾਲਾਂ ਵਿੱਚ ਹੀ ਪੂਰਾ ਕਰਕੇ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸਿਹਤ, ਸਿੱਖਿਆ, ਰੋਜ਼ਗਾਰ, ਉਦਯੋਗਿਕ ਵਿਕਾਸ ਅਤੇ ਬੁਨਿਆਦੀ ਢਾਂਚੇ ਸਮੇਤ ਹੋਰ ਪ੍ਰਮੁੱਖ ਖੇਤਰਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।

ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਜੋ ਕਿ 10 ਲੱਖ ਰੁਪਏ ਤੱਕ ਕਵਰ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਔਰਤਾਂ ਦਾ ਸਨਮਾਨ ਕਰਨ ਲਈ ਮਾਵਾਂ-ਧੀਆਂ ਸਤਿਕਾਰ ਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿੱਚ ਯੋਗ ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਯੋਗ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਪ੍ਰਦਾਨ ਕੀਤੇ ਜਾਣਗੇ। ਇਸ ਤੋਂ ਇਲਾਵਾ ਸੂਬੇ ਦੇ ਲਗਭਗ 90 ਪ੍ਰਤੀਸ਼ਤ ਘਰੇਲੂ ਖਪਤਕਾਰਾਂ 600 ਯੂਨਿਟ ਤੱਕ ਮੁਫ਼ਤ ਬਿਜਲੀ ਦਾ ਲਾਭ ਮਿਲ ਰਿਹਾ ਹੈ । ਉਨ੍ਹਾਂ ਕਿਹਾ ਕਿ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦੇ ਲਈ ਪੰਜਾਬ ਦੇ ਨੌਜਵਾਨ ਵਰਗ ਨੂੰ ਖੇਡਾਂ ਵੱਲ ਪਾਉਣ ਦੇ ਲਈ ਵੱਡੇ ਪੱਧਰ 'ਤੇ ਸਟੇਡੀਅਮ ਦੀ ਉਸਾਰੀ ਕੀਤੀ ਜਾ ਰਹੀ ਹੈ ਤਾਂ ਕਿ ਇੱਕ ਤੰਦਰੁਸਤ ਪੰਜਾਬ ਬਣਾਉਣ ਦੀ ਮੁਹਿੰਮ ਤਹਿਤ ਸੂਬੇ ਦੀ ਨੌਜਵਾਨ ਪੀੜ੍ਹੀ ਖੇਡ ਮੈਦਾਨ ਵੱਲ ਨੂੰ ਚੱਲ ਪਵੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਵੀ ਵੱਡੇ ਪੱਧਰ ਤੇ ਚੱਲ ਰਿਹਾ ਹੈ।

ਇਸ ਸਮਾਗਮ ਵਿੱਚ ਇਲਾਕਾ ਨਿਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਦਾ ਧੰਨਵਾਦ ਵੀ ਕੀਤਾ।

# ਪ੍ਰਾਈਵੇਟ ਬਿਲਡਿੰਗ ਲੇਬਰ ਕੰਟਰੈਕਟਰ ਯੂਨੀਅਨ ਦੀ ਸਲਾਨਾ ਚੋਣ



**ਪਟਿਆਲਾ, 31 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਹੋਟਲ ਵਿੱਚ ਪ੍ਰਾਈਵੇਟ ਬਿਲਡਿੰਗ ਲੇਬਰ ਕੰਟਰੈਕਟਰ ਯੂਨੀਅਨ ਦੀ ਸਲਾਨਾ ਚੋਣ ਅੰਬੂਜਾ ਸੀਮੈਂਟ ਕੰਪਨੀ ਦੇ ਸਹਿਯੋਗ ਨਾਲ ਕਰਵਾਈ ਗਈ ਪ੍ਰੋਗਰਾਮ ਦੀ ਸ਼ੁਰੂਆਤ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦੀ ਪ੍ਰਤਿਮਾ ਸਾਹਮਣੇ ਅਰਦਾਸ ਕਰਕੇ ਕੀਤੀ ਗਈ ਇਸ ਮੌਕੇ ਮੰਚ ਦਾ ਸੰਚਾਲਨ ਸਰਦਾਰ ਰਣਜੀਤ ਸਿੰਘ ਅਤੇ ਜਰਨੈਲ ਸਿੰਘ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪਿਛਲੇ ਸਾਲ ਦਾ ਲੇਖਾ ਜੋਖਾ ਖਜਾਨਚੀ ਸੁੱਚਾ ਸਿੰਘ ਵੱਲੋਂ ਦਿੱਤਾ ਗਿਆ ਅਤੇ ਜਨਰਲ ਸਕੱਤਰ ਕਰਮਜੀਤ ਸਿੰਘ ਵੱਲੋਂ ਪਿਛਲੇ ਸਾਲ ਜੋ ਵੀ ਠੇਕੇਦਾਰਾਂ ਦੀਆਂ ਮੁਸ਼ਕਿਲਾਂ ਸਨ ਉਹਨਾਂ ਬਾਰੇ ਵਿਸਤਾਰ ਵਿੱਚ ਦੱਸਿਆ ਗਿਆ।

ਯੂਨੀਅਨ ਦੀ ਸਲਾਹਕਾਰ ਜਗਜੀਤ ਸਿੰਘ ਸੱਗੂ ਵੱਲੋਂ ਆਪਣੇ ਸੰਬੋਧਨ ਦੌਰਾਨ ਠੇਕੇਦਾਰਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਅਤੇ ਉਹਨਾਂ ਦੇ ਹੱਲ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਔਰ ਇਹ ਫੈਸਲਾ ਵੀ ਕੀਤਾ ਗਿਆ ਕੀ ਯੂਨੀਅਨ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ ਕੇ ਯੋਗਦਾਨ ਪਾਇਆ ਜਾਵੇਗਾ ਬਹੁਤ ਹੀ ਜਲਦ ਯੂਨੀਅਨ ਵੱਲੋਂ ਬਲੱਡ ਡੋਨਰ ਡੇ ਤੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਏਗਾ ਅੰਬੂਜਾ ਕੰਪਨੀ ਵੱਲੋਂ ਜਸਬੀਰ ਸਿੰਘ ਇੰਜੀਨੀਅਰ ਦਲੀਪ ਮੌਰਿਆ ਨੇ ਸਾਂਝੇ ਤੌਰ ਤੇ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਠੇਕੇਦਾਰਾਂ ਨਾਲ ਸਲਾਹ ਮਸ਼ਵਰਾ ਕੀਤਾ।

ਇਸ ਮੌਕੇ ਪ੍ਰਧਾਨ ਹਰਪਾਲ ਸਿੰਘ ਵੱਲੋਂ ਆਪਣੀ ਸਾਰੀ ਕਮੇਟੀ ਭੰਗ ਕੀਤੀ ਗਈ ਅਤੇ ਕਾਰਜਕਾਰੀ ਪ੍ਰਧਾਨ ਸਰਦਾਰ ਜਗਤ ਸਿੰਘ ਜੀ ਨੂੰ ਬਣਾਇਆ ਗਿਆ ਇਹ ਚੋਣ ਸਲੈਕਸ਼ਨ ਦੁਆਰਾ ਕੀਤੀ ਜਾਂਦੀ ਹੈ ਆਏ ਹੋਏ ਸਾਰੇ ਠੇਕੇਦਾਰਾਂ ਵੱਲੋਂ ਸਰਬ ਸੰਮਤੀ ਨਾਲ ਪ੍ਰਧਾਨ ਸਰਦਾਰ ਹਰਪਾਲ ਸਿੰਘ ,ਚੇਅਰਮੈਨ ਸਰਦਾਰ ਭੁਪਿੰਦਰ ਸਿੰਘ, ਵਾਈਸ ਚੇਅਰਮੈਨ ਰਣਜੀਤ ਸਿੰਘ ਸਨੌਰ, ਸੀਨੀਅਰ ਮੀਤ ਪ੍ਰਧਾਨ ਰਾਮ ਕ੍ਰਿਸ਼ਨ ਰਲਹਨ ,ਮੀਤ ਪ੍ਰਧਾਨ ਕੁਲਵੰਤ ਸਿੰਘ, ਮੀਤ ਪ੍ਰਧਾਨ ਠੇਕੇਦਾਰ ਗੁਰਬਚਨ ਸਿੰਘ ਮੀਤ ਪ੍ਰਧਾਨ ਮਨਿੰਦਰ ਸਿੰਘ ,ਵਾਈਸ ਪ੍ਰਧਾਨ ਜਗਜੀਵਨ ਸਿੰਘ ,ਜਰਨਲ ਸੈਕਟਰੀ ਕਰਮਜੀਤ ਸਿੰਘ ,ਮੀਤ ਸੈਕਟਰੀ ਗੁਰਜੀਤ ਸਿੰਘ ,ਖਜਾਨਚੀ ਸੁੱਚਾ ਸਿੰਘ ,ਮੀਤ ਖਜਾਨਚੀ ਜਰਨੈਲ ਸਿੰਘ ,ਪ੍ਰੈਸ ਸੈਕਟਰੀ ਐਡਵਾਈਜ਼ਰ ਰਾਮ ਸਿੰਘ ਬੰਗ ,ਐਡਵਾਈਜ਼ਰ ਜਗਜੀਤ ਸਿੰਘ ਸੱਗੂ ,ਸਟੇਜ ਸੈਕਟਰੀ ਰਣਜੀਤ ਸਿੰਘ, ਆਫਿਸ਼ ਸੈਕਟਰੀ ਸੁਰਿੰਦਰ➧ ? ਮੋਹਨ ਮਲਹੋਤਰਾ ,ਐਜੈਕਟਿਵ ਮੈਂਬਰ ਨਿਰਮਲ ਸਿੰਘ ,ਜਸਪਾਲ ਸਿੰਘ ,ਭੂਸ਼ਣ ਜੀ, ਹਰਦਿਆਲ ਸਿੰਘ, ਸਟੈਂਡਿੰਗ ਮੈਂਬਰ ਬਲਕਾਰ ਸਿੰਘ ,ਅਜੈਬ ਸਿੰਘ ,ਤਰਸੇਮ ਸਿੰਘ ,ਰਾਮ ਸਿੰਘ, ਪਰਮਿੰਦਰ ਸਿੰਘ ਆਦ ਮੈਂਬਰ ਲਏ ਗਏ।

# ਪੰਜਾਬੀ ਬਾਲ ਸਾਹਿਤ ਵਿਚ ਉੱਘੜਵਾਂ ਨਾਂ ਸਤਪਾਲ ਭੀਖੀ



ਪ੍ਰੋ. ਨਵ ਸੰਗੀਤ ਸਿੰਘ
ਮੋਬਾਈਲ : 94176-92015

*ਸਤਪਾਲ ਭੀਖੀ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਨਾਲ ਇਕੋ ਸਮੇਂ ਜੁੜਿਆ ਹੋਇਆ, ਕਿਰਿਆਸ਼ੀਲ ਇਨਸਾਨ ਹੈ। ਉਸ ਨੇ ਬਾਲ-ਸਾਹਿਤ 'ਚ ਜ਼ਿਕਰਯੋਗ ਕੰਮ ਕੀਤਾ ਹੈ...*

ਸਤਪਾਲ ਭੀਖੀ ਮਾਨਸਾ ਜ਼ਿਲ੍ਹੇ ਦੇ ਪ੍ਰਸਿੱਧ ਕਸਬੇ ਭੀਖੀ ਦਾ ਵਸਨੀਕ ਹੈ। ਹੁਣ ਉਹ ਪਿਛਲੇ ਕਈ ਵਰ੍ਹਿਆਂ ਤੋਂ ਪਟਿਆਲੇ ਦੇ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਦਾ ਕਾਰਜ ਨਿਭਾ ਰਿਹਾ ਹੈ। ਉਂਜ ਉਹ ਆਪਣੇ ਪੈਤ੍ਰਿਕ ਨਗਰ ਭੀਖੀ ਵਿਖੇ ਗਾਹੇ-ਬਗਾਹੇ ਗੇੜਾ ਮਾਰਦਾ ਰਹਿੰਦਾ ਹੈ, ਜਿੱਥੋਂ ਦੀ ਨਵਯੁਵਾ ਸਾਹਿਤ ਕਲਾ ਮੰਚ ਦੀ ਸਥਾਪਨਾ ਲਈ ਉਹ ਨੇ ਅਹਿਮ ਯੋਗਦਾਨ ਪਾਇਆ ਹੈ।

ਸਤਪਾਲ ਭੀਖੀ ਇਕੋ ਹੀ ਸਮੇਂ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਨਾਲ ਜੁੜਿਆ ਹੋਇਆ, ਇਕ ਕ੍ਰਿਆਸ਼ੀਲ ਇਨਸਾਨ ਹੈ। ਉਸ ਨੇ ਬਾਲ-ਕਹਾਣੀਆਂ, ਬਾਲ-ਕਵਿਤਾਵਾਂ, ਅਨੁਵਾਦ ਅਤੇ ਸੰਪਾਦਕ ਵਜੋਂ ਜ਼ਿਕਰਯੋਗ ਕੰਮ ਕੀਤਾ ਹੈ, ਜਿਸ ਵਿਚ ਉਹ ਦੀਆਂ ਹੁਣ ਤਕ ਗਿਆਰਾਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚ **ਬਾਲ ਕਹਾਣੀਆਂ** : ਰਿੰਕੂ ਦੀ ਸ਼ਰਾਰਤ, ਜਾਨਵਰਾਂ ਦੀ ਬੈਠਕ। **ਬਾਲ ਕਵਿਤਾਵਾਂ** : ਮੇਲੇ ਜਾਵਾਂਗੇ, ਤਿੰਨ ਆੜੀ, ਸਾਰੇ ਅੱਖਰ ਬੋਲੇ, ਸਰਕਸ। **ਸੰਪਾਦਤ** : ਨਰਸਰੀ ਗੀਤ, ਫੁੱਲਾਂ ਦੀ ਕਿਆਰੀ-1 (ਦੋਵੇਂ ਬਾਲ ਕਾਵਿ ਸੰਗ੍ਰਹਿ), ਫੁੱਲਾਂ ਦੀ ਕਿਆਰੀ-2 ( ਬਾਲ ਕਹਾਣੀਆਂ)। **ਅਨੁਵਾਦ** : ਜੀਵਨ ਕਹਾਣੀ ਮੁਨਸ਼ੀ ਪ੍ਰੇਮ ਚੰਦ, ਮੁਨਸ਼ੀ ਪ੍ਰੇਮ ਚੰਦ ਦੀਆਂ ਸ੍ਰੇਸ਼ਟ ਬਾਲ ਕਹਾਣੀਆਂ ਸ਼ਾਮਿਲ ਹਨ।

ਭੀਖੀ ਨੇ ਖ਼ੁਦ ਤਾਂ ਬਾਲ-ਸਾਹਿਤ ਦੀ ਰਚਨਾ ਕੀਤੀ ਹੀ ਹੈ ਨਾਲੋ-ਨਾਲ ਛੋਟੇ ਬੱਚਿਆਂ ਵੱਲੋਂ ਰਚੇ ਸਾਹਿਤ ਦੀ ਸੰਪਾਦਨਾ ਵੀ ਬਾਖ਼ੂਬੀ ਕੀਤੀ ਹੈ। ਉਸ ਨੇ ਬਾਲ ਸਾਹਿਤ ਨੂੰ ਸੰਗ੍ਰਹਿਤ ਕਰਦਿਆਂ ਵੱਖ-ਵੱਖ ਪਿੰਡਾਂ/ਸ਼ਹਿਰਾਂ ਦੇ ਬੱਚਿਆਂ ਨਾਲ ਸੰਪਰਕ ਕਰ ਕੇ ਇਹ ਰਚਨਾਵਾਂ ਇਕੱਠੀਆਂ ਕੀਤੀਆਂ, ਜਿਸ ਵਿਚ ਪਟਿਆਲਾ, ਮਾਨਸਾ, ਰੋਪੜ, ਬਠਿੰਡਾ, ਫ਼ਿਰੋਜ਼ਪੁਰ, ਸੰਗਰੂਰ ਅਤੇ ਹੁਸ਼ਿਆਰਪੁਰ ਦੇ ਆਸ-ਪਾਸ ਦੇ ਬੱਚੇ ਸ਼ਾਮਿਲ ਹਨ।



ਭੀਖੀ ਦਾ ਵਿਚਾਰ ਹੈ ਕਿ ਬੱਚਿਆਂ ਕੋਲ ਸੁਪਨਿਆਂ ਅਤੇ ਕਲਪਨਾਵਾਂ ਦਾ ਅਮੁੱਕ ਭੰਡਾਰ ਹੁੰਦਾ ਹੈ ਤੇ ਇਹ ਆਪਣੇ ਖ਼ਿਆਲਾਂ ਨਾਲ ਧਰਤੀ-ਅੰਬਰ ਘੁੰਮ ਲੈਂਦੇ ਹਨ। ਬੱਚਿਆਂ ਦੀਆਂ ਸੰਪਾਦਿਤ ਕਵਿਤਾਵਾਂ ਵਿਚ ਫੁੱਲ, ਤਿੱਤਲੀ, ਪਸ਼ੂ-ਪੰਛੀ, ਆਲਾ-ਦੁਆਲਾ, ਮਾਂ ਅਤੇ ਅਧਿਆਪਕ ਜਿਹੇ ਵਿਸ਼ੇ ਸ਼ਾਮਲ ਹਨ, ਜਦ ਕਿ ਕਹਾਣੀਆਂ ਵਿਚ ਜਾਨਵਰ, ਜੰਗਲ, ਪਹਾੜ ਆਦਿ ਦੇ ਮਾਧਿਅਮ ਰਾਹੀਂ ਸਹਿਯੋਗ, ਚੰਗੇ ਕਾਰਜ, ਵਫ਼ਾਦਾਰੀ, ਜ਼ਿੰਮੇਵਾਰੀ, ਬਾਲ-ਸੱਧਰਾਂ ਅਦਿ ਦੀ ਬਾਤ ਪਾਈ ਗਈ ਹੈ।

ਉਹ ਛੋਟੇ ਬੱਚਿਆਂ ਨੂੰ ਲਿਖਣ ਲਈ ਪ੍ਰੇਰਨਾ ਦੇ ਕੇ ਉਨ੍ਹਾਂ ਵਿਚਲੀ ਸਾਹਿਤ-ਸੰਵੇਦਨਾ ਨੂੰ ਉਭਾਰਨ ਲਈ ਯਤਨਸ਼ੀਲ ਰਹਿੰਦਾ ਹੈ।

ਉਹ ਦੀ ਆਪਣੀ ਬੇਟੀ ਸੀਰਤਪਾਲ ਵੀ ਸਾਹਿਤ ਨਾਲ ਜੁੜੀ ਹੋਈ ਹੈ ਅਤੇ ਉਸ ਦੀਆਂ ਹੁਣ ਤਕ ਤਿੰਨ ਪੁਸਤਕਾਂ ਮੋਰ ਦਾ ਖੰਭ, ਮੇਰਾ ਸੁਪਨਾ, ਗੁਬਾਰੇ ਦੀ ਕਹਾਣੀ ਛਪ ਚੁਕੀਆਂ ਹਨ। ਸਤਪਾਲ ਭੀਖੀ ਰਚਿਤ ਪੁਸਤਕ 'ਜਾਨਵਰਾਂ ਦੀ ਬੈਠਕ' ਦੇ ਮੁੱਖ ਬੰਦ 'ਪਾਪਾ ਦੀ ਕਿਤਾਬ' ਵਿਚ ਸੀਰਤਪਾਲ ਲਿਖਦੀ ਹੈ, 'ਮੇਰੇ ਪਾਪਾ ਬੱਚਿਆਂ ਅਤੇ ਵੱਡਿਆਂ ਦੇ ਚੰਗੇ ਲੇਖਕ ਹਨ। ਪੜ੍ਹਨ-ਲਿਖਣ ਲਈ ਸਮਾਂ ਕੱਢਣਾ ਕੋਈ ਉਨ੍ਹਾਂ ਤੋਂ ਸਿਖੇ... ਪਾਪਾ ਕਿਸੇ ਚੀਜ਼ ਨੂੰ ਦੇਖਣ ਅਤੇ ਸੁਣਕੇ ਹੀ ਕੋਈ ਨਾ ਕੋਈ ਕਹਾਣੀ ਬਣਾ ਲੈਂਦੇ ਹਨ... ਸਿਰਫ਼ ਮੈਂ ਹੀ ਨਹੀਂ ਹੋਰ ਬਹੁਤ ਸਾਰੇ ਬੱਚੇ ਪਾਪਾ ਦੇ ਉਤਸ਼ਾਹਿਤ ਕਰਨ 'ਤੇ ਲਿਖਣ ਲੱਗੇ ਹਨ...।'

ਭੀਖੀ ਨੇ ਆਪਣੀਆਂ ਸਾਰੀਆਂ ਕਿਤਾਬਾਂ ਅਧਿਆਪਕਾਂ, ਮਾਂ ਬੋਲੀ ਪੰਜਾਬੀ ਅਤੇ ਬੱਚਿਆਂ ਵਲੋਂ ਸਿਰਜੇ ਕਾਲਪਨਿਕ ਸੰਸਾਰ ਨੂੰ ਸਮਰਪਿਤ ਕੀਤੀਆਂ ਹਨ, ਜਿਸ ਤੋਂ ਲੇਖਕ ਦੇ ਮਾਤ-ਭਾਸ਼ਾ ਪ੍ਰਤੀ ਪਿਆਰ ਦੀ ਨਿਸ਼ਾਨਦੇਹੀ ਹੁੰਦੀ ਹੈ। ਉਸ ਦਾ 'ਅੱਖਰਾਂ ਦਾ ਗੀਤ' ਮਾਤ-ਭਾਸ਼ਾ ਦੀ ਪੜ੍ਹਾਈ ਲਈ ਬੱਚਿਆਂ ਨੂੰ ਇਸ ਤਰ੍ਹਾਂ ਤਿਆਰ ਕਰਦਾ ਹੈ।

***ੳ ਅ ੲ ਸ ਹ ਮਿੱਤਰੋ,***
***ਪੜ੍ਹਨ ਦਾ ਤੱਕ ਲਵੋ ਲਾਹਾ ਮਿੱਤਰੋ...***
***ਸ਼ ਖ਼ ਗ਼ ਜ਼ ਫ਼ ਲ਼ ਜੀ,***
**ਮਿਲ ਕੇ ਪੜ੍ਹਾਂਗੇ ਨਹੀਂ ਰਹਿਣਾ 'ਕੱਲੇ ਜੀ।**

ਉਹ ਪਟਿਆਲੇ ਦੀ ਇਕ ਗ਼ੈਰ-ਸਰਕਾਰੀ ਸੰਸਥਾ 'ਤਾਰੇ ਭਲਕ ਦੇ ਬਾਲ ਪ੍ਰਤਿਭਾ ਮੰਚ' ਨਾਲ ਵੀ ਜੁੜਿਆ ਹੋਇਆ ਹੈ, ਜਿਸ ਦਾ ਮੁੱਖ ਮੰਤਵ ਪੁੰਗਰਦੇ ਬਾਲ ਲੇਖਕਾਂ ਨੂੰ ਵੱਧ ਤੋਂ ਵੱਧ ਸਾਹਿਤ-ਚੇਟਕ ਲਾਉਣੀ ਹੈ। ਇਸੇ ਸੰਸਥਾ ਵਲੋਂ 2015 'ਚ ਤਲਵੰਡੀ ਸਾਬੋ ਦੀ ਇਕ ਜ਼ਹੀਨ ਬੱਚੀ ਰੂਹੀ ਸਿੰਘ ਨੂੰ ਪਲੇਠਾ 'ਤਾਰੇ ਭਲਕ ਦੇ ਪੁਰਸਕਾਰ' ਦੇਣ ਦਾ ਐਲਾਨ ਹੋਇਆ ਤਾਂ ਸਤਪਾਲ ਭੀਖੀ ਆਪਣੇ ਕੁਝ ਸਾਹਿਤਕ-ਮਿੱਤਰਾਂ ਨਾਲ ਇਹ ਇਨਾਮ ਖ਼ੁਦ ਦੇਣ ਆਇਆ ਸੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਇਸ ਪ੍ਰਤਿਭਾਸ਼ਾਲੀ ਬਾਲ ਲੇਖਕ ਨੂੰ 'ਮਾਤਾ ਜਸਵੰਤ ਕੌਰ ਯਾਦਗਾਰੀ ਬਾਲ ਸਾਹਿਤ ਪੁਰਸਕਾਰ' ਦੇ ਕੇ ਨਿਵਾਜਿਆ ਗਿਆ ਹੈ। ਇਹ ਪੁਰਸਕਾਰ ਉਸ ਨੂੰ ਬੱਚਿਆਂ ਲਈ ਵਧੇਰੇ ਕਰਤਾਰੀ-ਸ਼ਕਤੀ ਨਾਲ ਲਿਖਣ ਲਈ ਪ੍ਰੇਰਿਤ ਕਰੇਗਾ, ਅਜਿਹਾ ਸਾਡਾ ਵਿਸ਼ਵਾਸ ਹੈ। •

## ਲੋਕਪੱਖੀ ਰੰਗਮੰਚ ਕਰਮੀ ਡਾ. ਸੁਰੇਸ਼ ਮਹਿਤਾ

ਕਹਿੰਦੇ ਨੇ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ। ਇਹ ਤਿੱਖੇ ਹੋਣੇ ਹੀ ਚਾਹੀਦੇ ਹਨ। ਜਿਸ ਸੂਲ ਦੇ ਦਾਦੇ ਹਰੀ ਭਗਤ ਅਤੇ ਤਾਏ ਰਤਨ ਚੰਦ ਨੇ ਮੁਲਕ ਦੀ ਆਜ਼ਾਦੀ ਲਈ ਤਸੀਹੇ ਝੱਲੇ। ਪਿਓ ਸਤਪਾਲ ਅਤੇ ਚਾਚਾ ਦਵਿੰਦਰ ਵੀ ਲੋਕਾਈ ਦੇ ਦਰਦ ਅਤੇ ਮੁਸੀਬਤਾਂ ਨੂੰ ਹਰਨ ਲਈ ਦਿਨ-ਰਾਤ ਇਕ ਕਰਦੇ ਰਹੇ। ਮਤਲਬ ਸਾਰੇ ਦਾ ਸਾਰਾ ਮਹਿਤਾ ਪਰਿਵਾਰ ਨਾਬਰਾਬਰੀ ਅਤੇ ਬੇਇਨਸਾਫ਼ੀ ਖਿਲਾਫ਼ ਜੰਗ ਲੜਦਾ ਆਇਆ ਹੈ ਤੇ ਆਪਣੀ ਤੀਜੀ ਪੀੜ੍ਹੀ, ਸੁਰੇਸ਼ ਰਾਹੀਂ ਹੁਣ ਤਕ ਲੜ ਰਿਹਾ ਹੈ। ਸੁਰੇਸ਼ ਮਹਿਤਾ ਜੋ ਆਪਣੀ ਲਿਆਕਤ ਅਤੇ ਤੀਖਣ ਬੁੱਧੀ ਕਾਰਨ ਐੱਮ.ਏ. ਪੰਜਾਬੀ, ਬੀ.ਐੱਡ, ਐੱਮ.ਫਿਲ. ਅਤੇ ਪੀ.ਐੱਚ.ਡੀ. ਕਰਕੇ ਡਾ. ਸੁਰੇਸ਼ ਮਹਿਤਾ ਦੇ ਤੌਰ 'ਤੇ ਪੰਜਾਬੀ ਰੰਗਮੰਚ ਅਤੇ ਸੱਭਿਆਚਾਰ ਦੇ ਖੇਤਰ ਵਿਚ ਇਕ ਜਾਣਿਆ-ਪਛਾਣਿਆ ਨਾਂ ਬਣ ਚੁੱਕਾ ਹੈ। ਆਮ ਤੌਰ 'ਤੇ ਕਲਾ ਦੇ ਕਿਸੇ ਵੀ ਖੇਤਰ ਭਾਵੇਂ ਉਹ ਕਲਮਕਾਰੀ, ਨਾਟਕਕਾਰੀ ਜਾਂ ਕਲਾਕਾਰੀ ਹੋਵੇ, ਵਿਚ ਸਰਗਰਮ ਵਿਅਕਤੀ ਨੂੰ ਉਸ ਦਾ ਪਰਿਵਾਰ ਅਤੇ ਆਲਾ-ਦੁਆਲਾ ਕੰਮ ਨਹੀਂ ਘੜੰਮ ਮੰਨਦਾ ਹੈ। ਪਰ ਜਿਨ੍ਹਾਂ ਨੂੰ ਨੇੜਲਿਆਂ ਖ਼ਾਸ ਤੌਰ 'ਤੇ ਉਸ ਦੀ ਜੀਵਨ ਸਾਥਣ ਦਾ ਸਹਿਯੋਗ ਅਤੇ ਹੁੰਗਾਰਾ ਮਿਲ ਜਾਵੇ ਉਸ ਨੂੰ ਭਾਗਾਂ ਵਾਲਾ ਸਮਝਿਆ ਜਾਂਦਾ ਹੈ। ਸੁਰੇਸ਼ ਆਪਣੀ ਲੋਕ-ਹਿਤੈਸ਼ੀ ਰੰਗਮੰਚੀ ਅਤੇ ਸਭਿਆਚਾਰਕ ਸਰਗਰਮੀਆਂ ਦੀ ਵਜ੍ਹਾ ਆਪਣੀ ਪਤਨੀ ਡਾ. ਜੀਵਨ ਜੋਤੀ ਸ਼ਰਮਾਂ ਨੂੰ ਮੰਨਦਾ ਹੈ। ਕਿਉਂਕਿ ਕੋਈ ਵੀ ਬੁਲੰਦੀ ਪਰਿਵਾਰ ਦੀ ਇਮਦਾਦ ਬਿਨਾਂ ਛੋਹੀ ਨਹੀਂ ਜਾ ਸਕਦੀ।



**ਡਾ. ਸੁਰੇਸ਼ ਜ਼ਹੀਨ ਕਲਾਕਾਰ ਤੇ ਸਮਰਪਿਤ ਅਧਿਆਪਕ ਹੈ। ਉਨ੍ਹਾਂ ਨੇ ਨੌਜੁਆਨੀ ਨੂੰ ਕਲਾ ਤੇ ਰੰਗਮੰਚ ਦੀ ਚੇਟਕ ਲਾਈ ਹੈ...**

ਡਾ. ਸੁਰੇਸ਼ ਮਹਿਤਾ ਜਿੰਨਾ ਉੱਤਮ ਅਤੇ ਜ਼ਹੀਨ ਕਲਾਕਾਰ ਹੈ ਓਨਾ ਹੀ ਸਮਰਪਿਤ ਅਧਿਆਪਕ ਹੈ। ਉਨ੍ਹਾਂ ਨੌਜੁਆਨੀ ਨੂੰ ਸਿੱਖਿਅਕ ਕਰਨ ਦੇ ਨਾਲ ਨਾਲ ਕਲਾ ਅਤੇ ਰੰਗਮੰਚ ਦੀ ਚੇਟਕ ਵੀ ਲਾਈ। ਡਾ. ਸੁਰੇਸ਼ ਮਹਿਤਾ ਦੀਨਾ ਨਗਰ ਵਰਗੇ ਸੰਵੇਦਨਸ਼ੀਲ ਸਰਹੱਦੀ ਇਲਾਕੇ ਵਿਚ ਪੰਜਾਬੀ ਨਾਟਕ ਦੀ ਮੋਢੀ ਨੌਰਾ ਰਿਚਰਡਜ਼ ਦੇ ਨਾਂ ਅਧੀਨ ਨਾਟ-ਮੰਡਲੀ ਸਥਾਪਤ ਕਰ ਕੇ ਲੋਕਾਈ ਦਾ ਦਰਦ ਬਿਆਨ ਦੇ ਪੰਜਾਬੀ ਰੰਗਮੰਚ ਅਤੇ ਲੋਕ-ਹਿਤੈਸ਼ੀ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬ ਭਰ ਵਿਚ ਦੱਬੇ-ਕੁਚਲੇ ਵਰਗ ਨੂੰ ਆਪਣੇ ਹੱਕਾਂ ਲਈ ਜਾਗਰੂਕ ਅਤੇ ਲਾਮਬੰਦ ਕਰ ਰਹੇ ਹਨ। ਡਾ. ਸੁਰੇਸ਼ ਮਹਿਤਾ ਇਪਟਾ, ਪੰਜਾਬ ਦੀਆਂ ਗਤੀਵਿਧੀਆਂ ਵਿਚ ਵੀ ਮੋਹਰਲੀਆਂ ਸਫ਼ਾਂ ਵਿਚ ਰਹਿ ਕੇ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ। ਪੰਜਾਬ ਵਿਚ ਕਾਲੇ ਦੌਰ-ਦੌਰਾਨ ਅੱਤਵਾਦੀਆਂ ਵੱਲੋਂ ਸ਼ਹੀਦ ਹੋਏ ਲੋਕ-ਹਿਤੈਸ਼ੀ ਆਗੂ ਕਾਮਰੇਡ ਮੰਗਤ ਸਿੰਘ ਰੂਪੋਵਾਲੀ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ 26 ਮਾਰਚ 2017 ਨੂੰ ਨਿਰੋਏ ਅਤੇ ਸੁਥਰੇ ਪੰਜਾਬੀ ਸੱਭਿਆਚਾਰ ਅਤੇ ਰੰਗਮੰਚ ਦੇ ਅਣਥੱਕ ਕਾਮੇ ਡਾ. ਸੁਰੇਸ਼ ਮਹਿਤਾ ਦਾ, ਸ਼ਹੀਦ ਕਾਮਰੇਡ ਮੰਗਤ ਰੂਪੋਵਾਲੀ ਯਾਦਗਾਰੀ ਮੰਚ ਵੱਲੋਂ ਸਨਮਾਨ ਕੀਤਾ ਜਾ ਰਿਹਾ ਹੈ।

• ਸੰਜੀਵਨ ਸਿੰਘ

## ਦੋ ਸ਼ਖ਼ਸੀਅਤਾਂ ਦਾ ਲੇਖਾ-ਜੋਖਾ 'ਜਿਨਾਹ ਬਨਾਮ ਮਹਾਤਮਾ ਗਾਂਧੀ'

• ਜਗਜੀਤ ਗਿੱਲ

ਜਿਵੇਂ ਕਿ ਨਾਂ ਤੋਂ ਹੀ ਪਤਾ ਲੱਗਦਾ ਹੈ, ਹੱਥਲੀ ਪੁਸਤਕ ਮੁਹੰਮਦ ਅਲੀ ਜਿਨਾਹ ਅਤੇ ਮਹਾਤਮਾ ਗਾਂਧੀ ਦੀ ਤੁਲਨਾ ਕਰਦੀ ਕਿਤਾਬ ਹੈ। ਇਹ ਤੁਲਨਾ ਉਨ੍ਹਾਂ ਦੇ ਸ਼ਖ਼ਸੀ ਤੇ ਸਮਾਜਿਕ ਸੁਭਾਅ ਦੇ ਨਾਲ-ਨਾਲ ਰਾਜਨੀਤਕ ਸੁਭਾਅ ਦੀ ਵੀ ਹੈ। ਭਾਰਤ ਵਿਚ ਜਿੱਥੇ ਮਹਾਤਮਾ ਗਾਂਧੀ ਨੂੰ 'ਮਹਾਤਮਾ' ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ ਉੱਥੇ ਜਿਨਾਹ ਨੂੰ ਪਾਕਿਸਤਾਨ ਦੇ ਜਨਮ ਦਾਤੇ ਵਜੋਂ ਇੱਜ਼ਤ ਦਿੱਤੀ ਜਾਂਦੀ ਹੈ। ਪ੍ਰੰਤੂ ਇਸ ਦੇ ਬਾਵਜੂਦ ਬਹੁਤ ਸਾਰੀਆਂ 'ਅੰਦਰ ਦੀਆਂ ਗੱਲਾਂ' ਇਸ ਕਿਤਾਬ ਵਿਚ ਉਜਾਗਰ ਹੋਈਆਂ ਹਨ ਜਿਹੜੀਆਂ ਇਨ੍ਹਾਂ ਦੋਵਾਂ ਸਿਆਸਤਦਾਨਾਂ ਦੇ ਪ੍ਰਚੱਲਿਤ ਇਖ਼ਲਾਕ ਨਾਲ ਮੇਚ ਨਹੀਂ ਖਾਂਦੀਆਂ ਤੇ ਸਾਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ।

ਦੋਹਾਂ ਨੇਤਾਵਾਂ ਦੇ ਜ਼ਿੱਦੀ ਸੁਭਾਅ ਨੇ ਹਿੰਦੋਸਤਾਨ ਨੂੰ ਦੋਫਾੜ ਹੀ ਨਹੀਂ ਕੀਤਾ ਸਗੋਂ ਇਕ ਅਜਿਹਾ ਖੱਪਾ ਵੀ ਪਾ ਦਿੱਤਾ ਜਿਹੜਾ ਹੁਣ ਤਕ ਵੀ ਨਹੀਂ ਮਿਟ ਸਕਿਆ ਸਗੋਂ ਹੋਰ ਵੀ ਡੂੰਘਾ ਹੋਇਆ ਹੈ। ਆਪੋ ਆਪਣੀ ਸਿਆਸੀ ਮਤਲਬਪ੍ਰਸਤੀ ਨੂੰ ਨਾਲ ਲੈ ਕੇ ਚੱਲਦਿਆਂ ਇਨ੍ਹਾਂ ਨੇਤਾਵਾਂ ਨੇ ਫ਼ਿਰਕੂ ਰੰਗਤ ਦੇ ਕੇ ਆਜ਼ਾਦੀ ਦੇ ਨਾਂ 'ਤੇ ਆਪਣੀਆਂ ਚਾਲਾਂ ਨੂੰ ਕੁਰਬਾਨੀਆਂ ਦੀ ਪਾਣ ਚੜ੍ਹਾ ਲਈ ਤੇ ਇਕ ਉਪਮਹਾਂਦੀਪ ਦੇ ਨਕਸ਼ੇ ਨੂੰ ਦੋ ਨਿੱਕੇ-ਨਿੱਕੇ ਦੇਸ਼ਾਂ ਵਿਚ ਵੰਡ ਦਿੱਤਾ। ਲੇਖਕ ਨੇ ਗਾਂਧੀ ਤੇ ਜਿਨਾਹ ਦਾ ਤੁਲਨਾਤਮਕ ਲੇਖਾ ਜੋਖਾ ਕਰ ਕੇ ਇਸ ਕਿਤਾਬ ਨੂੰ ਇਕ ਇਤਿਹਾਸਕ ਦਸਤਾਵੇਜ਼ ਬਣਾਉਣ ਦੀ ਕੋਸ਼ਿਸ਼ ਤਾਂ ਕੀਤੀ ਹੈ ਪ੍ਰੰਤੂ ਗਾਂਧੀ ਦੀ ਦੇਖਭਾਲ ਕਰਨ ਵਾਲੀ ਲੇਡੀ ਸੇਸਿਲਾ ਰਾਬਰਟਸ ਦੇ ਪੋਤਰੇ, ਇਸ ਕਿਤਾਬ ਦੇ ਲੇਖਕ ਰੌਡਰਿਕ ਮੈਥਿਊਜ਼ ਨੇ ਜਿੱਥੇ ਇਹ ਗੱਲਾਂ ਹੱਥਲੀ ਕਿਤਾਬ ਵਿਚ ਲਿਖਕੇ ਸਾਡੇ ਮਨਾਂ ਵਿੱਚੋਂ ਅੰਨ੍ਹੀ ਸ਼ਰਧਾ ਦੀ ਧੂੜ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਉੱਥੇ ਪੰਜਾਬੀ ਵਿਚ ਅਨੁਵਾਦ ਕਰਕੇ ਗੁਰਨਾਮ ਕੰਵਰ ਨੇ ਬੜਾ ਵਧੀਆ ਕੰਮ ਕੀਤਾ ਹੈ।




ਪ੍ਰੰਤੂ ਕਿਤਾਬ ਪੜ੍ਹਦਿਆਂ ਇਕ ਸ਼ੰਕਾ ਵਾਰ-ਵਾਰ ਉਤਪੰਨ ਹੁੰਦੀ ਹੈ ਕਿ ਇਹ ਕਿਤਾਬ ਗਾਂਧੀ ਤੇ ਜਿਨਾਹ ਦੀ ਤੁਲਨਾ ਤਾਂ ਕਰਦੀ ਹੈ ਪਰ ਪੱਲੜਾ ਗਾਂਧੀ ਵੱਲ ਨੂੰ ਉੱਲਾਰ ਕਿਉਂ ਹੈ? ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਲੇਖਕ ਮੈਥਿਊਜ਼ ਗਾਂਧੀ ਦੀਆਂ ਤਾਂ ਤਾਰੀਫ਼ਾਂ ਕਰਦਾ ਨਜ਼ਰ ਆਉਂਦਾ ਹੈ ਤੇ ਜਿਨਾਹ ਦੀਆਂ ਬਦਖੋਹੀਆਂ। ਉਂਝ ਤਾਂ ਪੁਸਤਕ ਦੇ ਸ਼ੁਰੂ ਵਿਚ ਹੀ ਲੇਖਕ ਸਾਫ਼ ਕਰ ਦਿੰਦਾ ਹੈ ਜਦੋਂ ਉਹ ਇਹ ਲਿਖਦਾ ਹੈ, "ਪੁਸਤਕ ਇਹ ਦਰਸਾਉਣ ਦੀ ਕੋਸ਼ਿਸ਼ ਕਰੇਗੀ ਕਿ ਜਿੱਨਾਹ ਨੂੰ ਆਮ ਤੌਰ 'ਤੇ ਜਿਵੇਂ ਚਿਤਰਿਆ ਜਾਂਦਾ ਹੈ, ਇਸ ਦੇ ਉਲਟ ਉਹ ਵਧੇਰੇ ਅਸੂਲਪ੍ਰਸਤ ਪਰ ਇਕ ਆਗੂ ਵਜੋਂ ਘੱਟ ਗੁਣਵਾਨ ਸਨ। ਪੁਸਤਕ ਵਿਚ ਦੂਜੇ ਪਾਸੇ ਗਾਂਧੀ ਦੇ ਚਿੱਤਰੇ ਗਏ ਬਿੰਬ ਨਾਲੋਂ ਕਿਤੇ ਵੱਧ ਸਿਆਸੀ ਹੋਣਾ, ਉਹ ਦੀ ਮਹੱਤਤਾ ਹੈ।

ਲੰਡਨ ਵਿਚ ਰਹਿਣ ਵਾਲਾ ਇਹ ਅੰਗਰੇਜ਼ ਲੇਖਕ ਕਿਤੇ ਨਾ ਕਿਤੇ ਜਿਨਾਹ ਦੇ ਰਾਜਨੀਤਕ ਯੋਗਦਾਨ ਤੋਂ ਉੱਚਾਟ ਹੋਇਆ ਪ੍ਰਤੀਤ ਹੁੰਦਾ ਹੈ। ਇਨ੍ਹਾਂ ਦੋਹਾਂ ਰਾਜਨੀਤਕ ਹਸਤੀਆਂ ਬਾਰੇ ਵੱਖ-ਵੱਖ ਲੇਖਕਾਂ, ਸਿਆਸਤਦਾਨਾਂ ਤੇ ਅੰਗਰੇਜ਼ ਹੁਕਮਰਾਨਾਂ ਦੇ ਵਿਚਾਰ ਦਿੰਦਿਆਂ ਉਹ ਜਿਨਾਹ ਬਾਰੇ ਪੇਸ਼ ਕੀਤੇ ਘਟੀਆ ਵਿਚਾਰਾਂ ਦਾ ਵੀ ਜ਼ਿਕਰ ਕਰਦਾ ਹੈ ਤੇ ਗਾਂਧੀ ਨੂੰ ਅਤਿ ਪੂਜਣਯੋਗ ਵਿਅਕਤੀ ਸਿੱਧ ਕਰਨ ਦੀ ਕੋਸ਼ਿਸ਼ 'ਚ ਹੈ।

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕਿਤਾਬ ਦਾ ਲੇਖਕ ਹਿੰਦੁਸਤਾਨ ਦੇ ਦੋ ਰਾਜਸੀ ਨੇਤਾਵਾਂ ਦੀ ਤੁਲਨਾ ਕਰਦਿਆਂ ਆਪਣੇ ਪੁਰਖਿਆਂ ਦੇ ਮਿੱਤਰ-ਸਬੰਧਾਂ ਵਾਲੇ ਲੋਕਾਂ ਪ੍ਰਤੀ ਅਭੋਲ ਹੀ ਉੱਲਾਰ ਹੋ ਜਾਂਦਾ ਹੈ। ਭਾਰਤ ਵਿਚ ਇਸ ਦੇ ਛਪਣ ਤੇ ਫਿਰ ਪੰਜਾਬੀ ਵਿਚ ਅਨੁਵਾਦ ਹੋਣ ਪਿੱਛੇ ਕਾਰਨ ਬੇਸ਼ੱਕ ਕੁਝ ਵੀ ਰਹੇ ਹੋਣ ਪਰ ਨਿਰਸੰਦੇਹ ਇਹ ਇਕ ਵਧੀਆ ਤੇ ਪੜ੍ਹਨਯੋਗ ਕਿਤਾਬ ਹੈ। •

## ਮਿੰਨੀ ਕਹਾਣੀ: ਕਰਮਾਂ ਵਾਲੇ

• ਰੋਹਿਤ ਸੋਨੀ ਸਾਦਿਕ



***ਉਹ ਆਪ ਤਾਂ ਘਰੋਂ ਸੇਵਾ ਕਰਨ ਲਈ ਬਾਬਾ ਜੀ ਦੇ ਡੇਰੇ ਆਇਆ ਹੋਇਆ ਸੀ ਤੇ ਪਿੱਛੇ ਉਸ ਦੀ ਘਰਵਾਲੀ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਕਰਦੀ ਸੀ...***

ਮੰਗਤੂ ਕਾਫੀ ਦਿਨਾਂ ਤੋਂ ਡੇਰੇ ਦੀ ਬਣ ਰਹੀ ਇਮਾਰਤ ਵਿਚ ਸੇਵਾਦਾਰ ਵਜੋਂ ਇੱਟਾਂ ਦੀ ਰੋੜੀ ਕੁੱਟ ਰਿਹਾ ਸੀ। ਉਸ ਵਾਂਗ ਹੋਰ ਵੀ ਸੇਵਾਦਾਰ ਸੇਵਾ ਕਰ ਰਹੇ ਸਨ। ਡੇਰੇ ਦੇ ਪ੍ਰਬੰਧਕ ਆ ਕੇ ਦੱਸ ਗਏ ਕਿ ਅੱਜ ਬਾਬਾ ਜੀ ਸਾਰੇ ਸੇਵਾਦਾਰਾਂ ਨੂੰ ਦਰਸ਼ਨ ਦੇਣ ਲਈ ਆ ਰਹੇ ਹਨ। ਸਾਰੇ ਸੇਵਾਦਾਰਾਂ ਵਿਚ ਇਕ ਖ਼ੁਸ਼ੀ ਦਾ ਮਾਹੌਲ ਸੀ। ਸਾਰੇ ਬਾਬਾ ਜੀ ਦੇ ਦਰਸ਼ਨਾਂ ਦੀ ਤਾਂਘ ਮਨ ਵਿਚ ਲਈ ਸੇਵਾ ਕਰ ਰਹੇ ਸਨ। ਉਸੇ ਵੇਲੇ ਇਕ ਬੱਤੀ ਵਾਲੀ ਗੱਡੀ ਆਪਣੇ ਨਾਲ ਹੋਰ ਕਈ ਗੱਡੀਆਂ ਸਮੇਤ ਡੇਰੇ ਵਿਚ ਪਹੁੰਚੀ । ਗੱਡੀ ਵਿੱਚੋਂ ਬਾਬਾ ਜੀ ਆਪਣੇ ਗੰਨਮੈਨਾਂ ਨਾਲ ਉੱਤਰੇ ਅਤੇ ਫੁੱਲਾਂ ਨਾਲ ਸਜੀ ਸਟੇਜ ਵੱਲ ਜਾਣ ਲੱਗੇ ਤਾਂ ਸਾਰੇ ਸੇਵਾਦਾਰ 'ਬਾਬਾ ਜੀ ਦੀ ਜੈ ਹੋ' ਦੇ ਨਾਅਰੇ ਲਾਉਣ ਲੱਗ ਪਏ। ਕੁਝ ਕੁ ਤਾਂ ਜ਼ਮੀਨ 'ਤੇ ਲਿਟ ਕੇ ਬਾਬਾ ਜੀ ਦੇ ਦੂਰੋਂ ਹੀ ਚਰਨ ਸਪਰਸ਼ ਕਰਕੇ ਆਸ਼ੀਰਵਾਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਬਾਬਾ ਜੀ ਨੇ ਸਟੇਜ 'ਤੇ ਪੁੰਹਚਦਿਆਂ ਹੀ ਮਾਇਕ ਵਿਚ ਬੋਲਣਾ ਸ਼ੁਰੂ ਕੀਤਾ। "ਭਾਈ ਤੁਸੀਂ ਸਾਰੇ ਕਰਮਾਂ ਵਾਲੇ ਹੋ ਜੋ ਇਸ ਗੁਰੂ ਘਰ ਦੀ ਸੇਵਾ ਵਿਚ ਲੱਗੇ ਹੋਏ ਹੋ। ਪਰਮਾਤਮਾ ਤੁਹਾਨੂੰ ਸਭ ਨੂੰ ਤੁਹਾਡੀ ਸੇਵਾ ਦਾ ਫਲ਼ ਜ਼ਰੂਰ ਦੇਵੇਗਾ"।

ਬਾਬਾ ਜੀ ਦੀਆਂ ਗੱਲਾਂ ਸੁਣ ਕੇ ਮੰਗਤੂ ਸੋਚਾਂ ਵਿਚ ਪੈ ਗਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਬਾਬਾ ਜੀ ਦੇ ਵੱਖ-ਵੱਖ ਸ਼ਹਿਰਾਂ ਵਿਚ ਬਣੇ ਡੇਰਿਆਂ ਵਿਚ ਸੇਵਾ ਕਰ ਚੁੱਕਾ ਹੈ ਅਤੇ ਬਾਬਾ ਜੀ ਦੇ ਅਜਿਹੇ ਪ੍ਰਵਚਨ ਵੀ ਕਈ ਵਾਰ ਸੁਣ ਚੁੱਕਾ ਸੀ। ਪਰ ਉਸ ਦੇ ਕੱਪੜੇ ਅੱਜ ਵੀ ਫਟੇ ਹੋਏ ਤੇ ਮੈਲੇ ਸਨ। ਉਹ ਆਪ ਤਾਂ ਘਰੋਂ ਸੇਵਾ ਕਰਨ ਲਈ ਬਾਬਾ ਜੀ ਦੇ ਡੇਰੇ ਆਇਆ ਹੋਇਆ ਸੀ ਤੇ ਪਿੱਛੇ ਉਸ ਦੇ ਘਰਵਾਲੀ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਹੀ ਸੀ। ਉਸ ਦੇ ਘਰ ਦੀ ਹਾਲਤ ਜਿਉਂ ਦੀ ਤਿਉਂ ਹੀ ਸੀ, ਫਿਰ ਉਹ ਕਰਮਾਂ ਵਾਲਾ ਕਿਵੇਂ ਹੋਇਆ? ਪਰ ਬਾਬਾ ਜੀ ਦੀ ਪਿਛਲੇ ਸਾਲਾਂ ਵਿਚ ਕਾਫੀ ਚੜ੍ਹਾਈ ਹੋ ਗਈ ਸੀ। ਬਾਬਾ ਜੀ ਦਾ ਚਿੱਟਾ ਬਾਣਾ ਤੇ ਗੱਡੀਆਂ ਦਾ ਲਾਮ ਲਸ਼ਕਰ ਦੇਖ ਕੇ ਮੰਗਤੂ ਨੂੰ ਲੱਗਾ ਕਿ ਪਰਮਾਤਮਾ ਵੀ ਉਨ੍ਹਾਂ ਨਾਲ ਠੱਗੀ ਮਾਰ ਰਿਹਾ ਹੈ। ਉਨ੍ਹਾਂ ਦੀ ਸੇਵਾ ਦਾ ਫਲ਼ ਇਨ੍ਹਾਂ ਬਾਬਿਆਂ ਨੂੰ ਦੇ ਰਿਹਾ ਹੈ। ਬਾਬਾ ਜੀ ਦਾ ਭਾਸ਼ਣ ਛੱਡ ਮੰਗਤੂ ਆਪਣੇ ਕੱਪੜੇ ਝਾੜਦਿਆਂ ਘਰ ਵੱਲ ਨੂੰ ਹੋ ਤੁਰਿਆ। ਸ਼ਾਇਦ ਉਸ ਨੂੰ ਸਮਝ ਆ ਗਈ ਸੀ ਕਿ ਅਸਲ ਕਰਮਾਂ ਵਾਲੇ ਕੌਣ ਹਨ। •

## ਅਦਬਨਾਮਾ ਖ਼ਾਲਸਾ ਕਾਲਜ ਅੰਮ੍ਰਿਤਸਰ



ਡਾ. ਜਸਵੀਰ ਸਿੰਘ ਸਰਨਾ
ਮੋਬਾਈਲ : 99065-66604

### ਗਹਿਲ ਸਿੰਘ

ਸ. ਗਹਿਲ ਸਿੰਘ ਇਕ ਚੰਗੇ ਅਨੁਵਾਦਕ ਸਨ। ਉਨ੍ਹਾਂ ਦਾ ਜਨਮ 1874 ਈ. ਵਿਚ ਪਿੰਡ ਤਲਵੰਡੀ ਮੱਲ੍ਹੀਆਂ, ਜ਼ੀਰਾ (ਫ਼ਿਰੋਜ਼ਪੁਰ) ਵਿਚ ਹੋਇਆ। 1899 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਕੇ, ਗਿਆਨੀ ਦਾ ਇਮਤਿਹਾਨ ਵੀ ਚੰਗੇ ਨੰਬਰ ਲੈ ਕੇ ਪਾਸ ਕੀਤਾ। ਖ਼ਾਲਸਾ ਕਾਲਜ ਸਕੂਲ ਵਿਚ ਕਾਫ਼ੀ ਵਰ੍ਹੇ ਅਧਿਆਤਮਕ ਅਧਿਆਪਕ ਲੱਗੇ ਰਹੇ।

ਇਹ ਉਹ ਸਮਾਂ ਸੀ ਜਦੋਂ ਐੱਮ. ਏ. ਮੈਕਾਲਿਫ ਆਪਣੀ ਪੁਸਤਕ 'ਦੀ ਸਿੱਖ ਰੀਲੀਜਨ' ਲਿਖ ਰਹੇ ਸਨ। ਉਸ ਨੇ ਸ. ਗਹਿਲ ਸਿੰਘ ਨੂੰ ਆਪਣਾ ਸਹਾਇਕ ਰੱਖ ਲਿਆ। ਮੈਕਾਲਿਫ਼ ਸਾਹਿਬ ਉਸ ਨੂੰ ਪਰੂਫ਼ ਰੀਡਿੰਗ ਵਾਸਤੇ ਲੰਡਨ ਲੈ ਜਾਣਾ ਚਾਹੁੰਦੇ ਸਨ। ਪਰ ਸ. ਗਹਿਲ ਸਿੰਘ ਸਿੱਖੀ ਤੋਂ ਪਤਿੱਤ ਹੋਣ ਦੇ ਡਰ ਤੋਂ ਇਨਕਾਰ ਕਰ ਗਏ। ਮੈਕਾਲਿਫ਼ ਸਾਹਿਬ ਦੀ ਸਿਫ਼ਾਰਸ਼ ਉੱਤੇ ਹੀ ਸ. ਗਹਿਲ ਸਿੰਘ ਨੂੰ 1904 ਈ. ਵਿਚ ਰਿਆਸਤ ਪਟਿਆਲਾ ਨੇ 150 ਰੁਪਏ ਉੱਤੇ ਨੌਕਰੀ ਦੇ ਦਿੱਤੀ। ਇਸ ਨੌਕਰੀ 'ਤੇ ਉਹ 1932 ਈ. ਤਕ ਰਹੇ ਅਤੇ ਨਾਜ਼ਮ ਦੀ ਪਦਵੀ ਪ੍ਰਾਪਤ ਕੀਤੀ। 1932 ਈ. ਵਿਚ ਸੇਵਾ ਮੁਕਤ ਹੋਣ ਤੋਂ ਦੋ ਸਾਲ ਬਾਅਦ ਆਪਣੇ ਜੱਦੀ ਪਿੰਡ ਆ ਕੇ ਸਿੱਖ ਧਰਮ ਅਤੇ ਵਿੱਦਿਆ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਕਰਨਾ ਸ਼ੁਰੂ ਕੀਤਾ। ਪਹਿਲੀ ਜੰਗ ਸਮੇਂ 'ਪੰਜਾਬ ਢੰਡੋਰਾ' ਹੇਠ ਉਮਰ ਖ਼ਿਆਮ ਦੀਆਂ 126 ਫ਼ਾਰਸੀ ਰੁਬਾਈਆਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਤੇ ਇਨ੍ਹਾਂ ਸਾਰੀਆਂ ਰੁਬਾਈਆਂ ਨੂੰ ਉਨ੍ਹਾਂ ਦੇ ਸਪੁੱਤਰ ਸ. ਕਰਤਾਰ ਸਿੰਘ ਸੰਘਾ ਨੇ 'ਉਮਰ ਖ਼ਿਆਮ ਦੀ ਭੱਠੀ' ਦੇ ਨਾਂ ਹੇਠ 1950 ਵਿਚ ਪ੍ਰਕਾਸ਼ਤ ਕੀਤਾ। ਇਨ੍ਹਾਂ ਦਾ ਦੇਹਾਂਤ 26 ਦਸੰਬਰ 1948 ਈ. ਨੂੰ ਹੋਇਆ।

### ਕਰਮ ਸਿੰਘ ਹਿਸਟੋਰੀਅਨ

ਸ. ਕਰਮ ਸਿੰਘ ਹਿਸਟੋਰੀਅਨ ਅਜਿਹੀ ਰੂਹ ਸੀ ਜਿਸ ਨੇ ਸਾਰੀ ਜਵਾਨੀ ਖੋਜ ਅਤੇ ਦੇਸ਼ ਘੁੰਮਣ ਵਿਚ ਲਾ ਦਿੱਤੀ। ਉਨ੍ਹਾਂ ਨੇ ਸਿੱਖ ਤਵਾਰੀਖ਼ ਨੂੰ ਵਿਗਿਆਨਕ ਤਰੀਕੇ ਨਾਲ ਕਲਮਬੰਦ ਕੀਤਾ। ਆਪ ਦੀ ਲੇਖਣੀ ਵਿਚ ਜਿੱਥੇ ਸਪਸ਼ਟਤਾ ਹੈ ਉੱਥੇ ਕਲਮ ਦੀ ਰਵਾਨਗੀ ਬਾ-ਕਮਾਲ ਦੀ ਹੈ।



ਆਪ ਦਾ ਜਨਮ ਮਾਰਚ 1884 ਈ. ਨੂੰ ਸ. ਝੰਡਾ ਸਿੰਘ ਦੇ ਘਰ ਪਿੰਡ ਝਬਾਲ (ਅੰਮ੍ਰਿਤਸਰ) ਵਿਚ ਹੋਇਆ। ਤਰਨਤਾਰਨ ਸਕੂਲ ਤੋਂ ਦਸਵੀਂ ਪਾਸ ਕਰਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋ ਗਏ। ਕੁਝ ਦੇਰ ਬਾਅਦ ਕਾਲਜ ਛੱਡ ਕੇ ਤਵਾਰੀਖ਼ ਦੀ ਖੋਜ ਵਿਚ ਥਾਂ-ਥਾਂ ਜਾ ਕੇ ਬਿਰਧ ਬਾਬਿਆਂ ਤੋਂ ਮਸਾਲਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਇਕ ਵਾਰ ਮੁਸਲਮਾਨੀ ਭੇਸ ਧਾਰ ਕੇ ਮੱਕੇ-ਮਦੀਨੇ ਜਾਣ ਦਾ ਯਤਨ ਕੀਤਾ ਤਾਂ ਜੋ ਗੁਰੂ ਨਾਨਕ ਸਾਹਿਬ ਬਾਰੇ ਖੋਜ ਕੀਤੀ ਜਾਵੇ ਪਰ ਸਫ਼ਲ ਨਾ ਹੋਏ। ਆਪ ਦੀਆਂ ਪ੍ਰਕਾਸ਼ਤ ਪੁਸਤਕਾਂ ਵਿੱਚੋਂ ਵਿਸ਼ੇਸ਼ ਹਨ। ਬੰਦਾ ਸਿੰਘ ਬਹਾਦਰ, ਬਾਬਾ ਆਲਾ ਸਿੰਘ, ਅਮਰ ਖ਼ਾਲਸਾ, ਜੀਵਨ ਬੀਬੀ ਸਦਾ ਕੌਰ, ਜੀਵਨ ਬੀਬੀ ਹਰਨਾਮ ਕੌਰ, ਗੁਰਪੁਰਬ ਨਿਰਣੈ, ਬੰਦਾ ਕੌਣ ਸੀ, ਗੁਰੂ ਗਾਥਾ, ਬਹੁਮੁੱਲੇ ਇਤਿਹਾਸਕ ਲੇਖ, ਸਰਦਾਰ ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ ਆਦਿ। ਆਪ ਦਾ ਦੇਹਾਂਤ 10 ਸਤੰਬਰ 1930 ਨੂੰ ਹੋਇਆ।

### ਕਰਤਾਰ ਸਿੰਘ ਕਲਾਸਵਾਲੀਆ

ਸ. ਕਰਤਾਰ ਸਿੰਘ ਕਲਾਸਵਾਲੀਆ ਅਜਿਹੇ ਕਵੀ ਹੋਏ ਹਨ ਜਿਨ੍ਹਾਂ ਨੇ ਪੰਜਾਬੀ ਸਰੋਤਿਆਂ ਨੂੰ ਬੈਂਤਾਂ ਰਾਹੀਂ ਸਿੱਖ ਇਤਿਹਾਸ ਦੀਆਂ ਸੁਨਹਿਰੀ ਰਵਾਇਤਾਂ ਤੋਂ ਜਾਣੂ ਕਰਾਉਣ ਦਾ ਮਹਾਨ ਉਪਰਾਲਾ ਕੀਤਾ। ਠੇਠ ਪੰਜਾਬੀ ਵਿਚ ਰਚੇ ਵਿਭਿੰਨ ਛੰਦਾ ਦੀ ਭਰਮਾਰ ਉਸ ਦਾ ਮੀਰੀ ਗੁਣ ਹੈ। ਇਨ੍ਹਾਂ ਦੀਆਂ ਸਾਰੀਆਂ ਪੁਸਤਕਾਂ 1920-50 ਈ. ਤਕ ਬਹੁਤ ਮਕਬੂਲ ਹੋਈਆਂ।

ਕਰਤਾਰ ਸਿੰਘ ਦਾ ਜਨਮ 1882 ਈ. ਨੂੰ ਪਿਤਾ ਸ. ਜਗਤ ਸਿੰਘ ਪੈਨਸ਼ਨਰ ਦੇ ਘਰ ਪਿੰਡ ਕਲਾਸਵਾਲ, ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਉਹ ਪਸਰੂਰ ਦੇ ਹਾਈ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਲੱਗੇ ਰਹੇ ਅਤੇ ਕੁਝ ਵਰ੍ਹੇ ਲਾਹੌਰ ਦੀ ਮੁਫ਼ੀਦ-ਏ-ਆਮ ਪ੍ਰੈਸ ਵਿਚ ਆਦਿ ਗ੍ਰੰਥ ਸਾਹਿਬ ਅਤੇ ਹੋਰ ਪੰਜਾਬੀ ਪੁਸਤਕਾਂ ਦੀ ਪਰੂਫ਼ ਰੀਡਿੰਗ ਕਰਦੇ ਰਹੇ। ਕੁਝ ਦੇਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਧਰਮ ਦੇ ਅਧਿਆਪਕ ਵੀ ਰਹੇ। ਕਾਲਜ ਛੱਡ ਕੇ ਫ਼ੌਜ ਵਿਚ ਭਰਤੀ ਹੋਏ ਅਤੇ 1908 ਵਿਚ ਸੰਤਾਲੀ ਸਿੱਖ ਰੈਜੀਮੈਂਟ ਦੇ ਗ੍ਰੰਥੀ ਸਿੰਘ ਨਿਯੁਕਤ ਹੋਏ। ਅਕਾਲੀ ਲਹਿਰ ਸਮੇਂ ਫ਼ੌਜ ਦੀ ਨੌਕਰੀ ਛੱਡ ਕੇ ਅੰਮ੍ਰਿਤਸਰ ਆ ਗਏ ਅਤੇ 1936 ਤਕ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ-ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਨੇ ਪੰਜਾਬੀ ਵਿਚ ਤਿੰਨ ਦਰਜਨ ਤੋਂ ਜ਼ਿਆਦਾ ਪੁਸਤਕਾਂ ਲਿਖੀਆਂ। ਆਪ ਦਾ ਦੇਹਾਂਤ 22 ਫਰਵਰੀ 1952 ਵਿਚ ਹੋਇਆ। •

## ਮੇਰੇ ਖ਼ਿਆਲ ਸੁਰ ਚੁਣੋ

ਮੇਰੇ ਖ਼ਿਆਲੋ ਸੁਰ ਚੁਣੋ
ਇਕ ਗੀਤ ਦਾ ਮੁਖੜਾ ਬੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾਂ ਦੀ ਪੀੜ ਹੀ ਪੁਣੋ...

ਜਿੰਦਾਂ 'ਚੋਂ ਲੈ ਉਦਾਸੀਆਂ
ਪੌਣਾਂ ਫਿਰਨ ਹਿਰਾਸੀਆਂ
ਇਸ ਦੁਖਦੀ-ਦੁਖਦੀ ਪੌਣ ਦੇ
ਸਾਹਾਂ ਦੀਆਂ ਹਾਵਾਂ ਪੁਣੋ...

ਅਸਾਂ ਬੀਜ ਪਾਏ ਸਾਹਾਂ ਦੇ
ਉੱਗੇ ਬਿਰਖ ਗਲ-ਫਾਹਾਂ ਦੇ
ਐਸੇ ਅਜੀਬ ਦੌਰ ਵਿਚ
ਮਿੱਟੀ ਦਾ ਹੁਣ ਰੁਦਨ ਸੁਣੋ...

ਪਰਛਾਵਿਆਂ ਦੇ ਰੰਗ ਦੇ
ਰੁੱਤਾਂ ਨੂੰ ਲੱਗੇ ਰੋਗ ਕਈ
ਕਿਸੇ ਟੂਣੇ ਦੇ ਅੱਖਰ ਖੁਣੋ...

ਨਫ਼ਰਤਾਂ ਦੇ ਰਾਗ ਵਿਚ
ਪੀੜਾਂ ਦੇ ਸੰਘਣੇ ਬਾਗ਼ ਵਿਚ
ਖਿੱਲਰ ਕੇ ਗੁੰਮੀ ਜ਼ਿੰਦਗੀ ਦਾ
ਤਾਣਾ ਬਾਣਾ ਫਿਰ ਬੁਣੋ...

ਮੇਰੇ ਖ਼ਿਆਲੋ ਸੁਰ ਚੁਣੋ
ਇਕ ਗੀਤ ਦਾ ਮੁੱਖੜਾ ਚੁਣੋ..।



• ਅਰਤਿੰਦਰ ਸੰਧੂ, ਮੋਬਾਈਲ : 98153-02081

## ਔਰਤ ਪੁੱਛਦੀ ਹੈ

ਮੈਂ ਜੰਮੇਂ ਤੇਰੇ ਘਰ ਦੇ ਵਾਰਿਸ,
ਤੂੰ ਮੈਨੂੰ ਕੋਈ ਘਰ ਨਈਂ ਦਿਤਾ।

ਤਿੰਨਾਂ ਰਿਸ਼ਤਿਆਂ ਵਿਚ ਮੈਂ ਰੋਲੀ,
ਬੈਠਣ ਲਈ ਕੋਈ ਦਰ ਨਈਂ ਦਿਤਾ।

ਪ੍ਰਦਰਸ਼ਨ ਹੋਣ ਨੰਗੇਜ਼ ਮੇਰੇ ਦੇ,
ਉੱਡਣ ਲਈ ਕੋਈ ਪਰ ਨਈਂ ਦਿਤਾ।

ਛਮਕ-ਛੱਲੋ ਜਾਂ ਕਹਿਣ ਪਟੋਲਾ,
ਪਰ ਹਾਣ ਮੇਰੇ ਦਾ ਵਰ ਨਈਂ ਦਿਤਾ।

ਸ਼ਰਮ ਹਯਾ 'ਚਰਨਜੀਤ' ਦੇ ਲੇਖੇ,
ਬੰਦਿਆਂ ਨੂੰ ਕੋਈ ਡਰ ਨਈਂ ਦਿਤਾ।



• ਚਰਨਜੀਤ ਕੌਰ ਧਾਲੀਵਾਲ (ਜਰਮਨੀ)
ਮੋਬਾਈਲ : 004915223343737

## ਰੋਟੀ ਖ਼ਾਤਰ

ਰੋਟੀ ਖ਼ਾਤਰ ਨਿਕਲੇ, ਸੁੰਨੇ ਛੱਡ ਮਕਾਨ।
ਰੋਟੀ ਮਿਲੀ ਖਾਣ ਨੂੰ ਪਰ ਗੁੰਮ ਗਈ ਪਛਾਣ।

ਵੇਚ ਜ਼ਮੀਰਾਂ ਖਾ ਲਈਆਂ, ਗਹਿਣੇ ਧਰੇ ਇਮਾਨ।
ਅੰਦਰੋਂ ਹੋ ਗਏ ਖੋਖਲੇ, ਛੱਡਿਆ ਨਹੀਂ ਗੁਮਾਨ।

ਹਵਾ, ਪਾਣੀ ਤੇ ਧਰਤ ਦਾ, ਰੱਜ ਕੀਤਾ ਅਪਮਾਨ।
ਪੌਣ ਜ਼ਹਿਰੀਲੀ ਹੋ ਗਈ, ਗਹਿਰ ਚੜ੍ਹੀ ਅਸਮਾਨ।

ਮਹਿਲ ਨੁਮਾਂ ਨੇ ਕੋਠੀਆਂ, ਭਰੀਆਂ ਨਾਲ ਸਮਾਨ,
ਸੱਭੇ ਵਸਤਾਂ ਸਾਂਭੀਆਂ, ਬਿਖ਼ਰ ਗਿਆ ਇਨਸਾਨ।

ਹਰ ਰਿਸ਼ਤਾ ਹੈ ਸਹਿਕਦਾ, ਲੱਭ ਰਿਹਾ ਪਛਾਣ।
ਦੇਖ ਬੰਦੇ ਦੀਆਂ ਹੋਣੀਆਂ, ਰੁੱਖ ਡਾਹਢੇ ਪਰੇਸ਼ਾਨ।

ਮਾਨਵਤਾ ਹੈ ਮਰ ਰਹੀ, ਕਿੱਧਰ ਗਏ ਵਿਦਵਾਨ।
ਸੋਚਾਂ ਹੋਈਆਂ ਬੌਣੀਆਂ, ਠਾਕੀ ਗਈ ਜ਼ੁਬਾਨ।

ਚਿਹਰੇ ਪੀਲੇ ਪੈ ਗਏ, ਹੱਡੀਆਂ ਵਿਚ ਨਾ ਜਾਨ।
ਵੇਖ ਕੇ ਮਾਵਾਂ ਝੁਰਦੀਆਂ, ਹੋਏ ਪੁੱਤ ਜਵਾਨ।



• ਸੰਤੋਸ਼ ਸੰਧੀਰ, ਮੋਬਾਈਲ : 81465-03872

## ਕੋਸ਼ਿਸ਼

ਸੋਚਾਂ ਦੇ ਸਮੁੰਦਰਾਂ 'ਚ ਡੁੱਬ ਡੁੱਬ ਕੇ
ਸੁੱਚੇ ਮੋਤੀ ਲੱਭਣੇ ਨੇ
ਕੁਝ ਪੈ ਗਏ ਫੁੱਲ ਬੂਟਿਆਂ ਨੂੰ
ਅਜੇ ਕੁਝ ਬੀਜ ਦੱਬਣੇ ਨੇ

ਹੈ ਖ਼ਾਹਿਸ਼ ਜੇਕਰ ਬਹਾਰਾਂ ਦੀ
ਕੁਝ ਪਤਝੜ ਤਾਂ ਕੱਢਣੇ ਨੇ
ਬੂਰ ਆਪੇ ਹੀ ਆ ਪੈਣਾ
ਇਹ ਟਾਹਣੇ ਫਿਰ ਤੋਂ ਲੱਦਣੇ ਨੇ



• ਬਲਜੀਤ ਕੌਰ ਤਲਵੰਡੀ, ਮੋਬਾਈਲ : 92177-68857

## ਬਸੰਤ

ਰੁੱਤ ਰਾਜਾ ਬਸੰਤ ਹੈ ਆਇਆ,
ਚਾਰ ਚੁਫੇਰਾ ਹੈ ਨਸ਼ਿਆਇਆ।

ਰੰਗਾਂ ਨੇ ਹੈ ਜਗ ਰੁਸ਼ਨਾਇਆ,
ਆਪਣਾ ਸ਼ਾਲ ਬਸੰਤ ਫੈਲਾਇਆ ।

ਧਰਤੀ ਦੀ ਕੈਨਵਸ 'ਤੇ ਉਸ ਨੇ,
ਕੁਦਰਤ ਦਾ ਸੁਹਣਾ ਰੂਪ ਬਣਾਇਆ ।

ਖ਼ੁਸ਼ਬੋਆਂ ਨਾਲ ਪੌਣਾਂ ਮਹਿਕਣ,
ਲੱਗੀਆਂ ਸੁਕੀਆਂ ਟਹਿਣੀਆਂ ਟਹਿਕਣ।

ਚਿੜੀਆਂ ਲੱਗੀਆਂ ਸ਼ਗਨ ਮਨਾਉਣ,
ਚੀਂ ਚੀਂ ਕਰ ਵਿਹੜੇ ਮਹਿਕਾਉਣ।

ਇਹ ਬਹਾਰਾਂ ਕਦੇ ਨਾ ਮੁਕਣ,
ਫੁੱਲ ਧਰਤ ਤੋਂ ਕਦੇ ਨਾ ਸੁਕਣ ।

ਪਤਝੜ ਕਦੇ ਨਾ ਹੋਵੇ ਹਾਵੀ ,
ਰੱਬਾ ਓਹ ਦਿਨ ਨਾ ਵਿਖਾਵੀਂ।



• ਨੀਤਾ ਮੈਨਰੋ

## ਗ਼ਜ਼ਲ

ਟੁਕੜੇ ਟੁਕੜੇ ਹੋਈ ਚਾਹਤ ਸਾਂਭੀ ਬੈਠੇ ਆਂ।
ਦਿਲ ਵਿਚ ਤੇਰੀ ਖ਼ਾਤਰ ਉਲਫ਼ਤ ਸਾਂਭੀ ਬੈਠੇ ਆਂ।

ਸੱਜਣ ਲੱਭੀਏ ਰੋਜ਼ ਨਵੇਂ ਸਾਨੂੰ ਆਦਤ ਨਾ,
ਇਕ ਨਾਲ ਨਿਭਾਉਣੇ ਦੀ ਫਿਤਰਤ ਸਾਂਭੀ ਬੈਠੇ ਆਂ।

ਸੱਚੇ ਸੌਦੇ ਨਾਲ ਕਮਾਈ ਸੀ ਜੋ ਨਾਨਕ ਨੇ,
ਨੀਅਤ ਵਿਚ ਹਾਲੇ ਉਹ ਬਰਕਤ ਸਾਂਭੀ ਬੈਠੇ ਆਂ।

ਸਭ ਦੀ ਮੰਗੀਏ ਹਰਦਮ ਖ਼ੈਰ ਦੁਆਵਾਂ ਅੰਦਰ,
ਬਾਬਾ ਤੇਰੀ ਅਜੇ ਵਿਰਾਸਤ ਸਾਂਭੀ ਬੈਠੇ ਆਂ।

ਜੇ ਖ਼ਾਮੋਸ਼ ਰਹੇ ਤਾਂ ਬੁਜ਼ਦਿਲ ਹੀ ਨਾ ਸਮਝ ਲਿਓ,
'ਹਰਮੇਲ' ਲਹੂ ਵਿਚ ਹਾਲੇ ਹਰਕਤ ਸਾਂਭੀ ਬੈਠੇ ਆਂ।



• ਹਰਮੇਲ ਪਰੀਤ, ਮੋਬਾਈਲ : 94173 33316

## ਪ੍ਰਾਪਤ ਪੁਸਤਕਾਂ



| | |
|---|---|
| ਪੁਸਤਕ | : ਦਸਮੇਸ਼ ਪ੍ਰਕਾਸ਼ |
| ਮੁੱਖ ਸੰਪਾਦਕ | : ਰੂਪ ਸਿੰਘ (ਡਾ.) |
| ਪੰਨੇ | : 583 ਮੁੱਲ : 200/- |
| ਪ੍ਰਕਾਸ਼ਕ | : ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ। |



| | |
|---|---|
| ਪੁਸਤਕ | : ਤੇਰੀਆਂ-ਮੇਰੀਆਂ ਬਾਤਾਂ |
| ਲੇਖਕ | : ਰਘਬੀਰ ਸਿੰਘ ਮਹਿਮੀ |
| ਪੰਨੇ | : 167 ਮੁੱਲ : 200/- |
| ਪ੍ਰਕਾਸ਼ਕ | : ਪੰਜਾਬੀ ਸਾਹਿਤ ਪ੍ਰਕਾਸ਼ਨ, ਸੰਗਰੂਰ। |

## ਭਾਸ਼ਾ ਵਿਭਾਗ ਨੇ 'ਗੁਰਮੁਖੀ ਲਿਪੀ: ਚਿੰਤਨ ਤੇ ਪੁਨਰ-ਚਿੰਤਨ' ਵਿਸ਼ੇ 'ਤੇ ਕਰਵਾਇਆ ਦੋ ਰੋਜ਼ਾ ਸਮਾਗਮ

# ਭਾਸ਼ਾ ਵਿਭਾਗ ਵੱਲੋਂ ਹਰ ਸਾਲ ਖਡੂਰ ਸਾਹਿਬ ਵਿਖੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਨੂੰ ਸਮਰਪਿਤ ਸਮਾਗਮ ਕਰਵਾਇਆ ਜਾਵੇਗਾ : ਜਸਵੰਤ ਸਿੰਘ ਜ਼ਫ਼ਰ

**ਤਰਨਤਾਰਨ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ, ਖਡੂਰ ਸਾਹਿਬ ਵਿਖੇ ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ, ਤਰਨ ਤਾਰਨ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਕਾਲਜ ਮੈਨੇਜਮੈਂਟ ਕਮੇਟੀ, ਖਡੂਰ ਸਾਹਿਬ ਦੇ ਵਿਸ਼ੇਸ਼ ਸਹਿਯੋਗ ਨਾਲ ਦੋ ਰੋਜ਼ਾ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਪਹਿਲੇ ਦਿਨ ਜਗਤਾਰ ਸਿੰਘ ਸੋਖੀ ਅਤੇ ਅਰਸ਼ਦੀਪ ਸਿੰਘ ਸੋਖੀ ਦੀ ਅਗਵਾਈ ਹੇਠ ਪੰਜਾਬੀ ਅੱਖਰਕਾਰੀ ਕਾਰਜਸ਼ਾਲਾ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਅੱਖਰਾਂ ਦੀ ਬਣਤਰ ਅਤੇ ਬਣਾਵਟ ਬਾਰੇ ਵਿਦਿਆਰਥੀਆਂ ਨੂੰ ਬਰੀਕੀ ਨਾਲ ਨੁਕਤੇ ਦੱਸੇ ਗਏ।

ਸਮਾਗਮ ਦੇ ਦੂਜੇ ਦਿਨ ਗੁਰਮੁਖੀ ਲਿਪੀ ਦੇ ਸਰੋਤ, ਵਿਕਾਸ ਅਤੇ ਸਮਕਾਲੀ ਚਿੰਤਨ ਦੇ ਪ੍ਰਸੰਗ ਵਿੱਚ ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ਕ ਸ. ਜਸਵੰਤ ਸਿੰਘ ਜ਼ਫ਼ਰ ਦੀ ਪ੍ਰਧਾਨਗੀ ਹੇਠ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਮੁੱਖ ਵਿਸ਼ਾ 'ਗੁਰਮੁਖੀ ਲਿਪੀ: ਚਿੰਤਨ, ਪੁਨਰ-ਚਿੰਤਨ' ਸੀ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਭਾਸ਼ਾ ਵਿਭਾਗ ਦੀ ਧੁਨੀ ਦੇ ਗਾਇਨ ਨਾਲ ਕੀਤੀ ਗਈ। ਬੀ.ਐੱਡ. ਕਾਲਜ ਦੇ ਪ੍ਰਿੰਸੀਪਲ ਡਾ. ਸਿਮਰਪ੍ਰੀਤ ਕੌਰ ਨੇ ਆਏ ਹੋਏ ਵਿਦਵਾਨਾਂ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਸੈਮੀਨਾਰ ਦੀ ਰੂਪ-ਰੇਖਾ ਸਾਂਝੀ ਕੀਤੀ। ਇਸ ਮੌਕੇ ਸੂਬੇਦਾਰ ਬਾਬਾ ਬਲਬੀਰ ਸਿੰਘ ਨੇ ਵਾਤਾਵਰਨ ਦੇ ਪ੍ਰਦੂਸ਼ਣ ਨੂੰ ਸਮਾਜਿਕ ਜੀਵਨ ਨਾਲ ਜੋੜਦਿਆਂ ਇਕ ਅਰਥਪੂਰਨ ਕਵਿਤਾ ਪੇਸ਼ ਕੀਤੀ ਅਤੇ ਭਾਸ਼ਾ ਦੀ ਵਰਤਮਾਨ ਸਥਿਤੀ 'ਤੇ ਚਿੰਤਾ ਪ੍ਰਗਟਾਈ।

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਸੈਮੀਨਾਰ ਦੇ ਸਰੋਕਾਰਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ



ਅਧਿਆਪਕਾਂ/ਵਿਦਿਆਰਥੀਆਂ ਨੂੰ ਪਿੰਡਾਂ ਦੀਆਂ ਲਾਇਬ੍ਰੇਰੀਆਂ ਲਈ 'ਪੁਸਤਕ ਦਾਨ ਮਹਾਂ ਦਾਨ ਮੁਹਿੰਮ' ਤਹਿਤ ਪੁਸਤਕਾਂ ਦਾਨ ਕਰਨ ਲਈ ਬੇਨਤੀ ਕੀਤੀ।

ਪ੍ਰਮੁੱਖ ਵਕਤਾ ਤੇ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਸੁਖਵਿੰਦਰ ਸਿੰਘ ਸੰਘਾ ਨੇ ਗੁਰਮੁਖੀ ਲਿਪੀ ਦੀ ਇਤਿਹਾਸਕ ਵਿਲੱਖਣਤਾ ਅਤੇ ਵਿਗਿਆਨਕ ਬਣਤਰ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਗੁਰੂ ਅੰਗਦ ਦੇਵ ਜੀ ਨੇ ਲਿਪੀ ਨੂੰ ਸੋਧ ਕੇ ਇਕਸਾਰਤਾ ਪ੍ਰਦਾਨ ਕੀਤੀ। ਉਨ੍ਹਾਂ ਨੇ 'ਸ' ਅਤੇ 'ਹ' ਨੂੰ ਪਹਿਲੀ ਕਤਾਰ ਵਿੱਚ ਰੱਖਣ ਦੇ ਵਿਗਿਆਨਕ ਆਧਾਰ ਦੀ ਵਿਆਖਿਆ ਕੀਤੀ ਅਤੇ ਵੱਖ-ਵੱਖ ਵਿਦਵਾਨਾਂ ਦੇ ਹਵਾਲਿਆਂ ਨਾਲ ਸਿੱਧ ਕੀਤਾ ਕਿ ਗੁਰਮੁਖੀ ਪੰਜਾਬੀ ਭਾਸ਼ਾ ਲਈ ਸਭ ਤੋਂ ਢੁਕਵੀਂ ਲਿਪੀ ਹੈ। ਉਨ੍ਹਾਂ ਕਿਹਾ ਕਿ ਇਸ ਪੈਂਤੀ ਅੱਖਰੀਂ ਵਿੱਚ ਬਦਲਾਵ ਨਹੀਂ ਕਰਨੇ ਚਾਹੀਦੇ ਕਿਉਂਕਿ ਇਸ ਨੂੰ ਧਾਰਮਿਕ ਸਰਪ੍ਰਸਤੀ ਵੀ ਹਾਸਿਲ ਹੈ ਜਿਸ ਕਰਕੇ ਇਸ ਦੀ ਮੌਲਿਕਤਾ ਅਤੇ ਵਿਗਿਆਨਿਕਤਾ ਕਾਇਮ ਰੱਖਣੀ ਜ਼ਰੂਰੀ ਹੈ। ਉਨ੍ਹਾਂ ਅਜੋਕੇ ਸਮੇਂ ਵਿੱਚ ਗੁਰਮੁਖੀ ਦੇ ਡਾਟਾ ਨੂੰ ਅਮੀਰ ਕਰਨ ਲਈ ਇਸ ਨੂੰ ਇਲੈਕਟ੍ਰਾਨਿਕ ਮੀਡੀਆ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਖਡੂਰ ਸਾਹਿਬ ਦੀ ਧਰਤੀ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਸਾਹਿਬ ਬਾਲ-ਬੋਧ ਪੜ੍ਹਾਉਂਦੇ ਸਨ। ਉਨ੍ਹਾਂ ਦੱਸਿਆ ਕਿ ਗੁਰਮੁਖੀ ਲਿਪੀ 'ਫੋਨੈਮਿਕ' (ਇਕ ਧੁਨੀ, ਇਕ ਅੱਖਰ) ਦੇ ਸਿਧਾਂਤ 'ਤੇ ਅਧਾਰਤ ਹੈ, ਜਿਸ ਕਾਰਨ ਇਹ ਦੁਨੀਆ ਦੀਆਂ ਹੋਰਨਾਂ ਲਿਪੀਆਂ ਨਾਲੋਂ ਵੱਖਰੀ ਤੇ ਪੂਰਨ ਹੈ। ਉਨ੍ਹਾਂ ਗੁਰਬਾਣੀ ਦੇ ਅਧਿਆਤਮਕ ਪ੍ਰਵਚਨ, ਗੁਰੂ ਸਾਹਿਬਾਨ ਦੀ ਭਾਸ਼ਾ-ਸ਼ੈਲੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਿੱਚ ਲਿਪੀ ਦੇ ਮਹੱਤਵ ਬਾਰੇ ਵੀ ਵਿਸਥਾਰ ਵਿੱਚ ਦੱਸਿਆ। ਇਸ ਤੋਂ ਇਲਾਵਾ ਉਹਨਾਂ ਨੇ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ, ਅੱਖਰਾਂ ਦੇ ਉਚਾਰਨ, ਮੁਹਾਰਨੀ ਅਤੇ ਉਨ੍ਹਾਂ ਦੇ ਅਕਾਰ (ਬਣਤਰ) ਬਾਰੇ ਅਹਿਮ ਨੁਕਤੇ ਸਾਂਝੇ ਕੀਤੇ। ਅਧਿਆਪਨ ਦੇ ਖੇਤਰ ਵਿੱਚ ਲਿਪੀ ਦੀ ਸਹੀ ਵਰਤੋਂ ਅਤੇ ਅੱਖਰਾਂ ਦੀ ਸਥਿਤੀ ਦਾ ਧਿਆਨ ਰੱਖਣ ਦੀ ਸਲਾਹ ਦਿੱਤੀ ਗਈ।

ਸਮਾਗਮ ਦੌਰਾਨ ਆਪਣੇ ਵਿਚਾਰ ਸਾਂਝੇ ਕਰਦਿਆਂ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਫੱਤੂ ਢੀਂਗਾ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਨੇ ਭਾਸ਼ਾ ਅਤੇ ਲਿਪੀ ਦੇ ਅੰਤਰ-ਸੰਬੰਧਾਂ 'ਤੇ ਡੂੰਘੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਮਨੁੱਖੀ ਭਾਵਨਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਲਈ 'ਸ਼ਬਦ' ਇਕ ਅਹਿਮ ਜ਼ਰੀਆ ਹਨ, ਪਰ ਇਨ੍ਹਾਂ ਸ਼ਬਦਾਂ ਨੂੰ ਸਦੀਵੀ ਰੂਪ ਵਿੱਚ ਅੰਕਿਤ ਕਰਨ ਲਈ 'ਗੁਰਮੁਖੀ ਲਿਪੀ' ਗੁਰੂ ਸਾਹਿਬਾਨ ਦੀ ਇੱਕ ਮਹਾਨ ਬਖਸ਼ਿਸ਼ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਗੁਰਬਾਣੀ ਅਤੇ ਭਾਸ਼ਾ ਦਾ ਇਕ ਤਕਨੀਕੀ ਪੱਖ ਵੀ ਹੈ। ਗੁਰਮੁਖੀ ਲਿਪੀ ਤਕਨੀਕੀ ਰੂਪ ਵਿੱਚ ਗੁਰਬਾਣੀ ਦੀ ਸੰਰਚਨਾ ਨਾਲ ਅਟੁੱਟ ਰੂਪ ਵਿੱਚ ਜੁੜੀ ਹੋਈ ਹੈ। ਇਹ ਲਿਪੀ ਕੇਵਲ ਅੱਖਰਾਂ ਦਾ ਸਮੂਹ ਨਹੀਂ, ਸਗੋਂ ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਲਿਖਤ ਦਾ ਵਿਗਿਆਨਕ ਆਧਾਰ ਹੈ। ਇਸ ਤੋਂ ਇਲਾਵਾ ਉਹਨਾਂ ਨੇ ਅਧਿਆਪਕ ਵਰਗ ਨੂੰ ਅਪੀਲ ਕੀਤੀ ਕਿ ਉਹ ਜਮਾਤਾਂ ਵਿੱਚ ਪੜ੍ਹਾਉਂਦੇ ਸਮੇਂ ਬਾਣੀ ਦੇ ਸ਼ੁੱਧ ਉਚਾਰਨ ਅਤੇ ਲਗਾਂ-ਮਾਤਰਾਂ ਦੀ ਸਹੀ ਵਰਤੋਂ 'ਤੇ ਜ਼ੋਰ ਦੇਣ। ਮਾਤਰਾਵਾਂ ਦਾ ਸੂਖਮ ਗਿਆਨ ਹੀ ਭਾਸ਼ਾ ਦੇ ਅਸਲ ਅਰਥਾਂ ਅਤੇ ਪ੍ਰਭਾਵ ਨੂੰ ਸਪੱਸ਼ਟ ਕਰਦਾ ਹੈ ਅਤੇ ਕਿਸੇ ਵੀ ਭਾਸ਼ਾ ਨੂੰ ਸਿੱਖਣ ਲਈ ਉਸ ਦੇ ਵਿਆਕਰਨਕ ਪੱਖਾਂ ਦਾ ਗਹਿਰਾ ਅਧਿਐਨ ਲਾਜ਼ਮੀ ਹੈ। ਇਸ ਦੇ ਨਾਲ ਹੀ ਉਨ੍ਹਾਂ ਭਾਸ਼ਾ ਵਿੱਚ 'ਮਿਠਾਸ' ਅਤੇ 'ਨਿਮਰਤਾ' ਦੇ ਗੁਣ ਨੂੰ ਧਾਰਨ ਕਰਨ ਦੀ ਲੋੜ 'ਤੇ ਵੀ ਬਲ ਦਿੱਤਾ, ਤਾਂ ਜੋ ਸੰਚਾਰ ਵਧੇਰੇ ਸਾਰਥਕ ਹੋ ਸਕੇ। ਅੰਤ ਵਿੱਚ ਉਨ੍ਹਾਂ ਕਿਹਾ ਕਿ ਲਿਪੀ ਦੇ ਹਰ ਪਹਿਲੂ ਬਾਰੇ ਮੁਕੰਮਲ ਗਿਆਨ ਹੋਣਾ ਇਕ ਸੂਝਵਾਨ ਅਧਿਆਪਕ ਅਤੇ ਵਿਦਿਆਰਥੀ ਲਈ ਬੇਹੱਦ ਜ਼ਰੂਰੀ ਹੈ, ਤਾਂ ਜੋ ਸਾਡੀ ਮਾਂ-ਬੋਲੀ ਦਾ ਸਰੂਪ ਨਿਰੰਤਰ ਨਿੱਖਰਦਾ ਰਹੇ।

ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਜਗਤਾਰ ਸਿੰਘ ਸੋਖੀ ਨੇ ਕਿਹਾ ਕਿ ਸਾਨੂੰ ਆਪਣੀ ਭਾਸ਼ਾ ਦੀਆਂ 'ਧੁਨੀਆਂ' ਦੇ ਸ਼ੁੱਧ ਉਚਾਰਨ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਅਜੋਕੀ ਪੀੜ੍ਹੀ ਆਪਣੇ ਭਾਸ਼ਾਈ ਮੂਲ ਨਾਲੋਂ ਟੁੱਟ ਰਹੀ ਹੈ, ਜਿਸ ਕਾਰਨ ਲਗਾਂ-ਮਾਤਰਾਂ ਦਾ ਉਚਾਰਨ ਅਤੇ ਮਹੱਤਵ ਲਗਾਤਾਰ ਘਟ ਰਿਹਾ ਹੈ। ਇਸ ਤੋਂ ਇਲਾਵਾ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੇ ਲਈ ਆਧੁਨਿਕ ਸਮੇਂ ਦੀ ਲੋੜ ਅਨੁਸਾਰ ਪੰਜਾਬੀ ਭਾਸ਼ਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਅਤੇ ਜੀ-ਬੋਰਡ ਵਰਗੇ ਆਧੁਨਿਕ ਸਾਧਨਾਂ ਨਾਲ ਜੋੜਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਜੇਕਰ ਅਸੀਂ ਡਿਜੀਟਲ ਦੁਨੀਆ ਵਿੱਚ ਆਪਣੀ ਹੋਂਦ ਬਚਾਉਣੀ ਹੈ, ਤਾਂ ਸਾਨੂੰ ਇਨ੍ਹਾਂ ਤਕਨੀਕੀ ਸਾਧਨਾਂ ਦੀ ਵਰਤੋਂ ਪੰਜਾਬੀ ਲੇਖਣੀ ਲਈ ਵਧਾਉਣੀ ਪਵੇਗੀ। ਉਹਨਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਹਾਰਕ ਪੰਜਾਬੀ' ਅਪਣਾਉਣ ਦੀ ਸਲਾਹ ਦਿੱਤੀ, ਜਿਸ ਵਿੱਚ ਸ਼ਬਦ-ਜੋੜਾਂ ਦੀ ਸ਼ੁੱਧਤਾ ਸਭ ਤੋਂ ਅਹਿਮ ਹੈ। ਉਹਨਾਂ ਅਨੁਸਾਰ ਗਲਤ ਸ਼ਬਦ-ਜੋੜ ਭਾਸ਼ਾ ਦੇ ਅਰਥਾਂ ਨੂੰ ਵਿਗਾੜ ਦਿੰਦੇ ਹਨ। ਭਾਸ਼ਾ ਦੀ ਸੁੰਦਰਤਾ ਅਤੇ ਸਪੱਸ਼ਟਤਾ ਲਈ ਉਹਨਾਂ ਨੇ ਵਿਸ਼ਰਾਮ ਚਿੰਨ੍ਹਾਂ ਦੀ ਸਹੀ ਵਰਤੋਂ 'ਤੇ ਵਿਸ਼ੇਸ਼ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਿਸ਼ਰਾਮ ਚਿੰਨ੍ਹ ਹੀ ਲਿਖਤ ਵਿੱਚ ਭਾਵਾਂ ਦਾ ਸਹੀ ਸੰਚਾਰ ਕਰਦੇ ਹਨ। ਭਾਸ਼ਾ ਨੂੰ ਜਿਉਂਦਾ ਰੱਖਣ ਲਈ ਇਸ ਦੇ ਧੁਨੀ ਵਿਗਿਆਨ ਨੂੰ ਸਮਝਣਾ ਜ਼ਰੂਰੀ ਹੈ। ਸਾਨੂੰ ਆਪਣੀਆਂ ਪਰੰਪਰਾਗਤ ਧੁਨੀਆਂ ਅਤੇ ਉਚਾਰਨ ਸ਼ੈਲੀ ਨੂੰ ਤਿਆਗਣਾ ਨਹੀਂ ਚਾਹੀਦਾ, ਸਗੋਂ ਉਸ ਨੂੰ ਮਾਣ ਨਾਲ ਅਪਣਾਉਣਾ ਚਾਹੀਦਾ ਹੈ।

ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ਕ ਜਸਵੰਤ ਸਿੰਘ ਜ਼ਫ਼ਰ ਨੇ ਸੈਮੀਨਾਰ ਦੇ ਵਿਸ਼ੇ 'ਤੇ ਬੋਲਦਿਆਂ ਬਹੁਤ ਹੀ ਸੂਖਮ ਅਤੇ ਦਾਰਸ਼ਨਿਕ ਵਿਚਾਰ ਪੇਸ਼ ਕੀਤੇ। ਉਨ੍ਹਾਂ ਗੁਰਮੁਖੀ ਲਿਪੀ ਨੂੰ ਕੇਵਲ ਚਿੰਨ੍ਹਾਂ ਦਾ ਸਮੂਹ ਨਹੀਂ, ਸਗੋਂ ਪੰਜਾਬੀ ਜਨ-ਮਾਨਸ ਦੀ ਰੂਹਾਨੀ ਅਤੇ ਸੱਭਿਆਚਾਰਕ ਪਛਾਣ ਦਾ ਪ੍ਰਤੀਕ ਦੱਸਿਆ। ਗੁਰਮੁਖੀ ਲਿਪੀ ਦਾ ਵਿਕਾਸ ਗੁਰੂ ਸਾਹਿਬਾਨ ਦੀ ਉਸ ਦੂਰਅੰਦੇਸ਼ੀ ਦਾ ਸਿੱਟਾ ਹੈ, ਜਿਸ ਨੇ ਆਮ ਲੋਕਾਂ ਨੂੰ ਆਪਣੀ ਬੋਲੀ ਵਿੱਚ ਗਿਆਨ ਹਾਸਲ ਕਰਨ ਦੇ ਸਮਰੱਥ ਬਣਾਇਆ। 'ਪੁਨਰ-ਚਿੰਤਨ' ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਨੂੰ ਲਿਪੀ ਨੂੰ ਅਜੋਕੇ ਦੌਰ ਦੀਆਂ ਚੁਣੌਤੀਆਂ ਅਨੁਸਾਰ ਢਾਲਣਾ ਪਵੇਗਾ ਅਤੇ ਇਹ ਭਰੋਸਾ ਦਿਵਾਇਆ ਕਿ ਭਾਸ਼ਾ ਵਿਭਾਗ ਪੰਜਾਬੀ ਮਾਂ-ਬੋਲੀ ਅਤੇ ਗੁਰਮੁਖੀ ਲਿਪੀ ਦੇ ਪ੍ਰਚਾਰ-ਪਸਾਰ ਲਈ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਲਿਖਤ ਵਿੱਚ ਸ਼ੁੱਧਤਾ ਅਤੇ ਸੁਹਜ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਭਵਿੱਖ ਵਿੱਚ ਭਾਸ਼ਾ ਵਿਭਾਗ ਵੱਲੋਂ ਹਰ ਸਾਲ ਨਿਰੰਤਰ ਰੂਪ ਵਿੱਚ ਖਡੂਰ ਸਾਹਿਬ ਦੀ ਧਰਤੀ 'ਤੇ ਗੁਰਮੁਖੀ ਲਿਪੀ ਤੇ ਭਾਸ਼ਾ ਨੂੰ ਸਮਰਪਿਤ ਕਲਾਤਮਿਕ ਅਤੇ ਸਾਹਿਤਿਕ ਸਮਾਗਮ ਕਰਵਾਇਆ ਜਾਵੇਗਾ।

ਮੰਚ ਸੰਚਾਲਨ ਬੇਹੱਦ ਢੁੱਕਵੇ ਅਤੇ ਸਹਿਜ ਰੂਪ ਵਿੱਚ ਡਾ. ਕੰਵਲਜੀਤ ਸਿੰਘ ਵੱਲੋਂ ਕੀਤਾ ਗਿਆ ਜਿਸ ਵਿੱਚ ਉਹ ਸਮਾਗਮ ਦੇ ਵਿਸ਼ੇ ਬਾਰੇ ਵੀ ਆਪਣੀਆਂ ਟਿੱਪਣੀਆਂ ਕਰਦੇ ਰਹੇ। ਸਮਾਗਮ ਦੀ ਸਫ਼ਲਤਾ ਵਿੱਚ ਡਾ. ਅਰਜਿੰਦਰ ਕੌਰ ਨੇ ਬਤੌਰ ਕੋਆਰਡੀਨੇਟਰ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੋ ਰੋਜ਼ਾ ਸਮਾਗਮ ਵਿੱਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਅਤੇ ਜਗਤਾਰ ਸਿੰਘ ਸੋਖੀ ਦੀਆਂ ਕਲਾਤਮਿਕ ਕਿਰਤਾਂ ਦੀਆਂ ਪ੍ਰਦਰਸ਼ਨੀਆਂ ਵੀ ਖਿੱਚ ਦਾ ਕੇਂਦਰ ਰਹੀਆਂ।

ਅੰਤ 'ਤੇ ਭਾਸ਼ਾ ਵਿਭਾਗ ਵੱਲੋਂ ਆਏ ਹੋਏ ਵਿਸ਼ਾ ਮਾਹਿਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਅੱਖਰਕਾਰੀ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਭਾਸ਼ਾ ਵਿਭਾਗ ਦੀਆਂ ਪ੍ਰਕਾਸ਼ਿਤ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ, ਡਾ. ਬਲਬੀਰ ਕੌਰ ਪੰਧੇਰ, ਚੇਤਨ ਕੁਮਾਰ, ਵਿਨੋਦ ਕੁਮਾਰ, ਮਾਸਟਰ ਬਲਦੇਵ ਸਿੰਘ ਖੁੱਲਰ, ਹੋਰ ਪਤਵੰਤੇ ਸੱਜਣ, ਕਾਲਜ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ ।

# ਨਵੇਂ ਸੈਕਟਰਾਂ ਲਈ ਜ਼ਮੀਨ ਪ੍ਰਾਪਤੀ ਦਾ ਅਮਲ ਤੇਜ਼

## ਮੁਹਾਲੀ ਤੇ ਨਿਊ ਚੰਡੀਗੜ੍ਹ ਦੇ ਸੱਤ ਨਵੇਂ ਟਾਊਨਸ਼ਿਪ ਅਤੇ ਸੱਤ ਨਵੇਂ ਸੈਕਟਰ ਬਣਨਗੇ ਨਿਤਿਨ ਜੈਨ

**ਚੰਡੀਗੜ੍ਹ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਇਤਿਹਾਸ ਵਿੱਚ ਸ਼ਹਿਰੀ ਵਿਸਤਾਰ ਮੁਹਿੰਮਾਂ ਵਿੱਚੋਂ ਇੱਕ ਤਹਿਤ ਪੰਜਾਬ ਸਰਕਾਰ ਦਾ ਗ੍ਰੇਟਰ ਮੁਹਾਲੀ ਅਤੇ ਨਿਊ ਚੰਡੀਗੜ੍ਹ ਵਿੱਚ 11,103 ਏਕੜ ਜ਼ਮੀਨ ਹਾਸਲ ਕਰਨ ਦਾ ਅਮਲ ਤੇਜ਼ੀ ਨਾਲ ਚੱਲ ਰਿਹਾ ਹੈ। ਹਾਸਲ ਵੇਰਵਿਆਂ ਅਨੁਸਾਰ ਇਸ ਵਿਆਪਕ ਯੋਜਨਾ ਵਿੱਚ ਸੱਤ ਨਵੇਂ ਟਾਊਨਸ਼ਿਪ, ਸੱਤ ਨਵੇਂ ਸੈਕਟਰ, ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦੇ ਨੇੜੇ ਐਰੋਟ੍ਰੋਪੋਲਿਸ ਦੇ ਤਿੰਨ ਵੱਡੇ ਨਵੇਂ ਪਾਕੇਟ ਅਤੇ ਮੁਹਾਲੀ ਦੇ ਸੈਕਟਰ 87 ਵਿੱਚ ਚੰਡੀਗੜ੍ਹ ਦੇ ਪ੍ਰਸਿੱਧ ਸੈਕਟਰ 17 ਦੀ ਤਰਜ਼ 'ਤੇ ਬਿਲਕੁਲ ਨਵਾਂ ਕਮਰਸ਼ੀਅਲ ਸਿਟੀ ਸੈਂਟਰ ਬਣਾਉਣਾ ਸ਼ਾਮਲ ਹੈ। ਜ਼ਮੀਨ ਪ੍ਰਾਪਤੀ ਮੁਹਿੰਮ ਦੇ ਵੇਰਵਿਆਂ ਮੁਤਾਬਕ ਸਰਕਾਰ ਐਰੋਸਿਟੀ ਕਲੱਸਟਰਾਂ ਅਤੇ ਈਕੋ-ਟਾਊਨਸ਼ਿਪਾਂ ਤੋਂ ਲੈ ਕੇ ਨਵੇਂ ਉਦਯੋਗਿਕ ਪਾਰਕਾਂ, ਉੱਚ-ਘਣਤਾ ਵਾਲੇ ਰਿਹਾਇਸ਼ੀ ਖੇਤਰਾਂ ਅਤੇ ਮੁਹਾਲੀ ਤੇ ਨਿਊ ਚੰਡੀਗੜ੍ਹ ਨੂੰ ਜੋੜਨ ਵਾਲੀਆਂ 1,240 ਏਕੜ ਤੋਂ ਵੱਧ ਦੀਆਂ ਮਾਸਟਰ ਪਲਾਨ ਸੜਕਾਂ ਤੱਕ ਸਭ ਕੁਝ ਵਿਕਸਤ ਕਰਨ ਦਾ ਇਰਾਦਾ ਰੱਖਦੀ ਹੈ। ਇਹ ਸਾਰੀ ਪ੍ਰਕਿਰਿਆ ਜ਼ਮੀਨ ਪ੍ਰਾਪਤੀ, ਮੁੜ-ਵਸੇਬਾ ਅਤੇ ਢੁੱਕਵਾਂ ਮੁਆਵਜ਼ਾ ਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ-2013 ਦੇ ਕਾਨੂੰਨੀ ਢਾਂਚੇ ਤਹਿਤ ਕੀਤੀ ਜਾ ਰਹੀ ਹੈ। ਕਈ ਪ੍ਰਾਜੈਕਟਾਂ ਲਈ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਅੱਗੇ ਵਧ ਚੁੱਕੀ ਹੈ। ਮੁਹਾਲੀ ਵਿੱਚ 1,651 ਏਕੜ ਵਿੱਚ ਫੈਲੇ ਐਰੋਟ੍ਰੋਪੋਲਿਸ ਬਲਾਕ ਏ, ਬੀ, ਸੀ ਤੇ ਡੀ ਅਤੇ ਨਿਊ ਚੰਡੀਗੜ੍ਹ ਵਿੱਚ 716 ਏਕੜ ਦੇ ਈਕੋ ਸਿਟੀ-3 ਲਈ ਮੁਆਵਜ਼ੇ ਦੇ ਐਵਾਰਡ ਪਹਿਲਾਂ ਹੀ ਐਲਾਨੇ ਜਾ ਚੁੱਕੇ ਹਨ। ਜਾਣਕਾਰੀ ਅਨੁਸਾਰ ਮੁਆਵਜ਼ੇ ਦੀਆਂ ਦਰਾਂ 19 ਕਰੋੜ ਰੁਪਏ ਪ੍ਰਤੀ ਏਕੜ ਤੋਂ ਵੀ ਵੱਧ ਹਨ। ਸਫਲ ਬੋਲੀਕਾਰਾਂ ਨੂੰ ਸਹਿਮਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ।

**ਚੰਡੀਗੜ੍ਹ ਦੇ ਸੈਕਟਰ 17 ਵਰਗਾ ਹੋਵੇਗਾ ਸੈਕਟਰ 87: ਮੁੱਖ ਮੰਤਰੀ**

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੁਹਾਲੀ ਅਤੇ ਨਿਊ ਚੰਡੀਗੜ੍ਹ ਵਿੱਚ ਚੰਡੀਗੜ੍ਹ ਤੋਂ ਵਧੀਆ ਸੈਕਟਰ ਬਣਾ ਰਹੇ ਹਾਂ। ਆਪਣੇ ਲੋਕਾਂ ਵੱਲੋਂ ਆਪਣੀ ਹੀ ਜ਼ਮੀਨ 'ਤੇ ਬਿਹਤਰੀਨ ਸੈਕਟਰ ਉਸਾਰਿਆ ਜਾ ਰਿਹਾ ਹੈ ਜੋ ਪੰਜਾਬ ਦਾ ਸ਼ਹਿਰੀ ਪੁਨਰ-ਜਾਗਰਨ ਹੈ ਅਤੇ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਜਦੋਂ ਸੈਕਟਰ 87 'ਸੈਕਟਰ 17' ਵਜੋਂ ਬਣ ਕੇ ਉਭਰੇਗਾ ਤਾਂ ਲੋਕਾਂ ਨੂੰ ਚੰਡੀਗੜ੍ਹ ਵੱਲ ਦੇਖਣ ਦੀ ਲੋੜ ਨਹੀਂ ਪਵੇਗੀ।

# ਜੀਜੇ ਨੇ ਸਾਲੇ 'ਤੇ ਗੋਲੀਆਂ ਚਲਾਈਆਂ, ਹਾਲਤ ਗੰਭੀਰ

**ਪਟਿਆਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਘੁੰਮਣ ਨਗਰ ਵਿੱਚ ਘਰੇਲੂ ਝਗੜੇ ਦੌਰਾਨ ਇੱਕ ਵਿਅਕਤੀ ਨੇ ਆਪਣੇ ਸਾਲੇ 'ਤੇ ਗੋਲੀਆਂ ਚਲਾ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਦੀ ਪਛਾਣ ਬਲਜੀਤ ਸਿੰਘ ਵਾਸੀ ਤਫ਼ਜ਼ਲਪੁਰਾ ਪਟਿਆਲਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਬਲਜੀਤ ਸਿੰਘ ਘੁੰਮਣ ਨਗਰ ਵਿੱਚ ਵਿਆਹੀ ਆਪਣੀ ਭੈਣ ਨੂੰ ਬਚਾਉਣ ਆਇਆ ਸੀ। ਇਸ ਦੌਰਾਨ ਹਰਵਿੰਦਰ ਸਿੰਘ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਛੇ 'ਚੋਂ ਦੋ ਗੋਲੀਆਂ ਲੱਗਣ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਦੂਜੇ ਪਾਸੇ ਬਲਜੀਤ ਸਿੰਘ ਦੇ ਬਿਆਨਾਂ 'ਤੇ ਥਾਣਾ ਅਨਾਜ ਮੰਡੀ ਪਟਿਆਲਾ ਦੀ ਪੁਲੀਸ ਨੇ ਮੁਲਜ਼ਮ ਦੇ ਖਿਲਾਫ਼ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬਲਜੀਤ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਘੁੰਮਣ ਨਗਰ ਬੀ ਦੀ ਗਲੀ ਨੰਬਰ 4 ਵਿੱਚ ਵਿਆਹੀ ਹੋਈ ਹੈ। ਕੱਲ੍ਹ ਰਾਤ ਉਨ੍ਹਾਂ ਨੂੰ ਸੁਨੇਹਾ ਮਿਲਿਆ ਕਿ ਉਸ ਦਾ ਪਤੀ ਉਸ ਦੀ ਕੁੱਟਮਾਰ ਕਰ ਰਿਹਾ ਹੈ ਜਿਸ 'ਤੇ ਉਹ ਉਸ ਦੇ ਸਹੁਰੇ ਘਰ ਚਲੇ ਗਏ। ਇਸ ਦੌਰਾਨ ਉਸ ਦਾ ਜੀਜਾ ਹਰਵਿੰਦਰ ਸਿੰਘ ਆਪਣੇ ਘਰ ਦੀ ਛੱਤ 'ਤੇ ਚੜ੍ਹਿਆ ਹੋਇਆ ਸੀ। ਉਨ੍ਹਾਂ ਨੇ ਜਦੋਂ ਜਾ ਕੇ ਘਰ ਦਾ ਗੇਟ ਖੜ੍ਹਕਾਇਆ ਤਾਂ ਉਸ ਨੇ ਆਪਣੇ ਰਿਵਾਲਵਰ ਨਾਲ ਉਪਰੋਂ ਹੀ ਗੋਲੀਆਂ ਚਲਾ ਦਿੱਤੀਆਂ। ਇੱਕ ਗੋਲੀ ਬਲਜੀਤ ਸਿੰਘ ਦੇ ਸੱਜੇ ਪੱਟ ਵਿੱਚ ਅਤੇ ਦੂਜੀ ਢਿੱਡ ਵਿੱਚ ਲੱਗੀ। ਅਮਰ ਹਸਪਤਾਲ ਪਟਿਆਲਾ ਵਿੱਚ ਦਾਖਲ ਕਰਵਾਏ ਗਏ ਬਲਜੀਤ ਸਿੰਘ ਦੀ ਹਾਲਤ ਨਾਜ਼ੁਕ ਹੈ। ਪੁਲੀਸ ਅਨੁਸਾਰ ਹਰਵਿੰਦਰ ਸਿੰਘ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹਲਕਾ ਜੀਰਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਘਰਾਂ ਦੀ ਮੁੜ ਉਸਾਰੀ ਦਾ ਕੰਮ ਤੇਜ਼ ਰਫ਼ਤਾਰ ਨਾਲ ਜਾਰੀ



**ਜ਼ੀਰਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਜੀਰਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮਨੁੱਖਤਾ ਦੀ ਸੇਵਾ ਦੇ ਜਜ਼ਬੇ ਨਾਲ ਨਿਸ਼ਕਾਮ ਸਿੱਖ ਵੈਲਫੇਅਰ ਕਾਊਂਸਲ, ਨਵੀਂ ਦਿੱਲੀ ਅਤੇ ਮਿਸਲ ਸਤਲੁਜ ਵੱਲੋਂ ਘਰਾਂ ਦੀ ਮੁੜ ਉਸਾਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਲਗਾਤਾਰ ਅੱਗੇ ਵਧਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਦੋਵੇਂ ਸੰਸਥਾਵਾਂ ਦੀ ਸਾਂਝੀ ਟੀਮ ਵੱਲੋਂ ਪ੍ਰਭਾਵਿਤ ਇਲਾਕਿਆਂ ਦਾ ਵਿਸਥਾਰਪੂਰਵਕ ਸਰਵੇਖਣ ਕਰਕੇ ਮੌਕੇ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਅਗਲੇ ਪੜਾਅ ਦੀ ਯੋਜਨਾ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਨਿਸ਼ਕਾਮ ਸਿੱਖ ਵੈਲਫੇਅਰ ਕਾਊਂਸਲ ਵੱਲੋਂ ਸ੍ਰੀ ਨਰਿੰਦਰ ਸਿੰਘ (ਦਿੱਲੀ) ਅਤੇ ਸ੍ਰੀ ਹਰਵਿੰਦਰ ਸਿੰਘ (ਫਰੀਦਕੋਟ) ਹਾਜ਼ਰ ਰਹੇ, ਜਦਕਿ ਮਿਸਲ ਸਤਲੁਜ ਵੱਲੋਂ ਜਰਨਲ ਸਕੱਤਰ ਸ੍ਰੀ ਦਵਿੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਸ੍ਰੀ ਰੋਮਨ ਬਰਾੜ, ਸ੍ਰੀ ਗੁਰਬੀਰ ਸਿੰਘ ਬੱਬੂ ਖੋਸਾ ਅਤੇ ਸ੍ਰੀ ਗੁਰਮਨ ਸਿੰਘ ਨਿਜ਼ਾਮਦੀਨ ਵਾਲਾ ਨੇ ਵੀ ਸ਼ਮੂਲੀਅਤ ਕੀਤੀ ।

ਇਥੇ ਦਸਿਆ ਜਾਂਦਾ ਹੈ ਕਿ ਹਲਕਾ ਜੀਰਾ ਦੇ ਪਿੰਡ ਆਲੇਵਾਲਾ, ਫੱਤੇਵਾਲਾ ਅਤੇ ਕਾਲੇ ਕੇ ਹਥਾੜ ਵਿੱਚ ਕੁੱਲ 7 ਘਰਾਂ ਦੀ ਮੁੜ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਇਨ੍ਹਾਂ ਵਿੱਚੋਂ 2 ਘਰਾਂ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ, ਜਦਕਿ ਬਾਕੀ ਘਰਾਂ ਦਾ ਕੰਮ ਵੀ ਤੇਜ਼ੀ ਨਾਲ ਅੰਤਿਮ ਪੜਾਅ ਵੱਲ ਵਧ ਰਿਹਾ ਹੈ। ਇਹ ਉਪਰਾਲਾ ਪ੍ਰਭਾਵਿਤ ਪਰਿਵਾਰਾਂ ਦੀ ਜ਼ਿੰਦਗੀ ਵਿੱਚ ਨਵੀਂ ਉਮੀਦ ਅਤੇ ਸੁਰੱਖਿਅਤ ਛੱਤ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਰਿਹਾ ਹੈ।

ਇਸ ਦੌਰਾਨ ਮਿਸਲ ਸਤਲੁਜ ਦੇ ਜਰਨਲ ਸਕੱਤਰ ਸ੍ਰੀ ਦਵਿੰਦਰ ਸਿੰਘ ਸੇਖੋਂ ਵੱਲੋਂ ਪ੍ਰਭਾਵਿਤ ਪਰਿਵਾਰਾਂ ਨਾਲ ਨਿਜੀ ਪੱਧਰ ਤੇ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਭਰੋਸਾ ਦਿਵਾਇਆ ਗਿਆ ਕਿ ਬਾਕੀ ਰਹਿੰਦੇ ਘਰਾਂ ਦੀ ਮੁੜ ਉਸਾਰੀ ਦਾ ਕੰਮ ਵੀ ਜਲਦ ਤੋਂ ਜਲਦ ਪੂਰਾ ਕਰਕੇ ਹੜ੍ਹ ਪੀੜਤ ਪਰਿਵਾਰਾਂ ਨੂੰ ਸੁਰੱਖਿਅਤ ਅਤੇ ਵਧੀਆ ਵਾਤਾਵਰਣ ਮੁਹੱਈਆ ਕਰਵਾਇਆ ਜਾਵੇਗਾ।

ਨਿਸ਼ਕਾਮ ਸੇਵਾ ਦੀ ਭਾਵਨਾ ਨਾਲ ਚੱਲ ਰਹੇ ਇਸ ਉਪਰਾਲੇ ਨੂੰ ਸਥਾਨਕ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਇਹ ਮਨੁੱਖਤਾ ਦੀ ਭਲਾਈ ਲਈ ਸਮਾਜਕ ਸੰਸਥਾਵਾਂ ਦੀ ਵਚਨਬੱਧਤਾ ਦਾ ਪ੍ਰਤੀਕ ਬਣ ਰਿਹਾ ਹੈ।

# 15,000 ਰੁਪਏ ਰਿਸ਼ਵਤ ਲੈਂਦਾ ਏਐਸਆਈ ਰੰਗੇ ਹੱਥੀਂ ਕਾਬੂ



**ਲੁਧਿਆਣਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਚੱਲ ਰਹੀ ਮੁਹਿੰਮ ਤਹਿਤ ਵਿਜੀਲੈਂਸ ਬਿਊਰੋ ਪੰਜਾਬ ਨੇ ਵੱਡੀ ਕਾਰਵਾਈ ਕਰਦਿਆਂ ਲੁਧਿਆਣਾ ਵਿੱਚ ਤੈਨਾਤ ਏਐਸਆਈ ਲਖਵਿੰਦਰ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਦੋਸ਼ੀ ਏਐਸਆਈ ਕਿਚਲੂ ਨਗਰ ਪੁਲਿਸ ਪੋਸਟ (ਥਾਣਾ ਪੀਏਯੂ) ਵਿੱਚ ਇੰਚਾਰਜ ਦੇ ਤੌਰ 'ਤੇ ਤੈਨਾਤ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਕਾਰਵਾਈ ਲੁਧਿਆਣਾ ਦੇ ਨੂਰਵਾਲਾ ਰੋਡ, ਬੈਂਕ ਕਾਲੋਨੀ ਦੇ ਇਕ ਰਹਿਣ ਵਾਲੇ ਵਿਅਕਤੀ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਦੇ ਖ਼ਿਲਾਫ਼ ਦਰਜ ਮਾਮਲੇ ਦੀ ਜਾਂਚ ਦੌਰਾਨ ਦੋਸ਼ੀ ਏਐਸਆਈ ਲਖਵਿੰਦਰ ਸਿੰਘ ਨੇ ਸ਼ਿਕਾਇਤਕਰਤਾ ਦੀ ਮਾਤਾ ਅਤੇ ਭੈਣ ਨੂੰ ਕੇਸ ਵਿੱਚ ਨਾ ਫਸਾਉਣ ਦੇ ਬਦਲੇ 30,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।

ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ।

ਗੈਰਕਾਨੂੰਨੀ ਰਿਸ਼ਵਤ ਦੇਣ ਤੋਂ ਇਨਕਾਰ ਕਰਦਿਆਂ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਨਾਲ ਸੰਪਰਕ ਕੀਤਾ। ਸ਼ਿਕਾਇਤ ਦੀ ਪ੍ਰਾਰੰਭਿਕ ਜਾਂਚ ਤੋਂ ਬਾਅਦ ਵਿਜੀਲੈਂਸ ਟੀਮ ਨੇ ਟ੍ਰੈਪ ਲਗਾਇਆ, ਜਿਸ ਦੌਰਾਨ ਦੋਸ਼ੀ ਏਐਸਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 15,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਜਾਂਚ ਜਾਰੀ ਹੈ।

# ਆਮ ਆਦਮੀ ਕਲੀਨਿਕਾਂ ਦਾ ਉਦਘਾਟਨ

**ਮਲੇਰਕੋਟਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਨੂੰ ਘਰ ਨੇੜੇ ਮਿਆਰੀ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਜ਼ਿਲ੍ਹਾ ਮਾਲੇਰਕੋਟਲਾ ਵਿੱਚ 5 ਨਵੇਂ ਆਮ ਆਦਮੀ ਕਲੀਨਿਕ ਲੋਕ ਅਰਪਿਤ ਕੀਤੇ ਗਏ। ਸਿਵਲ ਸਰਜਨ ਡਾ. ਪ੍ਰਦੀਪ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਦੇ ਸ਼ੁਰੂ ਹੋਣ ਨਾਲ ਜ਼ਿਲ੍ਹਾ ਮਾਲੇਰਕੋਟਲਾ ਅੰਦਰ ਕੁੱਲ 14 ਆਮ ਆਦਮੀ ਕਲੀਨਿਕ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਅੱਜ ਸ਼ੁਰੂ ਕੀਤੇ ਗਏ ਆਮ ਆਦਮੀ ਕਲੀਨਿਕਾਂ ਵਿੱਚ ਮਾਲੇਰਕੋਟਲਾ 'ਚ ਕਿਲ੍ਹਾ ਰਹਿਮਤਗੜ੍ਹ ਅਤੇ 786 ਚੌਂਕ ਸਮੇਤ ਦੋ, ਅਹਿਮਦਗੜ੍ਹ ਵਿੱਚ ਪੁਰਾਣੀ ਤਹਿਸੀਲ ਤੇ ਬਜਰੰਗ ਅਖਾੜਾ ਸਮੇਤ ਦੋ ਅਤੇ ਇਕ ਕਲੀਨਿਕ ਪੁਰਾਣੀ ਤਹਿਸੀਲ ਅਮਰਗੜ੍ਹ ਸ਼ਾਮਲ ਹਨ। ਸਿਵਲ ਸਰਜਨ ਨੇ ਕਿਹਾ ਕਿ ਇਨ੍ਹਾਂ ਕਲੀਨਿਕਾਂ ਵਿੱਚ ਮਰੀਜ਼ਾਂ ਨੂੰ 42 ਤਰ੍ਹਾਂ ਦੇ ਲੈਬ ਟੈਸਟ ਅਤੇ 90 ਕਿਸਮ ਦੀਆਂ ਦਵਾਈਆਂ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਜਦਕਿ ਇੱਥੇ ਇਲਾਜ ਲਈ ਕੋਈ ਪਰਚੀ ਫੀਸ ਵੀ ਨਹੀਂ ਲੱਗਦੀ। ਆਮ ਆਦਮੀ ਕਲੀਨਿਕਾਂ ਦੇ ਖੁੱਲ੍ਹਣ ਨਾਲ ਲੋਕਾਂ ਨੂੰ ਛੋਟੀਆਂ ਬਿਮਾਰੀਆਂ ਲਈ ਦੂਰ ਦੁਰਾਡੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ ਅਤੇ ਉਹ ਆਪਣੇ ਘਰ ਦੇ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਹਾਸਲ ਕਰ ਸਕਣਗੇ। ਇਸ ਮੌਕੇ ਸਾਬਕਾ ਸਰਪੰਚ ਸਰਬਜੀਤ ਸਿੰਘ ਗੋਗੀ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਸੀਮਾ ਜੱਸਲ, ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਵਿੰਦਰ ਸਿੰਘ ਮਾਲੇਰਕੋਟਲਾ ਅਤੇ ਡਾ. ਅਮਨਦੀਪ ਕੌਰ, ਡਾ. ਅਨਮਦੀਪ ਸਿੰਘ, ਸੁਪਰਵਾਈਜ਼ਰ ਗੁਲਜ਼ਾਰ ਖਾਨ, ਬੀ ਈ ਈ ਰਣਬੀਰ ਸਿੰਘ ਢੰਡੇ ਅਤੇ ਜਗਸੀਰ ਸਿੰਘ ਆਦਿ ਹਾਜ਼ਰ ਸਨ।

ਧੂਰੀ (ਬੀਰਬਲ ਰਿਸ਼ੀ): ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਅਤੇ ਕ੍ਰਾਂਤੀ ਚੌਂਕ ਨੇੜੇ ਵਾਰਡ ਨੰਬਰ-5 ਵਿੱਚ ਨਵੇਂ ਬਣੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਆਨਲਾਈਨ ਕੀਤਾ।

# ਯੂਨੀਵਰਸਿਟੀ ਦੇ ਵਿੱਤੀ ਸੰਕਟ ਪ੍ਰਤੀ ਸੰਜੀਦਾ ਹੋਵੇ ਸਰਕਾਰ: ਬਡੂੰਗਰ

**ਪਟਿਆਲਾ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਹਾਲਾਤ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਹਾਲਾਤ ਬਾਰੇ ਪੰਜਾਬ ਸਰਕਾਰ ਨੂੰ ਸੰਜੀਦਾ ਹੋਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦਾ ਕਰਜ਼ਾ 150 ਕਰੋੜ ਤੋਂ ਵਧ ਕੇ 454 ਕਰੋੜ ਤੱਕ ਪਹੁੰਚ ਗਿਆ ਹੈ, ਜਿਸ ਕਾਰਨ ਖੋਜ ਕਾਰਜ ਵੀ ਪ੍ਰਭਾਵਿਤ ਹੋ ਰਹੇ ਹਨ ਜਿਸ ਕਰਕੇ ਅਜਿਹੀ ਚਿੰਤਾਜਨਕ ਹਾਲਾਤ ਦੇ ਹੁੰਦਿਆਂ ਖੋਜ ਕਾਰਜਾਂ ਵਿਚ ਖੜੋਤ ਆਉਣਾ ਤੈਅ ਹੈ ਤੇ ਇਮਾਰਤਸਾਜ਼ੀ ਦੇ ਕੰਮਾਂ ਨੂੰ ਵੀ ਧੱਕਾ ਲੱਗ ਰਿਹਾ ਹੈ। ਉਨ੍ਹਾ ਹੋਰ ਕਿਹਾ ਵਿੱਤੀ ਸੰਕਟ ਕਾਰਨ ਸਮੇਂ ਸਿਰ ਤਨਖ਼ਾਹਾਂ ਦਾ ਸੰਕਟ ਵੀ ਵਧ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਦਿਅਕ ਖੇਤਰ ਵਿਚ ਮਾਲਵੇ ਦੀ ਜਾਨ ਹੈ ਅਤੇ ਇਸ ਮਹਾਨ ਵਿਦਿਅਕ ਸੰਸਥਾ ਨੂੰ ਬਚਾਉਣਾ ਆਪਣਾ ਸਭ ਦਾ ਨੈਤਿਕ ਫਰਜ਼ ਹੈ।

# ਗੈਰ-ਵਿੱਦਿਅਕ ਡਿਊਟੀਆਂ ਕਾਰਨ ਸਰਕਾਰੀ ਅਧਿਆਪਕਾਂ ਦੀ ਨਾਰਾਜ਼ਗੀ ਸਿਖਰ 'ਤੇ ?

**ਚੰਡੀਗੜ੍ਹ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਰ-ਵਿੱਦਿਅਕ ਡਿਊਟੀਆਂ ਲਗਾਏ ਜਾਣ ਕਾਰਨ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵਿੱਚ ਵਧ ਰਹੀ ਨਾਰਾਜ਼ਗੀ ਹੁਣ ਸਿਖਰ 'ਤੇ ਪਹੁੰਚ ਗਈ ਹੈ ਕਿਉਂਕਿ ਨਸ਼ਿਆਂ ਅਤੇ ਸਮਾਜਿਕ-ਆਰਥਿਕ ਸਥਿਤੀ ਬਾਰੇ ਜਨਗਣਨਾ ਹੋਣ ਜਾ ਰਹੀ ਹੈ, ਜਿਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਬਲਾਕ ਸਿੱਖਿਆ ਵਿਕਾਸ ਅਫ਼ਸਰਾਂ ਨੂੰ 15,000 ਤੋਂ ਵੱਧ ਅਧਿਆਪਕਾਂ ਨੂੰ ਗਣਨਾਕਾਰ ਵਜੋਂ ਤਿਆਰ ਕਰਨ ਲਈ ਕਿਹਾ ਜਾ ਰਿਹਾ ਹੈ।

ਹਾਲਾਂਕਿ ਇਸ ਨੂੰ ਸਵੈ-ਇੱਛਤ ਡਿਊਟੀ ਵਜੋਂ ਦੱਸਿਆ ਜਾ ਰਿਹਾ ਹੈ, ਪਰ ਅਧਿਆਪਕਾਂ ਦਾ ਕਹਿਣਾ ਹੈ ਕਿ ਘਰ-ਘਰ ਜਾ ਕੇ ਸਰਵੇਖਣ ਉਨ੍ਹਾਂ 'ਤੇ ਥੋਪਿਆ ਜਾ ਰਿਹਾ ਹੈ ਕਿਉਂਕਿ ਸਰਕਾਰ ਪੰਜਾਬ ਵਿੱਚ ਨਸ਼ਾਖੋਰੀ ਬਾਰੇ ਸਮਾਜਿਕ ਅੰਕੜੇ ਇਕੱਠੇ ਕਰਨਾ ਚਾਹੁੰਦੀ ਹੈ। ਫਿਰੋਜ਼ਪੁਰ ਵਿੱਚ ਪਹਿਲਾਂ ਹੀ ਅਧਿਆਪਕਾਂ ਨੇ ਕਰਮਚਾਰੀ ਯੂਨੀਅਨ ਦੇ ਬੈਨਰ ਹੇਠ ਇਨ੍ਹਾਂ ਗੈਰ-ਅਕਾਦਮਿਕ ਡਿਊਟੀਆਂ ਨੂੰ ਚੁਣਨ ਤੋਂ ਇਨਕਾਰ ਕਰ ਦਿੱਤਾ ਹੈ।

ਪਰ ਅਜਿਹਾ ਲਗਦਾ ਹੈ ਕਿ ਇਹ ਮਰਦਮਸ਼ੁਮਾਰੀ ਦੀ ਡਿਊਟੀ ਸਿਰਫ ਇੱਕ ਸ਼ੁਰੂਆਤ ਹੈ। ਲਗਪਗ 18,000 ਅਧਿਆਪਕਾਂ ਨੂੰ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਸ਼ੁਰੂ ਹੋਣ ਵਾਲੀ ਅਪਡੇਟ ਕੀਤੀ ਵੋਟਰ ਸੂਚੀ ਦੀ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ ( ਲਈ(ਬਲਾਕ ਲੈਵਲ ਅਫ਼ਸਰ) ਵਜੋਂ ਨਿਯੁਕਤ ਕੀਤੇ ਜਾਣ ਦੀ ਵੀ ਉਮੀਦ ਹੈ। ਇਹ ਚਿੰਤਾ ਦਾ ਵਿਸ਼ਾ ਹੈ।

ਸੂਬੇ ਦੇ 19,000 ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲਗਪਗ 25.53 ਲੱਖ ਵਿਦਿਆਰਥੀਆਂ ਲਈ ਲਗਪਗ 1.25 ਲੱਖ ਅਧਿਆਪਕ ਹਨ। ਇਸ ਵਿੱਚ ਰਾਜ ਦੇ ਮੁੱਖ ਦਫ਼ਤਰਾਂ ਅਤੇ ਜ਼ਿਲ੍ਹਾ ਪੱਧਰ 'ਤੇ ਪ੍ਰਸ਼ਾਸਨਿਕ ਡਿਊਟੀਆਂ ਲਈ ਨਿਯੁਕਤ ਕੀਤੇ ਗਏ ਅਧਿਆਪਕ ਵੀ ਸ਼ਾਮਲ ਹਨ। ਸਭ ਤੋਂ ਮਾੜੀ ਹਾਲਤ ਇੱਕ ਅਧਿਆਪਕ ਵਾਲੇ ਸਕੂਲਾਂ ਦੀ ਹੈ। ਫਿਰ ਅਜਿਹੇ ਸਕੂਲ ਹਨ ਜਿੱਥੇ ਵਿਦਿਆਰਥੀ-ਅਧਿਆਪਕ ਅਨੁਪਾਤ ਮਾੜਾ ਹੈ ਅਤੇ ਇਹ ਅਨੁਪਾਤ ਉਦੋਂ ਹੋਰ ਡਿੱਗ ਜਾਂਦਾ ਹੈ ਜਦੋਂ ਸਿੱਖਿਅਕਾਂ ਨੂੰ ਚੋਣ ਡਿਊਟੀਆਂ 'ਤੇ ਲਗਾਇਆ ਜਾਂਦਾ ਹੈ।

ਇੱਕ ਸਾਲ ਤੋਂ ਵੱਧ ਸਮੇਂ ਤੋਂ ਪੰਜਾਬ ਦੇ ਸਰਕਾਰੀ ਸਕੂਲ ਅਧਿਆਪਕ ਗੈਰ-ਅਕਾਦਮਿਕ ਕੰਮਾਂ ਦੇ ਬੋਝ ਅਤੇ ਅਣਸੁਲਝੇ ਸੇਵਾ ਮੁੱਦਿਆਂ ਨੂੰ ਲੈ ਕੇ 'ਆਪ' ਸਰਕਾਰ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ। ਸਥਿਤੀ ਸਿਰਫ ਇੱਕ ਮੁੱਦੇ ਬਾਰੇ ਨਹੀਂ ਹੈ — ਕਈ ਸ਼ਿਕਾਇਤਾਂ ਇਕੱਠੀਆਂ ਹੋ ਗਈਆਂ ਹਨ। ਪਿਛਲਾ ਸਾਲ ਪੰਜਾਬ ਵਿੱਚ ਚੋਣਾਂ ਦਾ ਸਾਲ ਸੀ — ਸਾਰਾ ਸਾਲ ਜ਼ਿਮਨੀ ਚੋਣਾਂ, ਜ਼ਿਲ੍ਹਾ ਪਰਿਸ਼ਦ/ਪੰਚਾਇਤ ਚੋਣਾਂ ਅਤੇ ਨਗਰ ਨਿਗਮ ਚੋਣਾਂ ਕਰਵਾਈਆਂ ਗਈਆਂ।

ਅੰਮ੍ਰਿਤਸਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਗਤਾਂਵਾਲਾ ਦੇ ਸਰਕਾਰੀ ਸਕੂਲ ਅਧਿਆਪਕ ਅਸ਼ਵਨੀ ਅਵਸਥੀ ਨੇ ਕਿਹਾ, ਇਹ ਕੋਈ ਇੱਕ ਵਾਰ ਦਾ ਮੁੱਦਾ ਨਹੀਂ ਹੈ, ਸਗੋਂ ਇੱਕ ਪੈਟਰਨ ਦਾ ਹਿੱਸਾ ਹੈ। ਪਹਿਲਾਂ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਚੋਣ ਡਿਊਟੀਆਂ (BLO ਕੰਮ), ਫਿਰ ਪ੍ਰੀਖਿਆ ਡਿਊਟੀਆਂ, ਸਰਕਾਰੀ ਸਕੀਮਾਂ ਦਾ ਕੰਮ ਅਤੇ ਪ੍ਰਸ਼ਾਸਨਿਕ ਕੰਮ ਸੌਂਪੇ ਗਏ ਸਨ। ਹੁਣ ਇਹ ਸਮਾਜਿਕ ਨਸ਼ਾ ਸਰਵੇਖਣ, ਜਿਸ ਲਈ ਹਰੇਕ ਬਲਾਕ ਵਿੱਚੋਂ ਦੋ 5"", ਦੋ ਸੀਨੀਅਰ ਸੈਕੰਡਰੀ ਅਤੇ ਦੋ ਮਿਡਲ ਸਕੂਲ ਅਧਿਆਪਕਾਂ ਨੂੰ ਸਵੈ-ਇੱਛਾ ਨਾਲ ਰਜਿਸਟਰ ਕਰਨ ਦੀ ਲੋੜ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਰੋਜ਼ਾਨਾ ਅਧਿਆਪਕਾਂ ਨੂੰ ਮੈਸੇਜ ਭੇਜ ਰਹੇ ਹਨ, ਉਨ੍ਹਾਂ ਨੂੰ ਰਜਿਸਟਰ ਕਰਨ ਲਈ ਮਜ਼ਬੂਰ ਕਰ ਰਹੇ ਹਨ। ਅਧਿਆਪਕ ਦਬਾਅ ਹੇਠ ਹਨ।

ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਬਹੁਤ ਪ੍ਰਚਾਰਿਤ 'ਸਿੱਖਿਆ ਕ੍ਰਾਂਤੀ' ਪਹਿਲਕਦਮੀ ਦੀ ਸ਼ੁਰੂਆਤ ਕਰਦੇ ਹੋਏ ਇਹ ਵੀ ਐਲਾਨ ਕੀਤਾ ਸੀ ਕਿ ਅਧਿਆਪਕਾਂ ਨੂੰ ਕੋਈ ਵੀ ਗੈਰ-ਅਕਾਦਮਿਕ ਡਿਊਟੀ ਨਹੀਂ ਸੌਂਪੀ ਜਾਵੇਗੀ।

# ਪੈਟਰੋਲ ਪੰਪਾਂ 'ਤੇ ਸਪਲਾਈ ਨਿਰੰਤਰ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਦੀ ਅਪੀਲ: ਡਿਪਟੀ ਕਮਿਸ਼ਨਰ



**ਬਠਿੰਡਾ,31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੀ ਅਗਵਾਈ ਹੇਠ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਦਫ਼ਤਰ ਬਠਿੰਡਾ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਐਫ.ਸੀ.ਐਲ. ਡੀ.ਐਫ.ਐਸ.ਓ. ਨੋਡਲ ਅਧਿਕਾਰੀ ਅਤੇ ਹੋਰ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਰਹੇ। ਮੀਟਿੰਗ ਦਾ ਮੁੱਖ ਉਦੇਸ਼ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਪ੍ਰਣਾਲੀ ਨੂੰ ਸੁਚਾਰੂ ਬਣਾਉਣਾ ਅਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਦਿਕਤ ਤੋਂ ਬਚਾਉਣਾ ਸੀ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਦੇ ਸਾਰੇ ਪੈਟਰੋਲ ਪੰਪਾਂ ਉੱਤੇ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਲਗਾਤਾਰ ਅਤੇ ਸੁਚਾਰੂ ਤਰੀਕੇ ਨਾਲ ਯਕੀਨੀ ਬਣਾਈ ਜਾਵੇਗੀ। ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਪੈਟਰੋਲ ਪੰਪ ਤੇ ਇੰਧਨ ਦੀ ਕਮੀ ਨਾ ਆਵੇ ਅਤੇ ਲੋਕਾਂ ਨੂੰ ਸਮੇਂ ਸਿਰ ਸਹੂਲਤ ਪ੍ਰਦਾਨ ਕੀਤੀ ਜਾ ਸਕੇ।

ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜ਼ਿਲ੍ਹੇ ਵਿੱਚ ਕੁੱਲ 240 ਦੇ ਕਰੀਬ ਪੈਟਰੋਲ ਪੰਪ ਚੱਲ ਰਹੇ ਹਨ ਅਤੇ ਕਿਸੇ ਵੀ ਪੰਪ ਤੇ ਪੈਟਰੋਲ ਜਾਂ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਪਿਛਲੇ ਕੁਝ ਦਿਨਾਂ ਵਿੱਚ ਇੰਧਨ ਦੀ ਡਿਮਾਂਡ ਵਿੱਚ ਲਗਭਗ 80% ਤੱਕ ਵਾਧਾ ਦੇਖਣ ਨੂੰ ਮਿਲਿਆ ਹੈ, ਪਰ ਫਿਰ ਵੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਮੁੱਖ ਯੋਜਨਾਬੰਦੀ ਕੀਤੀ ਗਈ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਘਬਰਾਹਟ ਵਿੱਚ ਆ ਕੇ ਪੈਟਰੋਲ ਜਾਂ ਡੀਜ਼ਲ ਦੀ ਬੇਵਜ੍ਹਾ ਜਮਾਂ ਨਾ ਕਰਨ। ਜ਼ਿਲ੍ਹੇ ਵਿੱਚ ਇੰਧਨ ਦੀ ਪੂਰੀ ਉਪਲਬਧਤਾ ਹੈ ਅਤੇ ਸਪਲਾਈ ਨਿਰੰਤਰ ਜਾਰੀ ਹੈ। ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਤੋਂ ਬਚਣ ਅਤੇ ਸਹੀ ਜਾਣਕਾਰੀ ਲਈ ਸਿਰਫ਼ ਸਰਕਾਰੀ ਸੂਤਰਾਂ 'ਤੇ ਹੀ ਭਰੋਸਾ ਕਰਨ ਦੀ ਅਪੀਲ ਕੀਤੀ ਗਈ ਹੈ।

ਮੀਟਿੰਗ ਦੌਰਾਨ ਸ਼੍ਰੀ ਹਰਸ਼ਿਤ ਮਹਿਤਾ ਖੁਰਾਕ ਸਪਲਾਈ ਅਫ਼ਸਰ, ਸ਼੍ਰੀ ਮਯੂਰ ਗਰਗ ਸੇਲਜ਼ ਮੈਨੇਜਰ, ਮਿਸ ਜੀਵਨਜੋਤ ਕੌਰ ਸੇਲਜ਼ ਮੈਨੇਜਰ ਆਈ.ਓ.ਸੀ.ਐਲ, ਸ਼੍ਰੀ ਸ਼ਮਸੇਰ ਸਬਲਾਨੀਆ ਸੇਲਜ਼ ਮੈਨੇਜਰ, ਮਿਸ ਮਹਿਮਾ ਚਾਹਰ ਸੇਲਜ਼ ਮੈਨੇਜਰ ਬੀ.ਪੀ.ਸੀ.ਐਲ, ਸ਼੍ਰੀ ਹਰਕਰਨ ਸਿੰਘ ਸੇਲਜ ਮੈਨੇਜਰ ਐਚ.ਪੀ.ਸੀ.ਐਲ, ਸ਼੍ਰੀਮਤੀ ਸ਼ੀਨੂੰ ਗਰਗ ਨਿਰੀਖਕ ਖੁਰਾਕ ਅਤੇ ਸਪਲਾਈਜ਼ ਹਾਜ਼ਿਰ ਰਹੇ।

# ਪੰਜਾਬ ਨੂੰ 'ਪੇਟ ਪੂਜਾ ਟੈਕਸ ਘੁਟਾਲੇ' ਦਾ ਸੇਕ ਲੱਗਿਆ

**ਚੰਡੀਗੜ੍ਹ, 31 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿੱਚ ਕਰੀਬ 70 ਹਜ਼ਾਰ ਕਰੋੜ ਰੁਪਏ ਦੇ ਹੋਏ 'ਪੇਟ ਪੂਜਾ ਜੀ ਐੱਸ ਟੀ' ਘੁਟਾਲੇ ਦਾ ਸੇਕ ਪੰਜਾਬ ਨੂੰ ਵੀ ਲੱਗਿਆ ਹੈ। ਸੂਬੇ ਵਿੱਚ 'ਪੇਟ ਪੂਜਾ' ਬਿਲਿੰਗ ਸਾਫਟਵੇਅਰ ਨਾਲ ਕਰੋੜਾਂ ਰੁਪਏ ਦੀ ਟੈਕਸ ਚੋਰੀ ਕਰਨ ਦਾ ਪਤਾ ਲੱਗਿਆ ਹੈ। ਸੂਬੇ ਦੇ ਸੈਂਕੜੇ ਹੋਟਲ ਤੇ ਰੈਸਟੋਰੈਂਟ ਮਾਲਕ 'ਪੇਟ ਪੂਜਾ' ਸਾਫਟਵੇਅਰ ਨਾਲ ਅਸਲੀ ਵਿਕਰੀ ਲੁਕੋ ਕੇ ਖ਼ਜ਼ਾਨੇ ਨੂੰ ਵਿੱਤੀ ਸੱਟ ਮਾਰ ਰਹੇ ਸਨ। ਪੰਜਾਬ ਦੇ ਕਰ ਵਿਭਾਗ ਦੇ ਜੀ ਐੱਸ ਟੀ ਵਿੰਗ ਨੇ ਹੋਟਲਾਂ/ਢਾਬਿਆਂ ਅਤੇ ਰੈਸਟੋਰੈਂਟਾਂ ਦੇ ਰਿਕਾਰਡ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵੱਲੋਂ ਡਿਜੀਟਲ ਢੰਗ ਨਾਲ ਜੀ ਐੱਸ ਟੀ ਦੀ ਚੋਰੀ ਕੀਤੀ ਜਾ ਰਹੀ ਸੀ।

ਵੇਰਵਿਆਂ ਮੁਤਾਬਕ ਮੁੱਢਲੇ ਪੜਾਅ 'ਤੇ 'ਪੇਟ ਪੂਜਾ' ਸਾਫਟਵੇਅਰ ਜ਼ਰੀਏ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੁਸ਼ਟੀ ਹੋਈ ਹੈ। ਕਰ ਵਿਭਾਗ ਪੰਜਾਬ ਨੇ ਸੂਬੇ ਦੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਇਸ ਸਾਫਟਵੇਅਰ ਨਾਲ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੈੜ ਨੱਪੀ ਹੈ। ਹੁਣ ਤੱਕ ਪੰਜਾਬ 'ਚ ਸੈਂਕੜੇ ਢਾਬੇ/ਰੈਸਟੋਰੈਂਟਾਂ ਅਤੇ ਹੋਟਲਾਂ ਦੀ ਚੈਕਿੰਗ ਹੋ ਚੁੱਕੀ ਹੈ। ਸੂਬੇ ਵਿੱਚ ਸਾਲਾਨਾ 7000 ਕਰੋੜ ਰੁਪਏ ਤੋਂ ਵੱਧ ਦੀ ਫੂਡ ਵਿਕਰੀ ਵਾਲੇ ਕਰੀਬ 11 ਹਜ਼ਾਰ ਹੋਟਲ/ਢਾਬੇ ਤੇ ਰੈਸਤਰਾਂ ਮਾਲਕ ਟੈਕਸ ਤਾਰਦੇ ਹਨ। ਪਤਾ ਲੱਗਿਆ ਹੈ ਕਿ ਆਮਦਨ ਕਰ ਵਿਭਾਗ ਨੇ ਹੋਟਲਾਂ ਅਤੇ ਰੈਸਤਰਾਵਾਂ ਵਾਲਿਆਂ ਨੂੰ ਨੋਟਿਸ ਭੇਜੇ ਸਨ, ਜਿਸ ਮਗਰੋਂ ਕਰ ਵਿਭਾਗ ਪੰਜਾਬ ਦੇ ਜੀ ਐੱਸ ਟੀ ਵਿੰਗ ਨੇ ਇਸ ਖੇਤਰ 'ਚ ਟੈਕਸ ਚੋਰੀ ਦੇ ਮਾਮਲੇ ਦੀ ਜਾਂਚ ਵਿੱਢੀ। ਪੰਜਾਬ ਵਿੱਚ ਕਮਾਈ ਪੱਖੋਂ ਮੁਹਾਲੀ ਪਹਿਲੇ ਨੰਬਰ 'ਤੇ ਹੈ, ਜਿੱਥੇ ਤਿੰਨ ਹਜ਼ਾਰ ਤੋਂ ਵੱਧ ਹੋਟਲ/ਢਾਬੇ ਅਤੇ ਰੈਸਤਰਾਂ ਟੈਕਸ ਤਾਰਦੇ ਹਨ ਅਤੇ ਮੁਹਾਲੀ ਜ਼ਿਲ੍ਹੇ 'ਚ ਸਾਲਾਨਾ ਇੱਕ ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਹੁੰਦਾ ਹੈ। ਲੁਧਿਆਣਾ ਜ਼ਿਲ੍ਹੇ 'ਚ ਕਰੀਬ 1500 ਹੋਟਲ/ਢਾਬੇ ਅਤੇ ਰੈਸਤਰਾਂ ਮਾਲਕ ਟੈਕਸ ਭਰਦੇ ਹਨ।

**100 ਕਰੋੜ ਤੋਂ ਵੱਧ ਦੀ ਜੀ ਐੱਸ ਟੀ ਚੋਰੀ**

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਮੁਕੰਮਲ ਕੀਤੀ ਜਾ ਰਹੀ ਹੈ ਅਤੇ ਮੁੱਢਲੇ ਪੜਾਅ 'ਤੇ 100 ਕਰੋੜ ਤੋਂ ਵੱਧ ਦੀ ਜੀ ਐੱਸ ਟੀ ਚੋਰੀ ਦਾ ਪਤਾ ਲੱਗਿਆ ਹੈ। ਜਾਂਚ ਹੋਣ ਮਗਰੋਂ ਸਹੀ ਅੰਕੜੇ ਸਪੱਸ਼ਟ ਹੋਣਗੇ। ਇਹ ਵੀ ਪਤਾ ਲੱਗਿਆ ਹੈ ਕਿ ਟੈਕਸ ਚੋਰੀ ਕਰਨ ਵਾਲਿਆਂ ਤੋਂ ਵਸੂਲੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਹੋਟਲਾਂ ਦੀ ਵਿਕਰੀ ਦੇ ਰਿਕਾਰਡ ਅਤੇ ਆਮਦਨ ਕਰ ਦੀਆਂ ਰਿਟਰਨਾਂ ਦਾ ਮਿਲਾਨ ਵੀ ਕੀਤਾ ਜਾ ਰਿਹਾ ਹੈ। ਜਾਂਚ ਟੀਮਾਂ ਵੱਲੋਂ ਪਿਛਲੇ ਸਾਲਾਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪਤਾ ਲੱਗਿਆ ਹੈ ਕਿ ਹੋਟਲ ਤੇ ਰੈਸਤਰਾਂ ਮਾਲਕ ਨਕਦ ਵਿਕਰੀ ਨੂੰ ਸਹੀ ਰਿਕਾਰਡ 'ਤੇ ਨਹੀਂ ਲਿਆਉਂਦੇ ਸਨ ਅਤੇ ਔਨਲਾਈਨ ਅਦਾਇਗੀ ਨੂੰ ਵੀ ਕਾਰੋਬਾਰ 'ਚ ਦਿਖਾਇਆ ਨਹੀਂ ਜਾਂਦਾ ਸੀ।

# ਭਾਰਤ ਸਰਕਾਰ ਦਾ ਵੱਡਾ ਫ਼ੈਸਲਾ: ਚੀਨ ਤੋਂ ਸਾਜ਼ੋ-ਸਾਮਾਨ ਦੀ ਖਰੀਦ 'ਤੇ ਦਿੱਤੀ ਢੀਲ, ਇਨ੍ਹਾਂ ਕੰਪਨੀਆਂ ਨੂੰ ਮਿਲੇਗੀ ਵੱਡੀ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 31 ਮਾਰਚ। ਗਲੋਬਲ ਸਪਲਾਈ ਚੇਨ ਦੇ ਵਧਦੇ ਦਬਾਅ ਅਤੇ ਘਰੇਲੂ ਪ੍ਰੋਜੈਕਟਾਂ ਵਿੱਚ ਹੋ ਰਹੀ ਦੇਰੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ ਇੱਕ ਅਹਿਮ ਫ਼ੈਸਲਾ ਲਿਆ ਹੈ। ਸਰਕਾਰ ਨੇ ਚੀਨ ਤੋਂ ਜ਼ਰੂਰੀ ਉਦਯੋਗਿਕ ਉਪਕਰਣਾਂ ਦੀ ਖਰੀਦ ਦੇ ਨਿਯਮਾਂ ਵਿੱਚ ਆਂਸ਼ਿਕ ਢੀਲ ਦੇਣ ਦਾ ਐਲਾਨ ਕੀਤਾ ਹੈ। ਰਾਇਟਰਜ਼ ਦੀ ਰਿਪੋਰਟ ਮੁਤਾਬਕ, ਇਸ ਕਦਮ ਤਹਿਤ ਕਈ ਸਰਕਾਰੀ ਕੰਪਨੀਆਂ ਨੂੰ ਹੁਣ ਸੀਮਤ ਦਾਇਰੇ ਵਿੱਚ ਚੀਨ ਤੋਂ ਮਹੱਤਵਪੂਰਨ ਉਪਕਰਣ ਆਯਾਤ ਕਰਨ ਦੀ ਇਜਾਜ਼ਤ ਮਿਲ ਗਈ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਸਭ ਤੋਂ ਵੱਧ ਰਾਹਤ ਭਾਰਤ ਹੈਵੀ ਇਲੈਕਟ?ਰੀਕਲਜ਼ ਲਿਮਟਿਡ ਅਤੇ ਸਟੀਲ ਅਥਾਰਟੀ ਆਫ ਇੰਡੀਆ ਲਿਮਟਿਡ ਵਰਗੀਆਂ ਦਿੱਗਜ ਕੰਪਨੀਆਂ ਨੂੰ ਮਿਲੇਗੀ। ਜਾਣਕਾਰੀ ਮੁਤਾਬਕ BHEL ਨੂੰ ਚੀਨ ਤੋਂ 21 ਤਰ੍ਹਾਂ ਦੇ ਅਹਿਮ ਉਪਕਰਣ ਖਰੀਦਣ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਦੇ ਨਾਲ ਹੀ SAIL ਨੂੰ ਵੀ ਆਪਣੇ ਪ੍ਰੋਜੈਕਟਾਂ ਲਈ ਲੋੜੀਂਦੇ ਕੰਪੋਨੈਂਟਸ ਆਯਾਤ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਕੋਲ ਗੈਸੀਫਿਕੇਸ਼ਨ ਨਾਲ ਜੁੜੇ ਉਪਕਰਣ ਖਰੀਦਣ ਲਈ ਵੀ ਕੁਝ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਛੋਟ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਲ 2020 ਵਿੱਚ ਸਰਹੱਦੀ ਤਣਾਅ ਤੋਂ ਬਾਅਦ ਭਾਰਤ ਨੇ ਚੀਨ ਤੋਂ ਆਯਾਤ ਅਤੇ ਨਿਵੇਸ਼ 'ਤੇ ਬਹੁਤ ਸਖ਼ਤ ਨਿਯਮ ਲਾਗੂ ਕਰ ਦਿੱਤੇ ਸਨ। ਹਾਲਾਂਕਿ, ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਵੱਡੇ ਇਨਫਰਾਸਟਰੱਕਚਰ ਅਤੇ ਉਦਯੋਗਿਕ ਪ੍ਰੋਜੈਕਟਾਂ ਵਿੱਚ ਉਪਕਰਣਾਂ ਦੀ ਘਾਟ ਕਾਰਨ ਦੇਰੀ ਦੇਖਣ ਨੂੰ ਮਿਲੀ, ਜਿਸ ਤੋਂ




ਬਾਅਦ ਸਰਕਾਰ ਨੇ ਇਨ੍ਹਾਂ ਨਿਯਮਾਂ ਨੂੰ ਨਰਮ ਕਰਨ ਦਾ ਫ਼ੈਸਲਾ ਲਿਆ ਹੈ। ਨਵੇਂ ਹੁਕਮਾਂ ਅਨੁਸਾਰ, ਹੁਣ ਸਰਕਾਰੀ ਠੇਕਿਆਂ ਵਿੱਚ ਸ਼ਾਮਲ ਚੀਨੀ ਕੰਪਨੀਆਂ ਨੂੰ ਹਰ ਵਾਰ ਸੁਰੱਖਿਆ ਅਤੇ ਸਿਆਸੀ ਮਨਜ਼ੂਰੀ ਲਈ ਵੱਖਰੇ ਤੌਰ 'ਤੇ ਰਜਿਸਟ?ਰੇਸ਼ਨ ਕਰਵਾਉਣ ਦੀ ਲੋੜ ਨਹੀਂ ਪਵੇਗੀ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਦਮ ਗਲੋਬਲ ਵਪਾਰ ਵਿੱਚ ਹੋ ਰਹੀਆਂ ਤਬਦੀਲੀਆਂ ਅਤੇ ਖ਼ਾਸ ਕਰਕੇ ਅਮਰੀਕਾ ਵੱਲੋਂ ਟੈਰਿਫ ਵਧਾਉਣ ਵਰਗੀਆਂ ਚੁਣੌਤੀਆਂ ਦਰਮਿਆਨ ਭਾਰਤ ਦੇ ਉਦਯੋਗਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਚੁੱਕਿਆ ਗਿਆ ਹੈ। ਪਿਛਲੇ ਕੁਝ ਸਮੇਂ ਤੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਵੀ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ੀ ਜਿਨਪਿੰਗ ਵਿਚਾਲੇ ਹੋਈ ਮੁਲਾਕਾਤ ਤੋਂ ਬਾਅਦ ਦੁਵੱਲੇ ਸਹਿਯੋਗ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਤਹਿਤ ਸਿੱਧੀਆਂ ਉਡਾਣਾਂ ਨੂੰ ਬਹਾਲ ਕਰਨ ਅਤੇ ਬਿਜ਼ਨਸ ਵੀਜ਼ਾ ਪ੍ਰਕਿਰਿਆ ਨੂੰ ਆਸਾਨ ਬਣਾਉਣ ਵਰਗੇ ਕਦਮ ਵੀ ਚੁੱਕੇ ਗਏ ਹਨ। ਸਰਕਾਰ ਦਾ ਇਹ ਤਾਜ਼ਾ ਫ਼ੈਸਲਾ ਨਾ ਸਿਰਫ਼ ਘਰੇਲੂ ਪ੍ਰੋਜੈਕਟਾਂ ਨੂੰ ਗਤੀ ਦੇਵੇਗਾ, ਸਗੋਂ ਭਾਰਤ-ਚੀਨ ਆਰਥਿਕ ਸਬੰਧਾਂ ਵਿੱਚ ਸੰਤੁਲਨ ਬਣਾਉਣ ਦੀ ਦਿਸ਼ਾ ਵਿੱਚ ਵੀ ਅਹਿਮ ਮੰਨਿਆ ਜਾ ਰਿਹਾ ਹੈ।

## ਭੈਣੀ ਸਾਹਿਬ ਉਤਰਾਧਿਕਾਰ ਵਿਵਾਦ 'ਚ ਨਵਾਂ ਮੋੜ, ਠਾਕੁਰ ਦਿਲੀਪ ਸਿੰਘ ਨੂੰ ਭਗੌੜਾ ਐਲਾਨਣ ਦੀ ਪ੍ਰਕਿਰਿਆ ਸ਼ੁਰੂ

ਪਾਇਲ 31 ਮਾਰਚ। ਨਾਮਧਾਰੀ ਸੰਪਰਦਾ ਦੇ ਪ੍ਰਸਿੱਧ ਭੈਣੀ ਸਾਹਿਬ ਉਤਰਾਧਿਕਾਰ ਵਿਵਾਦ ਅਤੇ ਇਸ ਨਾਲ ਸਬੰਧਤ ਕਤਲ ਅਤੇ ਅਪਰਾਧਿਕ ਸਾਜ਼ਿਸ਼ ਮਾਮਲਿਆਂ ਵਿੱਚ ਮਹੱਤਵਪੂਰਨ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਮੋਹਾਲੀ ਦੀ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਨੇ ਸਿਰਸਾ ਧੜੇ ਦੇ ਮੁਖੀ ਠਾਕੁਰ ਦਿਲੀਪ ਸਿੰਘ ਨੂੰ ਭਗੌੜਾ ਘੋਸ਼ਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਉਸ ਦੇ ਵਿਰੁੱਧ ਇਕ ਜਨਤਕ ਨੋਟਿਸ ਜਾਰੀ ਕੀਤਾ ਹੈ ਅਤੇ ਉਸ ਨੂੰ 8 ਅਪ੍ਰੈਲ ਤੱਕ ਅਦਾਲਤ ਵਿੱਚ ਪੇਸ਼ ਹੋਣ ਦਾ ਆਖਰੀ ਮੌਕਾ ਦਿੱਤਾ ਹੈ। ਸੀ. ਬੀ. ਆਈ .ਕੇਸ ਨੰਬਰ 3(ਐਸ)/2017 ਦੀ ਸੁਣਵਾਈ ਦੌਰਾਨ ਅਦਾਲਤ ਨੇ ਨੋਟ ਕੀਤਾ ਕਿ ਦੋਸ਼ੀ ਲੰਬੇ ਸਮੇਂ ਤੋਂ ਨਿਆਂਇਕ ਪ੍ਰਕਿਰਿਆ ਤੋਂ ਬਚ ਰਿਹਾ ਹੈ ਅਤੇ ਜਾਂਚ ਏਜੰਸੀ ਨੂੰ ਆਪਣਾ ਮੌਜੂਦਾ ਪਤਾ ਨਹੀਂ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਦਿਲੀਪ ਸਿੰਘ ਨਿਰਧਾਰਤ ਮਿਤੀ ਤੱਕ ਅਦਾਲਤ ਵਿੱਚ ਪੇਸ਼ ਨਹੀਂ ਹੁੰਦਾ ਹੈ ਤਾਂ ਉਸ ਨੂੰ ਰਸਮੀ ਤੌਰ 'ਤੇ ਭਗੌੜਾ ਘੋਸ਼ਿਤ ਕੀਤਾ ਜਾਵੇਗਾ, ਜਿਸ ਤੋਂ ਬਾਅਦ ਉਸਦੀ ਚੱਲ ਅਤੇ ਅਚੱਲ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ ਅਤੇ ਹੋਰ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

# ਸਥਾਈ ਕਮਿਸ਼ਨ ਤੋਂ ਵਾਂਝੀਆਂ ਮਹਿਲਾ ਅਫ਼ਸਰ ਪੂਰੀ ਪੈਨਸ਼ਨ ਦੀਆਂ ਹੱਕਦਾਰ, ਸੁਪਰੀਮ ਕੋਰਟ ਦਾ ਵੱਡਾ ਬਿਆਨ

ਨਵੀਂ ਦਿੱਲੀ 31 ਮਾਰਚ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਭਾਰਤੀ ਫੌਜ, ਸਮੁੰਦਰੀ ਫੌਜ ਅਤੇ ਹਵਾਈ ਫੌਜ ਵਿਚ ਸ਼ਾਰਟ ਸਰਵਿਸ ਕਮਿਸ਼ਨ (ਐੱਸ. ਐੱਸ. ਸੀ.) ਦੀਆਂ ਮਹਿਲਾ ਅਫ਼ਸਰਾਂ ਨੂੰ ਪੂਰੀ ਪੈਨਸ਼ਨ ਦੇਣ ਦਾ ਹੁਕਮ ਦਿੱਤਾ। ਜਿਨ੍ਹਾਂ ਮਾਮਲਿਆਂ ਵਿਚ ਮਹਿਲਾ ਅਫ਼ਸਰ ਸਥਾਈ ਕਮਿਸ਼ਨ (ਪੀ. ਸੀ.) ਨਾ ਮਿਲਣ ਕਾਰਨ ਪਹਿਲਾਂ ਹੀ ਸੇਵਾ ਛੱਡ ਚੁੱਕੀਆਂ ਸਨ, ਉਨ੍ਹਾਂ ਨੂੰ ਇੱਕਮੁਸ਼ਤ ਰਾਹਤ ਦਿੰਦੇ ਹੋਏ 20 ਸਾਲ ਦੀ ਸੇਵਾ ਪੂਰੀ ਮੰਨ ਕੇ ਪੈਨਸ਼ਨ ਅਤੇ ਹੋਰ ਲਾਭ ਦੇਣ ਦਾ ਫੈਸਲਾ ਸੁਣਾਇਆ। ਕੋਰਟ ਨੇ



ਕਿਹਾ— ਹਥਿਆਰਬੰਦ ਫੋਰਸਾਂ ਦੇ ਅੰਦਰ ਮੌਜੂਦ ਸਿਸਟਮਿਕ ਭੇਦਭਾਵ ਕਾਰਨ ਮਹਿਲਾ ਅਫ਼ਸਰਾਂ ਨੂੰ ਸਥਾਈ ਕਮਿਸ਼ਨ ਤੋਂ ਵਾਂਝਾ ਰੱਖਿਆ ਗਿਆ। ਔਰਤਾਂ ਨੂੰ ਸਥਾਈ ਕਮਿਸ਼ਨ ਨਾ ਦੇਣਾ ਉਨ੍ਹਾਂ ਦੀ ਯੋਗਤਾ ਦੀ ਕਮੀ ਨਹੀਂ, ਸਗੋਂ ਵਿਵਸਥਾ 'ਚ ਮੌਜੂਦ ਭੇਦਭਾਵ ਦਾ ਨਤੀਜਾ ਸੀ। ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਉੱਜਵਲ ਭੂਈਆਂ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਫੈਸਲਾ ਸੁਣਾਇਆ ਕਿ ਇਨ੍ਹਾਂ ਅਧਿਕਾਰੀਆਂ ਦੇ ਸਬੰਧ ਵਿਚ ਪੈਨਸ਼ਨ ਲਈ ਜ਼ਰੂਰੀ ਘੱਟੋ-ਘੱਟ 20 ਸਾਲ ਦੀ ਯੋਗਤਾ ਸੇਵਾ ਪੂਰੀ ਕਰ ਲਈ ਗਈ 'ਮੰਨੀ' ਜਾਵੇਗੀ, ਭਾਵੇਂ ਉਨ੍ਹਾਂ ਨੂੰ ਇਸ ਮਿਆਦ ਤੋਂ ਪਹਿਲਾਂ ਸੇਵਾ ਤੋਂ ਮੁਕਤ ਕਰ ਦਿੱਤਾ ਗਿਆ ਹੋਵੇ। ਇਹ ਫੈਸਲਾ ਵਿੰਗ ਕਮਾਂਡਰ ਸੁਚੇਤਾ ਐਡਨ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨਾਂ 'ਤੇ ਆਇਆ, ਜਿਨ੍ਹਾਂ ਵਿਚ 2019 ਵਿਚ ਨੀਤੀਗਤ ਬਦਲਾਅ ਅਤੇ ਪਿਛਲੇ ਹਥਿਆਰਬੰਦ ਫੋਰਸ ਟ੍ਰਿਬਿਊਨਲ (ਏ. ਐੱਫ. ਟੀ.) ਦੇ ਫੈਸਲਿਆਂ ਦੇ ਅਧਾਰ 'ਤੇ ਸਥਾਈ ਕਮਿਸ਼ਨ ਨਾ ਦਿੱਤੇ ਜਾਣ ਨੂੰ ਚੁਣੌਤੀ ਦਿੱਤੀ ਗਈ ਸੀ। ਫੈਸਲੇ ਦੇ ਮੁੱਖ ਅੰਸ਼ਾਂ ਨੂੰ ਪੜ੍ਹਦੇ ਹੋਏ, ਚੀਫ਼ ਜਸਟਿਸ ਨੇ ਕਿਹਾ ਕਿ ਮਹਿਲਾ ਅਧਿਕਾਰੀਆਂ ਲਈ ਸਾਲਾਨਾ ਗੁਪਤ ਰਿਪੋਰਟ (ਏ. ਸੀ. ਆਰ.) ਨੂੰ ਅਕਸਰ ਇਸ ਧਾਰਨਾ ਦੇ ਤਹਿਤ ਸ਼੍ਰੇਣੀ ਪ੍ਰਦਾਨ ਕੀਤੀ ਜਾਂਦੀ ਹੈ ਕਿ ਉਹ ਕਰੀਅਰ ਵਿਚ ਤਰੱਕੀ ਜਾਂ ਸਥਾਈ ਕਮਿਸ਼ਨ ਲਈ ਪਾਤਰ ਨਹੀਂ ਹੋਣਗੀਆਂ। ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਏ. ਸੀ. ਆਰ. ਇਸ ਧਾਰਨਾ ਦੇ ਨਾਲ ਲਿਖੀ ਗਈ ਕਿ ਉਨ੍ਹਾਂ ਦੇ ਕਰੀਅਰ ਵਿਚ ਕੋਈ ਤਰੱਕੀ ਨਹੀਂ ਹੋਵੇਗੀ। ਇਸ ਨਾਲ ਉਨ੍ਹਾਂ ਦੀ ਸਮੁੱਚੀ ਯੋਗਤਾ ''ਤੇ ਉਲਟ ਅਸਰ ਪਿਆ।

# ਪੰਜਾਬ 'ਚ ਇਨ੍ਹਾਂ ਵਾਹਨਾਂ 'ਤੇ ਸ਼ੁਰੂ ਹੋਈ ਕਾਰਵਾਈ, ਧੜਾ-ਧੜ ਹੋ ਰਹੇ ਚਲਾਨ

ਸ੍ਰੀ ਮੁਕਤਸਰ ਸਾਹਿਬ 31 ਮਾਰਚ। ਜ਼ਿਲਾ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਟ?ਰੈਫਿਕ ਨਿਯਮਾਂ ਤੋੜਨ ਵਾਲਿਆਂ ਦੇ ਚਲਾਨ ਕੀਤੇ ਗਏ। ਰਾਜੇਸ਼ ਠਾਕੁਰ, ਡੀ. ਐੱਸ. ਪੀ. ਟ?ਰੈਫਿਕ ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਟ?ਰੈਫਿਕ ਨਾਕਾਬੰਦੀ ਕੀਤੀ ਗਈ ਅਤੇ ਵਾਹਨ ਚਾਲਕਾਂ ਨੂੰ ਟ?ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪੁਲਸ ਟੀਮਾਂ ਵੱਲੋਂ ਵਾਹਨਾਂ ਦੇ ਦਸਤਾਵੇਜ਼ਾਂ ਦੀ ਜਾਂਚ ਵੀ ਕੀਤੀ ਗਈ ਅਤੇ ਲੋਕਾਂ ਨੂੰ ਸੁਰੱਖਿਅਤ ਡਰਾਈਵਿੰਗ ਲਈ ਜਾਗਰੂਕ ਕੀਤਾ ਗਿਆ। ਅਭਿਮੰਨਿਊ ਰਾਣਾ, ਆਈ. ਪੀ. ਐੱਸ., ਐੱਸ. ਐੱਸ. ਪੀ. ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਨਾਕੇ ਲਗਾ ਕੇ ਲੋਕਾਂ ਨੂੰ ਟ?ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ ਵੀ ਜਿਹੜੇ ਵਾਹਨ ਚਾਲਕ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਪਾਏ ਗਏ ਜਾਂ ਜਿਨ੍ਹਾਂ ਕੋਲ ਵਾਹਨਾਂ ਦੇ ਪੂਰੇ ਦਸਤਾਵੇਜ਼ ਮੌਜੂਦ ਨਹੀਂ ਸਨ, ਉਨ੍ਹਾਂ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਗਈ। ਪਿਛਲੇ 24 ਘੰਟਿਆਂ ਦੌਰਾਨ ਕੁੱਲ 215 ਵਾਹਨਾਂ ਦੇ ਚਲਾਨ ਕੀਤੇ ਗਏ, ਜਦਕਿ 17 ਵਾਹਨਾਂ ਨੂੰ ਦਸਤਾਵੇਜ਼ ਅਤੇ ਨੰਬਰ ਪਲੇਟ ਨਾ ਹੋਣ ਕਾਰਨ ਇੰਪਾਊਂਡ (ਬੰਦ) ਕੀਤਾ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਰੇ ਵਾਹਨ ਚਾਲਕ ਟ?ਰੈਫਿਕ ਨਿਯਮਾਂ ਦੀ ਪੂਰੀ ਪਾਲਣਾ ਕਰਨ। ਖ਼ਾਸ ਕਰਕੇ ਬਾਜ਼ਾਰਾਂ ਵਿਚ ਖਰੀਦਦਾਰੀ ਸਮੇਂ ਆਪਣੇ ਵਾਹਨ ਸੜਕ ਦੇ ਵਿਚਕਾਰ ਨਾ ਖੜ੍ਹੇ ਕਰਨ, ਸਗੋਂ ਨਿਰਧਾਰਤ ਪਾਰਕਿੰਗ ਥਾਵਾਂ 'ਤੇ ਹੀ ਪਾਰਕ ਕਰਨ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਸਾਰੇ ਜ਼ਰੂਰੀ ਦਸਤਾਵੇਜ਼ ਜਿਵੇਂ ਕਿ ਡਰਾਈਵਿੰਗ ਲਾਇਸੈਂਸ, ਰਜਿਸਟਰੇਸ਼ਨ ਸਰਟੀਫਿਕੇਟ, ਇੰਸ਼ੋਰੈਂਸ ਅਤੇ ਪ੍ਰਦੂਸ਼ਣ ਸਰਟੀਫਿਕੇਟ ਆਪਣੇ ਕੋਲ ਰੱਖਣੇ ਲਾਜ਼ਮੀ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਜਲਦਬਾਜ਼ੀ ਨਾ ਕੀਤੀ ਜਾਵੇ ਅਤੇ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਇਸ ਤੋਂ ਇਲਾਵਾ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਨਾਬਾਲਗ ਬੱਚਿਆਂ ਨੂੰ ਵਾਹਨ ਚਲਾਉਣ ਲਈ ਨਾ ਦੇਣ ਕਿਉਂਕਿ ਇਸ ਨਾਲ ਸੜਕ ਹਾਦਸਿਆਂ ਦਾ ਖਤਰਾ ਵੱਧ ਜਾਂਦਾ ਹੈ। ਰਾਤ ਸਮੇਂ ਵਾਹਨ ਚਲਾਉਂਦੇ ਸਮੇਂ ਵੀ ਸਾਰੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਜ਼ਿਲਾ ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ?ਰੈਫਿਕ ਨਿਯਮਾਂ ਦੀ ਪਾਲਣਾ ਕਰ ਕੇ ਆਪਣੀ ਅਤੇ ਹੋਰਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਬਣਾਉਣ ਅਤੇ ਸੜਕ ਹਾਦਸਿਆਂ ਨੂੰ ਘਟਾਉਣ ਵਿਚ ਪੁਲਸ ਦਾ ਸਹਿਯੋਗ ਕਰਨ ਅਤੇ ਜੇਕਰ ਉਹ ਕੋਈ ਜਾਣਕਾਰੀ ਸਾਡੇ ਨਾਲ ਸਾਂਝੀ ਕਰਨਾ ਚਾਹੁੰਦੇ ਹੋ ਤਾਂ ਸਾਡੇ ਪੁਲਸ ਦੀ ਹੈਲਪਲਾਈਨ ਨੰਬਰ 8054942100 'ਤੇ ਜਾਣਕਾਰੀ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ।

# 6 ਮਹੀਨੇ ਦੀ ਧੀ ਨੂੰ ਲੈ ਕੇ ਪੇਕੇ ਗਈ ਸੀ ਪਤਨੀ, ਪਤੀ ਨੇ ਕੀਤੀ ਖ਼ੁਦਕੁਸ਼ੀ

ਲੁਧਿਆਣਾ 31 ਮਾਰਚ। ਲੁਧਿਆਣਾ ਦੇ ਬਾਲ ਸਿੰਘ ਨਗਰ ਇਲਾਕੇ 'ਚ ਇੱਕ 28 ਸਾਲਾ ਨੌਜਵਾਨ ਵੱਲੋਂ ਆਪਣੀ ਪਤਨੀ ਅਤੇ ਧੀ ਦੇ ਵਿਯੋਗ 'ਚ ਫ਼ਾਹਾ ਲਗਾ ਕੇ ਖ਼ੁਦਕੁਸ਼ੀ ਕਰਨ ਦਾ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਬਿਕਰਮਜੀਤ ਸਿੰਘ ਵਜੋਂ ਹੋਈ ਹੈ, ਜੋ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ। ਮ੍ਰਿਤਕ ਦੇ ਭਰਾ ਖੇਮਰਾਜ ਅਨੁਸਾਰ ਬਿਕਰਮਜੀਤ ਦਾ ਵਿਆਹ ਕਰੀਬ ਡੇਢ ਸਾਲ ਪਹਿਲਾਂ ਕਾਜਲ ਨਾਲ ਹੋਇਆ ਸੀ। ਕਰੀਬ ਦੋ ਮਹੀਨੇ ਪਹਿਲਾਂ ਉਸ ਦੀ ਪਤਨੀ ਕਾਜਲ ਲੜਾਈ-ਝਗੜਾ ਕਰਕੇ ਆਪਣੀ 6 ਮਹੀਨੇ ਦੀ ਧੀ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ ਸੀ। ਪਰਿਵਾਰ ਵੱਲੋਂ ਕਈ ਵਾਰ ਸਮਝਾਉਣ ਦੇ ਬਾਵਜੂਦ ਉਹ ਵਾਪਸ ਨਹੀਂ ਪਰਤੀ, ਜਿਸ ਕਾਰਨ ਬਿਕਰਮਜੀਤ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ। 26 ਮਾਰਚ ਦੀ ਰਾਤ ਨੂੰ ਉਸ ਨੇ ਫ਼ਾਹਾ ਲਗਾ ਲਿਆ। ਪਹਿਲਾਂ ਪੁਲਸ ਨੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਸੀ ਪਰ ਸਸਕਾਰ ਤੋਂ ਬਾਅਦ ਜਦੋਂ ਪਰਿਵਾਰ ਨੇ ਬਿਕਰਮਜੀਤ ਦਾ ਕਮਰਾ ਖੰਗਾਲਿਆ ਤਾਂ ਉੱਥੋਂ ਦੋ ਖ਼ੁਦਕੁਸ਼ੀ ਨੋਟ ਬਰਾਮਦ ਹੋਏ। ਇਨ੍ਹਾਂ ਨੋਟਾਂ 'ਚ ਮ੍ਰਿਤਕ ਨੇ ਆਪਣੀ ਮੌਤ ਲਈ ਆਪਣੀ ਪਤਨੀ ਕਾਜਲ ਅਤੇ ਸੱਸ ਰਾਜ ਰਾਣੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਥਾਣਾ ਦਰੇਸੀ ਦੇ ਮੁਖੀ ਸਬ-ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਖ਼ੁਦਕੁਸ਼ੀ ਨੋਟ ਮਿਲਣ ਤੋਂ ਬਾਅਦ ਪੁਲਸ ਨੇ ਕਾਜਲ ਅਤੇ ਉਸਦੀ ਮਾਂ ਰਾਜ ਰਾਣੀ (ਵਾਸੀ ਸੁਭਾਸ਼ ਨਗਰ) ਖ਼?ਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਹੇਠ ਮਾਮਲਾ ਦਰਜ ਕਰ ਲਿਆ ਹੈ।

# ਜਾਨਲੇਵਾ ਕੀਟਨਾਸ਼ਕ ਬਣਾਉਣ ਤੇ ਵੇਚਣ ਵਾਲਿਆਂ ਨੂੰ ਹੋਵੇਗੀ 5 ਸਾਲ ਦੀ ਜੇਲ੍ਹ ! ਕੇਂਦਰ ਸਰਕਾਰ ਲਿਆ ਰਹੀ ਹੈ ਨਵਾਂ ਬਿੱਲ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 31 ਮਾਰਚ। ਖੇਤੀ ਅਤੇ ਕਿਸਾਨਾਂ ਨੂੰ ਗੈਰ-ਕਾਨੂੰਨੀ ਅਤੇ ਜਾਨਲੇਵਾ ਰਸਾਇਣਾਂ ਤੋਂ ਸੁਰੱਖਿਅਤ ਰੱਖਣ ਲਈ ਕੇਂਦਰ ਸਰਕਾਰ ਇੱਕ ਵੱਡਾ ਕਦਮ ਚੁੱਕਣ ਜਾ ਰਹੀ ਹੈ। ਸਰਕਾਰ 57 ਸਾਲ ਪੁਰਾਣੇ 'ਕੀਟਨਾਸ਼ਕ ਕਾਨੂੰਨ 1968' ਨੂੰ ਬਦਲ ਕੇ ਨਵਾਂ 'ਕੀਟਨਾਸ਼ਕ ਪ੍ਰਬੰਧਨ ਬਿੱਲ' ਲਿਆ ਰਹੀ ਹੈ। ਕੈਬਨਿਟ ਦੀ ਮਨਜ਼ੂਰੀ ਤੋਂ ਬਾਅਦ ਇਸ ਬਿੱਲ ਨੂੰ ਜਲਦੀ ਹੀ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਦੇਸ਼ ਵਿੱਚ ਹਰ ਸਾਲ ਕੀਟਨਾਸ਼ਕਾਂ ਦੇ ਜ਼ਹਿਰੀਲੇ ਪ੍ਰਭਾਵ ਕਾਰਨ ਲਗਭਗ 7500 ਕਿਸਾਨਾਂ ਦੀ ਮੌਤ ਹੋ ਰਹੀ ਹੈ ਅਤੇ ਖਾਣ-ਪੀਣ ਦੀਆਂ ਵਸਤੂਆਂ ਵੀ ਦੂਸ਼ਿਤ ਹੋ ਰਹੀਆਂ ਹਨ। ਇਸ ਨੂੰ ਰੋਕਣ ਲਈ ਨਵੇਂ ਬਿੱਲ ਵਿੱਚ ਕੀਟਨਾਸ਼ਕਾਂ ਦੀ ਡਿਜੀਟਲ ਟ?ਰੈਕਿੰਗ ਦੀ ਵਿਵਸਥਾ ਕੀਤੀ ਗਈ ਹੈ। ਹੁਣ ਦੇਸੀ ਅਤੇ ਵਿਦੇਸ਼ੀ, ਹਰ ਤਰ੍ਹਾਂ ਦੇ ਕੀਟਨਾਸ਼ਕਾਂ ਨੂੰ ਸਰਕਾਰ ਦੇ ਡਿਜੀਟਲ ਡੈਸ਼ਬੋਰਡ 'ਤੇ ਰਜਿਸਟਰ ਕਰਨਾ ਲਾਜ਼ਮੀ ਹੋਵੇਗਾ। ਸਜ਼ਾ: ਘਾਤਕ ਕੀਟਨਾਸ਼ਕ ਬਣਾਉਣ ਅਤੇ ਵੇਚਣ ਵਾਲਿਆਂ ਨੂੰ 5 ਸਾਲ ਤੱਕ ਦੀ ਜੇਲ੍ਹ ਅਤੇ 40 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਲਾਇਸੈਂਸ ਰੱਦ: ਜੇਕਰ ਕੋਈ ਕੰਪਨੀ ਤੀਜੀ ਵਾਰ ਅਪਰਾਧ ਕਰਦੀ ਹੈ, ਤਾਂ ਉਸਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇਗਾ ਅਤੇ ਡਾਇਰੈਕਟਰਾਂ ਨੂੰ ਦੋਸ਼ੀ ਮੰਨਿਆ ਜਾਵੇਗਾ। ਗੈਰ-ਕਾਨੂੰਨੀ ਉਤਪਾਦਨ: ਬਿਨਾਂ



ਲਾਇਸੈਂਸ ਜਾਂ ਪਾਬੰਦੀਸ਼ੁਦਾ ਕੀਟਨਾਸ਼ਕ ਬਣਾਉਣ 'ਤੇ 3 ਸਾਲ ਦੀ ਸਜ਼ਾ ਅਤੇ 40 ਲੱਖ ਰੁਪਏ ਤੱਕ ਦਾ ਜੁਰਮਾਨਾ ਹੋਵੇਗਾ। ਹੋਰ ਜੁਰਮਾਨੇ: ਨਿਯਮਾਂ ਦੇ ਉਲਟ ਵਿਕਰੀ ਜਾਂ ਸਟਾਕ ਕਰਨ 'ਤੇ 2 ਲੱਖ ਰੁਪਏ ਅਤੇ ਐਕਸਪਾਇਰੀ ਜਾਂ ਗੈਰ-ਰਜਿਸਟਰਡ ਕੀਟਨਾਸ਼ਕ ਵੇਚਣ 'ਤੇ 50 ਹਜ਼ਾਰ ਤੋਂ 2 ਲੱਖ ਰੁਪਏ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਕੀਟਨਾਸ਼ਕਾਂ ਦੀ ਲੇਬਲਿੰਗ, ਪੈਕੇਜਿੰਗ ਅਤੇ ਟ?ਰਾਂਸਪੋਰਟੇਸ਼ਨ ਦੀ 24 ਘੰਟੇ ਨਿਗਰਾਨੀ ਕੀਤੀ ਜਾਵੇਗੀ। ਬਿੱਲ ਪਾਸ ਹੋਣ ਤੋਂ ਬਾਅਦ, ਇਸ ਦੇ ਸਹੀ ਪ੍ਰਬੰਧਨ ਲਈ ਕੇਂਦਰੀ ਪੱਧਰ 'ਤੇ ਦੋ ਵਿਸ਼ੇਸ਼ ਸੰਸਥਾਵਾਂ ਬਣਾਈਆਂ ਜਾਣਗੀਆਂ।

## ਇੱਟਾਂ ਦੇ ਪੱਠੇ ਤੋਂ 2 ਨੌਜਵਾਨ ਨਾਬਾਲਗ ਕੁੜੀ ਨੂੰ ਲੈ ਕੇ ਹੋਏ ਫਰਾਰ

ਦਸੂਹਾ 31 ਮਾਰਚ। ਥਾਣਾ ਦਸੂਹਾ ਦੇ ਪਿੰਡ ਦੋਲੋਵਾਲ ਇੱਟਾਂ ਦੇ ਭੱਠੇ ਤੋਂ 2 ਨੌਜਵਾਨ ਸੋਨੂ ਅਤੇ ਉਸ ਦਾ ਭਰਾ ਰਾਜੂ ਪੁੱਤਰਾਨ ਸੰਗਤ ਰਾਮ ਭੱਠੇ ਦੇ ਕੰਮ ਕਰਦੀ ਨਾਬਾਲਗ ਕੁੜੀ ਨੂੰ ਲੈ ਕੇ ਫਰਾਰ ਹੋ ਗਏ । ਇਸ ਸਬੰਧੀ ਨਾਬਾਲਗ ਕੁੜੀ ਦਾ ਪਿਤਾ ਰਾਮ ਆਸਰਾ ਪੁੱਤਰ ਧਨੀ ਰਾਮ ਵਾਸੀ ਪਿੰਡ ਦੋਲੋਵਾਲ ਇੱਟਾਂ ਦੇ ਪੱਠੇ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਦਾ ਕਈ ਵਾਰ ਇਨ੍ਹਾਂ ਦੇ ਪਰਿਵਾਰ ਨਾਲ ਝਗੜਾ ਵੀ ਹੋਇਆ ਅਤੇ ਹੁਣ ਉਹ ਉਸ ਦੀ ਨਾਬਾਲਗ ਕੁੜੀ ਨੂੰ ਵਰਗਲਾ ਕੇ ਅਗਵਾ ਕਰਕੇ ਕਿਤੇ ਲੈ ਗਏ ਹਨ। ਇਸ ਸਬੰਧੀ ਥਾਣਾ ਦਸੂਹਾ ਦੇ ਏ. ਐੱਸ. ਆਈ. ਜਾਂਚ ਅਧਿਕਾਰੀ ਮਹਿੰਦਰ ਸਿੰਘ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨਬਾਲਗ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ ਤੇ ਲੜਕੀ ਨੂੰ ਵਰਗਲਾ ਅਗਵਾ ਕਰਕੇ ਲੈ ਜਾਣ ਦੇ ਸਬੰਧ 'ਚ ਮੋਨੂ ਅਤੇ ਉਸ ਦਾ ਭਰਾ ਰਾਜੂ ਪੁਤਰਾਨ ਸੰਗਤ ਰਾਮ ਦੇ ਵਿਰੁੱਧ ਕੇਸ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਨੌਜਵਾਨ ਹੀ ਰਾਸ਼ਟਰ ਨਿਰਮਾਣ 'ਚ ਅਹਿਮ ਭੂਮਿਕਾ ਨਿਭਾ ਸਕਦੇ ਹਨ : ਅਤੁਲ ਲਿਮਯੇ

**ਕੌਮੀ ਪਤ੍ਰਿਕਾ**

ਮੋਹਾਲੀ 31 ਮਾਰਚ। ਰਾਸ਼ਟਰੀ ਸਵੈ-ਵਕ ਸੰਘ ਚੰਡੀਗੜ੍ਹ ਵਿਭਾਗ ਵੱਲੋਂ ਮੋਹਾਲੀ ਦੇ ਸੈਕਟਰ 79 ਸਥਿਤ ਪਾਰਕ ਨੰਬਰ-7 'ਚ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇੱਕ ਵਿਸ਼ਾਲ ਯੁਵਾ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਲਗਭਗ ਤਿੰਨ ਹਜ਼ਾਰ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰੋਗਰਾਮ ਦੇ ਮੁੱਖ ਬੁਲਾਰੇ, ਆਰ.ਐੱਸ.ਐੱਸ. ਦੇ ਅਖਿਲ ਭਾਰਤੀ ਸਹਿ ਸਰਕਾਰਯਵਾਹ ਅਤੁਲ ਲਿਮਯੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਹੀ ਰਾਸ਼ਟਰ ਨਿਰਮਾਣ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤ 'ਚ ਵਿਸ਼ਵ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਹੈ ਅਤੇ ਭਾਰਤ ਤੇਜ਼ੀ ਨਾਲ ਵਿਸ਼ਵ ਪੱਧਰੀ ਗਤੀਵਿਧੀਆਂ ਦਾ ਕੇਂਦਰ ਬਣ ਰਿਹਾ ਹੈ। ਲਿਮਯੇ ਨੇ ਨੌਜਵਾਨਾਂ ਨੂੰ ਸੰਵਿਧਾਨ ਪੜ੍ਹਨ ਦੀ ਅਪੀਲ ਕੀਤੀ ਤੇ ਕਿਹਾ ਕਿ ਇਹ ਸਾਡੇ ਪੁਰਖਿਆਂ ਅਤੇ ਪ੍ਰਾਚੀਨ ਸੰਸਕ੍ਰਿਤੀ ਦੀ ਚੇਤਨਾ ਨੂੰ ਜਿਉਂਦਾ ਰੱਖਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਸਾਡੀ ਭਾਸ਼ਾ, ਪਹਿਰਾਵਾ ਅਤੇ ਖਾਣ-ਪੀਣ ਵੱਖ-ਵੱਖ ਹੋਵੇ, ਪਰ




ਸੱਭਿਆਚਾਰਕ ਅਤੇ ਪਰੰਪਰਾਗਤ ਤੌਰ 'ਤੇ ਅਸੀਂ ਸਾਰੇ ਸਨਾਤਨੀ ਹਿੰਦੂ ਹਾਂ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਮਾਜ ਅਤੇ ਵਿਵਸਥਾ ਦੇ ਨਿਰਮਾਣ ਤੋਂ ਪਹਿਲਾਂ ਵਿਅਕਤੀ ਦਾ ਨਿਰਮਾਣ ਹੋਣਾ ਜ਼ਰੂਰੀ ਹੈ। ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਾਬਕਾ ਕ੍ਰਿਕਟਰ ਸਰਦਾਰ ਗੀਤਿੰਦਰ ਸਿੰਘ ਸੋਢੀ ਨੇ ਕਿਹਾ ਕਿ ਅੱਜ ਦਾ ਨੌਜਵਾਨ ਤਬਦੀਲੀ ਦਾ ਵਾਹਕ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਆਪਣੇ ਹੁਨਰ ਨੂੰ ਨਿਖਾਰਨ, ਨਵੀਨਤਾ ਨੂੰ ਅਪਣਾਉਣ ਅਤੇ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਮੁਤਾਬਕ ਸਕਾਰਾਤਮਕ ਸੋਚ ਅਤੇ ਸਖ਼ਤ ਮਿਹਨਤ ਨਾਲ ਨੌਜਵਾਨ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਸਕਦੇ ਹਨ। ਇਹ ਪ੍ਰੋਗਰਾਮ ਆਰ.ਐੱਸ.ਐੱਸ. ਦੀ ਸਥਾਪਨਾ ਦੇ 100 ਸਾਲ ਪੂਰੇ ਹੋਣ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਦਾ ਹਿੱਸਾ ਸੀ। ਮੰਚ 'ਤੇ ਪ੍ਰਾਂਤ ਸੰਘਚਾਲਕ ਸਰਦਾਰ ਇਕਬਾਲ ਸਿੰਘ ਅਤੇ ਵਿਭਾਗ ਸੰਘਚਾਲਕ ਤ੍ਰਿਲੋਕੀ ਨਾਥ ਗੋਇਲ ਵੀ ਮੌਜੂਦ ਸਨ। ਪ੍ਰੋਗਰਾਮ ਦੀ ਸ਼ੁਰੂਆਤ 'ਵੰਦੇ ਮਾਤਰਮ' ਨਾਲ ਹੋਈ ਅਤੇ ਸਮਾਪਤੀ ਰਾਸ਼ਟਰੀ ਗਾਨ ਨਾਲ ਕੀਤੀ ਗਈ। ਅੰਤ 'ਚ ਤ੍ਰਿਲੋਕੀ ਨਾਥ ਗੋਇਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਦੁਬਈ ਤੋਂ ਆਈ ਪੁੱਤ ਦੀ ਮੌਤ ਦੀ ਖ਼ਬਰ ਨੇ ਵਿਛਾਏ ਸੱਥਰ, ਪਰਿਵਾਰ 'ਤੇ ਟੁੱਟਿਆ ਦੁੱਖਾਂ ਦਾ ਪਹਾੜ

ਜ਼ੀਰਾ 31 ਮਾਰਚ। ਜ਼ਿਲ੍ਹਾ ਫਿਰੋਜ਼ਪੁਰ ਦੇ ਅਧੀਨ ਪੈਂਦੇ ਇਲਾਕਾ ਜ਼ੀਰਾ ਅਧੀਨ ਆਉਂਦੇ ਪਿੰਡ ਰਟੌਲ ਬੇਟ ਦੇ ਨੌਜਵਾਨ ਰਾਜ ਕਰਨ ਸਿੰਘ ਸੰਧੂ ਦੀ ਦੁਬਈ 'ਚ ਮੌਤ ਹੋ ਗਈ। ਉਸ ਦੀ ਮੌਤ ਦੀ ਖ਼ਬਰ ਦਾ ਪਤਾ ਲੱਗਦਿਆਂ ਹੀ ਜਿੱਥੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਡਿੱਗ ਪਿਆ, ਉੱਥੇ ਨੌਜਵਾਨ ਦੀ ਮੌਤ ਦਾ ਪਤਾ ਲੱਗਣ 'ਤੇ ਇਲਾਕੇ ਅੰਦਰ ਸੋਗ ਦੀ ਲਹਿਰ ਦੌੜ ਗਈ। ਇਸ ਸਬੰਧੀ ਗੱਲਬਾਤ ਕਰਦਿਆਂ ਮ੍ਰਿਤਕ ਨੌਜਵਾਨ ਰਾਜਕਰਨ ਸਿੰਘ ਸੰਧੂ (23) ਦੇ ਪਿਤਾ ਹਰਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਕੰਮ ਲਈ ਕਰੀਬ 7 ਲੱਖ ਰੁਪਏ ਲਗਾ ਕੇ ਦੁਬਈ ਦੇ ਆਬੂ ਧਾਬੀ 'ਚ ਭੇਜਿਆ ਸੀ, ਜਿੱਥੇ ਨੌਜਵਾਨ ਨੇ ਆਪਣਾ ਡਰਾਈਵਿੰਗ ਲਾਇਸੈਂਸ ਬਣਾ ਕੇ ਕਰੀਬ 2 ਮਹੀਨੇ ਪਹਿਲਾਂ ਹੀ ਟਰਾਲੇ 'ਤੇ ਕੰਮ ਕਰਨਾ ਸ਼ੁਰੂ ਕੀਤਾ ਸੀ। ਬੀਤੇ ਦਿਨ ਮੌਤ ਦੇ ਜ਼ਾਲਮ ਪੰਜਿਆਂ ਨੇ ਮਾਪਿਆਂ ਤੋਂ ਉਨ੍ਹਾਂ ਦਾ ਪੁੱਤਰ ਸਦਾ ਲਈ ਵਿਛੋੜ ਦਿੱਤਾ। ਜ਼ਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਰਾਜਕਰਨ ਸਿੰਘ ਸੰਧੂ ਦਾ ਤਿੰਨ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਉਹ ਆਪਣੇ ਪਿੱਛੇ ਇਕ 6 ਮਹੀਨੇ ਦੇ ਪੁੱਤਰ, ਪਤਨੀ ਅਤੇ ਮਾਪਿਆਂ ਨੂੰ ਰੋਂਦੇ-ਕੁਰਲਾਉਂਦੇ ਛੱਡ ਗਿਆ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਨੇ ਭਾਰਤ ਅਤੇ ਪੰਜਾਬ ਸਰਕਾਰ ਤੋਂ ਇਲਾਵਾ ਸਮਾਜਸੇਵੀ ਸੰਸਥਾਵਾਂ ਅੱਗੇ ਅਪੀਲ ਕੀਤੀ ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਨੂੰ ਭਾਰਤ ਲਿਆਉਣ 'ਚ ਪਰਿਵਾਰ ਦੀ ਮਦਦ ਕੀਤੀ ਜਾਵੇ।

# ਫਰੀਦਕੋਟ ਮੈਡੀਕਲ ਹਸਪਤਾਲ 'ਚ ਵੈਂਟੀਲੇਟਰ ਦੀ ਘਾਟ ਕਾਰਨ ਮਰੀਜ਼ ਦੀ ਮੌਤ

ਫਰੀਦਕੋਟ 31 ਮਾਰਚ। ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਵੈਂਟੀਲੇਟਰ ਦੀ ਉਪਲੱਬਧਤਾ ਨਾ ਹੋਣ ਕਾਰਨ ਇਕ ਮਰੀਜ਼ ਦੀ ਮੌਤ ਹੋ ਜਾਣ ਦਾ ਅਤਿ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਸੰਜੇ ਨਗਰ ਬਸਤੀ ਦੇ ਨਿਵਾਸੀ ਅਤੇ ਪੰਜਾਬ ਪੁਲਸ ਦੇ ਸੇਵਾਮੁਕਤ ਏ. ਐੱਸ. ਆਈ. ਸੁਖਵਿੰਦਰ ਸਿੰਘ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਨੂੰ ਸ਼ੁੱਕਰਵਾਰ ਸਵੇਰੇ ਕਰੀਬ 8 ਵਜੇ ਹਾਲਤ ਵਿਗੜਨ 'ਤੇ ਹਸਪਤਾਲ ਦੇ ਐਮਰਜੈਂਸੀ ਵਿਭਾਗ 'ਚ ਭਰਤੀ ਕਰਵਾਇਆ ਗਿਆ ਸੀ। ਡਾਕਟਰਾਂ ਵੱਲੋਂ ਉਨ੍ਹਾਂ ਦੀ ਸਥਿਤੀ ਨੂੰ ਨਾਜ਼ੁਕ ਦੱਸਦਿਆਂ ਤੁਰੰਤ ਵੈਂਟੀਲੇਟਰ ਦੀ ਲੋੜ ਜਤਾਈ ਗਈ ਸੀ ਪਰ ਉਸ ਸਮੇਂ ਕੋਈ ਵੀ ਵੈਂਟੀਲੇਟਰ ਖਾਲੀ ਨਾ ਹੋਣ ਕਾਰਨ ਪਰਿਵਾਰ ਨੂੰ ਲੰਬੀ ਉਡੀਕ ਕਰਨੀ ਪਈ। ਲਗਭਗ 11 ਘੰਟਿਆਂ ਬਾਅਦ ਸ਼ਾਮ 7 ਵਜੇ ਦੇ ਕਰੀਬ ਮਰੀਜ਼ ਨੇ ਦਮ ਤੋੜ ਦਿੱਤਾ। ਘਟਨਾ ਤੋਂ ਬਾਅਦ ਪੀੜਤ ਪਰਿਵਾਰ ਨੇ ਹਸਪਤਾਲ ਪ੍ਰਸ਼ਾਸਨ 'ਤੇ ਲਾਪਰਵਾਹੀ ਦੇ ਦੋਸ਼ ਲਗਾਉਂਦਿਆਂ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਤੋਂ ਇਨਸਾਫ਼ ਦੀ ਗੁਹਾਰ ਲਗਾਈ ਹੈ। ਮ੍ਰਿਤਕ ਦੇ ਚਚੇਰੇ ਭਰਾ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਭਾਵੇਂ ਵੈਂਟੀਲੇਟਰ ਨਾਲ ਜਾਨ ਬਚਣ ਦੀ ਪੂਰੀ ਗਾਰੰਟੀ ਨਹੀਂ ਸੀ ਪਰ ਸਮੇਂ ਸਿਰ ਸਹੀ ਇਲਾਜ ਨਾ ਮਿਲਣਾ ਬੇਹੱਦ ਮੰਦਭਾਗਾ ਹੈ। ਉਨ੍ਹਾਂ ਸਰਕਾਰ ਦੇ ਸਿਹਤ ਸਹੂਲਤਾਂ ਸਬੰਧੀ ਦਾਅਵਿਆਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਦੂਜੇ ਜ਼ਿਲਿਆਂ ਤੋਂ ਆਉਣ ਵਾਲੇ ਮਰੀਜ਼ਾਂ ਕਾਰਨ ਸਹੂਲਤਾਂ 'ਤੇ ਬੋਝ ਵਧ ਰਿਹਾ ਹੈ। ਦੂਜੇ ਪਾਸੇ, ਮੈਡੀਕਲ ਸੁਪਰਿਟੈਂਡੈਂਟ ਡਾ. ਨੀਤੂ ਕੁੱਕੜ ਨੇ ਸਪੱਸ਼ਟ ਕੀਤਾ ਕਿ ਹਸਪਤਾਲ ਦੇ ਸਾਰੇ 100 ਵੈਂਟੀਲੇਟਰ ਉਸ ਵੇਲੇ ਵਰਤੋਂ 'ਚ ਸਨ, ਜਿਸ ਬਾਰੇ ਪਰਿਵਾਰ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਲਿਵਰ ਡੈਮੇਜ ਦੀ ਬੀਮਾਰੀ ਕਾਰਨ ਮਰੀਜ਼ ਦੀ ਹਾਲਤ ਲਗਾਤਾਰ ਵਿਗੜਦੀ ਰਹੀ ਅਤੇ ਪਰਿਵਾਰ ਦੀ ਸਹਿਮਤੀ ਨਾਲ ਮੈਨੂਅਲ ਵੈਂਟੀਲੇਟਰ ਰਾਹੀਂ ਇਲਾਜ ਦੀ ਕੋਸ਼ਿਸ਼ ਕੀਤੀ ਗਈ ਸੀ।

# ਹੁਸ਼ਿਆਰਪੁਰ ਜ਼ਿਲ੍ਹੇ 'ਚ ਲੱਗੀ ਇਹ ਵੱਡੀ ਪਾਬੰਦੀ !

**ਏਜੰਸੀਆਂ**

ਹੁਸ਼ਿਆਰਪੁਰ 31 ਮਾਰਚ। ਹੁਸ਼ਿਆਰਪੁਰ ਜ਼ਿਲ੍ਹਾ ਮੈਜਿਸਟ?ਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ



ਕੀਤੇ ਹਨ ਕਿ ਜ਼ਿਲ੍ਹਾ ਹੁਸ਼ਿਆਰਪੁਰ 'ਚ ਪੈਂਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਸਿਰਫ਼ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਹੋਵੇਗੀ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਰਹੇਗੀ। ਜ਼ਿਲ੍ਹਾ ਮੈਜਿਸਟ?ਰੇਟ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ 'ਚ ਆਇਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ 'ਚ ਪੈਂਦੇ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ 'ਤੇ ਕਾਫ਼ੀ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਆਮ ਪਬਲਿਕ ਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਹੁੰਦਾ ਹੈ, ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣੀ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉੱਪ ਪੁਲਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ?ਰੈਫਿਕ ਪੁਲਸ ਵੱਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈੱਕ ਕੀਤੀ ਗਈ ਹੈ। ਰੀਜ਼ਨਲ ਟਰਾਂਸਪੋਰਟ ਅਥਾਰਿਟੀ, ਹੁਸ਼ਿਆਰਪੁਰ ਇਨ੍ਹਾਂ ਹੁਕਮਾਂ ਸਨਮੁੱਖ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ। ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈੱਕ ਪੋਸਟਾਂ 'ਤ 24-7 ਨਿਗਰਾਨੀ ਯਕੀਨੀ ਬਣਾਉਣਗੇ ਅਤੇ ਇਸ ਦੇ ਨਾਲ ਹੀ ਚੈੱਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰ ਕੇ ਓਵਰਲੋਡਿੰਡ ਟਿੱਪਰਾਂ ਦੀ ਚੈਕਿੰਗ ਅਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਹ ਹੁਕਮ 20 ਮਈ 2026 ਤੱਕ ਲਾਗੂ ਰਹਿਣਗੇ।

# ਕੇਰਲ ਮਾਕਪਾ 'ਚ ਉਥਲ-ਪੁਥਲ, ਸੀਨੀਅਰ ਆਗੂਆਂ ਦੇ ਕਾਂਗਰਸ 'ਚ ਆਉਣ ਦਾ ਨਵਾਂ ਰੁਝਾਨ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 31 ਮਾਰਚ। ਕੇਰਲ 'ਚ ਇਕ ਅਜੀਬ ਗੱਲ ਵੇਖਣ ਨੂੰ ਮਿਲ ਰਹੀ ਰਹੀ ਹੈ, ਜਿੱਥੇ ਸੀ. ਪੀ. ਆਈ. (ਐੱਮ) ਭਾਵ ਮਾਰਕਸੀ ਪਾਰਟੀ ਦੇ ਕਈ ਸੀਨੀਅਰ ਆਗੂ ਪਾਰਟੀ ਛੱਡ ਕੇ ਕਾਂਗਰਸ 'ਚ ਸ਼ਾਮਲ ਹੋ ਰਹੇ ਹਨ। ਉਹ ਕਾਂਗਰਸ ਉਮੀਦਵਾਰਾਂ ਵਜੋਂ ਜਾਂ ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ (ਯੂ. ਡੀ. ਐਫ.) ਵੱਲੋਂ ਹਮਾਇਤ ਪ੍ਰਾਪਤ ਆਜ਼ਾਦ ਉਮੀਦਵਾਰਾਂ ਵਜੋਂ ਚੋਣਾਂ ਲੜ ਰਹੇ ਹਨ। ਇਹ ਵਿਰੋਧੀ ਧਿਰ ਦੇ ਨੇਤਾ ਵੀ. ਡੀ. ਸਤੀਸਨ ਦੇ ਵਾਅਦੇ ਅਨੁਸਾਰ ਹੋ ਰਿਹਾ ਹੈ ਜਿਨ੍ਹਾਂ ਕਿਹਾ ਸੀ ਕਿ ਭਵਿੱਖ ਝਟਕੇ ਤੇ ਅਣਕਿਆਸੀਆਂ ਘਟਨਾਵਾਂ ਲਿਆਵੇਗਾ। ਮਾਰਕਸੀ ਪਾਰਟੀ ਨੂੰ ਉਦੋਂ ਹੈਰਾਨੀ ਹੋਈ ਜਦੋਂ ਸੀਨੀਅਰ ਮਹਿਲਾ ਨੇਤਾ ਤੇ 3 ਵਾਰ ਦੀ ਸਾਬਕਾ ਵਿਧਾਇਕ ਆਇਸ਼ਾ ਪੋਟੀ ਕਾਂਗਰਸ 'ਚ ਸ਼ਾਮਲ ਹੋ ਗਈ । ਉਨ੍ਹਾਂ ਨੂੰ ਕੋਟਾਰੱਕਰਾ ਸੀਟ ਤੋਂ ਚੋਣ ਲੜਨ ਲਈ ਟਿਕਟ ਦਿੱਤੀ ਗਈ ਹੈ। ਸਤੀਸਨ ਨੇ ਦਾਅਵਾ ਕੀਤਾ ਕਿ ਇਹ ਉਨ੍ਹਾਂ ਦੀ ਪਾਰਟੀ ਲਈ ਪਹਿਲਾ ਝਟਕਾ ਸੀ। ਇਸ ਤੋਂ ਬਾਅਦ ਮਾਰਕਸੀ ਪਾਰਟੀ ਦੇ ਤਿੰਨ ਸੀਨੀਅਰ ਆਗੂ ਵੀ. ਕੁਨੀਕ੍ਰਿਸ਼ਨਨ, ਜੀ. ਸੁਧਾਕਰਨ ਤੇ ਟੀ. ਕੇ. ਗੋਵਿੰਦਨ ਯੂ. ਡੀ. ਐੱਫ. ਵੱਲੋਂ ਹਮਾਇਤ ਪ੍ਰਾਪਤ ਆਜ਼ਾਦ ਉਮੀਦਵਾਰ ਵਜੋਂ ਆਪਣੀ ਪੁਰਾਣੀ ਪਾਰਟੀ ਵਿਰੁੱਧ ਚੋਣ ਲੜਨ ਲਈ ਸਹਿਮਤ ਹੋ ਗਏ। ਮਾਰਕਸੀ ਪਾਰਟੀ ਦੇ




ਇਕ ਹੋਰ ਸਾਬਕਾ ਵਿਧਾਇਕ ਪੀ. ਕੇ. ਸ਼ਸ਼ੀ ਕਾਂਗਰਸ 'ਚ ਸ਼ਾਮਲ ਹੋ ਗਏ । ਉਹ 9 ਅਪ੍ਰੈਲ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲੜਨਗੇ। ਕਾਂਗਰਸ ਲੀਡਰਸ਼ਿਪ ਨੇ ਫੈਸਲਾ ਕੀਤਾ ਹੈ ਕਿ ਹੁਣ ਕੋਈ ਹੈਰਾਨੀ ਨਹੀਂ ਹੋਵੇਗੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਾਰਨ: ਇਹ ਹੈ ਕਿ ਜੇ ਬਾਹਰੀ ਲੋਕਾਂ ਨੂੰ ਵਧੇਰੇ ਟਿਕਟਾਂ ਦਿੱਤੀਆਂ ਜਾਂਦੀਆਂ ਹਨ ਤਾਂ ਕਾਂਗਰਸੀ ਆਗੂਆਂ ਕੋਲ ਚੋਣ ਲੜਨ ਲਈ ਕਾਫ਼ੀ ਸੀਟਾਂ ਨਹੀਂ ਰਹਿਣਗੀਆਂ। ਇਹ ਰੁਝਾਨ 2021 'ਚ ਨਹੀਂ ਦੇਖਿਆ ਗਿਆ ਸੀ। ਉਦੋਂ ਮਾਰਕਸੀ ਪਾਰਟੀ ਨੇ ਲਗਾਤਾਰ ਦੂਜੀ ਵਾਰ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ, ਜੋ ਇਕ ਰਿਕਾਰਡ ਹੈ। ਸੀਨੀਅਰ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਕੇਰਲ 'ਚ ਪਹਿਲਾਂ ਕਦੇ ਵੀ ਮਾਰਕਸੀ ਪਾਰਟੀ ਦੇ ਇੰਨੇ ਸਾਰੇ ਆਗੂਆਂ ਨੇ ਆਪਣੀ ਪਾਰਟੀ ਨੂੰ ਖੁੱਲ੍ਹ ਕੇ ਚੁਣੌਤੀ ਨਹੀਂ ਦਿੱਤੀ ਸੀ ਤੇ ਕਾਂਗਰਸ 'ਚ ਸ਼ਾਮਲ ਨਹੀਂ ਹੋਏ ਸਨ। ਇਹੀ ਕਾਰਨ ਹੈ ਕਿ ਸ਼ਸ਼ੀ ਥਰੂਰ ਤੇ ਕਈ ਹੋਰ ਨਾਰਾਜ਼ ਕਾਂਗਰਸੀ ਆਗੂਆਂ ਨੇ ਚੁੱਪ ਰਹਿਣਾ ਠੀਕ ਸਮਝਿਆ ਕਿਉਂਕਿ ਲਹਿਰ ਕਾਂਗਰਸ ਦੇ ਹੱਕ 'ਚ ਹੈ। ਮਾਰਕਸੀ ਪਾਰਟੀ ਦੇ ਸੂਬਾਈ ਸਕੱਤਰ ਐੱਮ. ਵੀ. ਗੋਵਿੰਦਨ ਨੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਇਸ ਨਾਲ ਪਾਰਟੀ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਕਿਉਂਕਿ ਪਾਰਟੀ ਛੱਡਣ ਵਾਲੇ ਨਹੀਂ ਜਿੱਤਣਗੇ।